# ਨਗਰ ਨਿਗਮ, ਬਠਿੰਡਾ।

## ਕਾਰਵਾਈ ਜਨਰਲ ਹਾਊਸ ਦੀ ਮੀਟਿੰਗ ਮਿਤੀ 05.07.2023 ਨੂੰ ਦੁਪਹਿਰ 12.00 ਵਜੇ

ਅੱਜ ਮਿਤੀ 05.07.2023 ਨੂੰ ਦੁਪਹਿਰ 12.00 ਵਜੇ ਸ਼੍ਰੀਮਤੀ ਰਮਨ ਗੋਇਲ, ਮੇਅਰ, ਨਗਰ ਨਿਗਮ ਬਠਿੰਡਾ ਜੀ ਦੀ ਪ੍ਰਧਾਨਗੀ ਹੇਠ ਜਨਰਲ ਹਾਊਸ ਦੀ ਮੀਟਿੰਗ ਨਗਰ ਨਿਗਮ ਦੇ ਮੀਟਿੰਗ ਹਾਲ ਵਿੱਚ ਹੋਈ। ਮੀਟਿੰਗ ਵਿੱਚ ਹੇਠ ਲਿਖੇ ਕੌਂਸਲਰ ਸਾਹਿਬਾਨ ਨੇ ਹਿੱਸਾ ਲਿਆ।

| ਲੜੀ ਨੰ: | ਕੌਂਸਲਰ ਦਾ ਨਾਮ ਸਰਵ ਸ਼੍ਰੀ/ਸ਼੍ਰੀਮਤੀ | ਵਾਰਡ ਨੰਬਰ | ਅਹੁੱਦਾ |
|---|---|---|---|
| 1 | ਅਮਨਦੀਪ ਕੋਰ | 1 | ਕੌਂਸਲਰ |
| 2 | ਬਲਜੀਤ ਕੋਰ | 3 | ਕੌਂਸਲਰ |
| 3 | ਸੁਖਦੇਵ ਸਿੰਘ | 4 | ਕੌਂਸਲਰ |
| 4 | ਸੋਨੀਆ | 5 | ਕੌਂਸਲਰ |
| 5 | ਬੇਅੰਤ ਸਿੰਘ ਰੰਧਾਵਾ | 6 | ਕੌਂਸਲਰ |
| 6 | ਹਰਪਾਲ ਸਿੰਘ ਢਿੱਲੋਂ | 8 | ਕੌਂਸਲਰ |
| 7 | ਵੀਰਪਾਲ ਕੋਰ | 9 | ਕੌਂਸਲਰ |
| 8 | ਬਲਜੀਤ ਸਿੰਘ ਸਰਾਂ | 10 | ਕੌਂਸਲਰ |
| 9 | ਅਸ਼ੇਸ਼ਰ ਪਾਸਵਾਨ | 12 | ਕੌਂਸਲਰ |
| 10 | ਗੁਰਦੇਵ ਕੋਰ ਸਿੰਦਾ | 13 | ਕੌਂਸਲਰ |
| 11 | ਵਿਵੇਕ ਗਰਗ | 14 | ਕੌਂਸਲਰ |
| 12 | ਬਲਰਾਜ ਸਿੰਘ | 16 | ਕੌਂਸਲਰ |
| 13 | ਵਿਕਰਮ ਕ੍ਰਾਂਤੀ | 18 | ਕੌਂਸਲਰ |
| 14 | ਮੱਖਣ ਸਿੰਘ | 20 | ਕੌਂਸਲਰ |
| 15 | ਸੁਰੇਸ਼ ਚੋਹਾਨ | 22 | ਕੌਂਸਲਰ |
| 16 | ਕਿਰਨ ਰਾਣੀ | 23 | ਕੌਂਸਲਰ |
| 17 | ਸ਼ਾਮ ਲਾਲ ਗਰਗ | 24 | ਕੌਂਸਲਰ |
| 18 | ਕਮਲਜੀਤ ਕੋਰ | 25 | ਕੌਂਸਲਰ |
| 19 | ਸੰਦੀਪ ਕੁਮਾਰ | 26 | ਕੌਂਸਲਰ |
| 20 | ਊਸ਼ਾ ਗੋਇਲ | 27 | ਕੌਂਸਲਰ |
| 21 | ਹਰਮੰਦਰ ਸਿੰਘ | 28 | ਡਿਪਟੀ ਮੇਅਰ |
| 22 | ਰੀਨਾ ਗੁਪਤਾ | 29 | ਕੌਂਸਲਰ |
| 23 | ਬਲਜਿੰਦਰ ਸਿੰਘ | 30 | ਕੌਂਸਲਰ |
| 24 | ਪ੍ਰਵੀਨ ਗਰਗ | 31 | ਕੌਂਸਲਰ |
| 25 | ਨੇਹਾ | 33 | ਕੌਂਸਲਰ |
| 26 | ਜਸਵੀਰ ਸਿੰਘ | 34 | ਕੌਂਸਲਰ |
| 27 | ਹਰਵਿੰਦਰ ਸਿੰਘ | 36 | ਕੌਂਸਲਰ |
| 28 | ਅਸ਼ੋਕ ਕੁਮਾਰ | 37 | ਸੀਨੀਅਰ ਡਿਪਟੀ ਮੇਅਰ |
| 29 | ਮਮਤਾ ਸੈਣੀ | 38 | ਕੌਂਸਲਰ |
| 30 | ਆਤਮਾ ਸਿੰਘ | 40 | ਕੌਂਸਲਰ |
| 31 | ਕੁਲਵਿੰਦਰ ਕੋਰ | 41 | ਕੌਂਸਲਰ |
| 32 | ਸੁਖਰਾਜ ਸਿੰਘ ਔਲਖ | 42 | ਕੌਂਸਲਰ |
| 33 | ਅਨੀਤਾ ਗੋਇਲ | 43 | ਕੌਂਸਲਰ |
| 34 | ਇੰਦਰਜੀਤ ਸਿੰਘ | 44 | ਕੌਂਸਲਰ |
| 35 | ਰਤਨ ਰਾਹੀ | 46 | ਕੌਂਸਲਰ |
| 36 | ਮਮਤਾ | 47 | ਕੌਂਸਲਰ |
| 37 | ਕਮਲੇਸ਼ ਮਹਿਰਾ | 49 | ਕੌਂਸਲਰ |
| 38 | ਮਲਕੀਤ ਸਿੰਘ ਗਿੱਲ | 50 | ਕੌਂਸਲਰ |

ਮੀਟਿੰਗ ਵਿੱਚ ਸੱਭ ਤੋਂ ਪਹਿਲਾਂ ਹਾਊਸ ਵਿੱਚ ਮੌਜੂਦ ਸੀਨੀਅਰ ਡਿਪਟੀ ਮੇਅਰ, ਡਪਟੀ ਮੇਅਰ ਅਤੇ ਕੁੱਝ ਕੌਂਸਲਰ ਸਾਹਿਬਾਨ ਵੱਲੋਂ ਮਾਨਯੋਗ ਮੇਅਰ, ਨਗਰ ਨਿਗਮ ਬਠਿੰਡਾ ਜੀ ਦੇ ਸਹੁਰਾ ਸਾਹਿਬ ਸ਼੍ਰੀ ਸੋਹਨ ਲਾਲ, ਸ਼੍ਰੀਮਤੀ ਸ਼ੈਰੀ ਗੋਇਲ, ਕੌਂਸਲਰ ਦੇ ਪਿਤਾ ਸ਼੍ਰੀ ਅਸ਼ੋਕ ਗੋਇਲ, ਸ੍ਰ: ਹਰਪਾਲ ਸਿੰਘ, ਕੌਂਸਲਰ ਦੇ ਚਾਚਾ ਸ੍ਰ: ਬਲਬੀਰ ਸਿੰਘ ਢਿਲੋਂ ਅਤੇ ਸ਼੍ਰੀਮਤੀ ਮਨਜੀਤ ਕੋਰ ਬੁੱਟਰ, ਕੌਂਸਲਰ ਦੀ ਸੱਸ ਸਰਦਾਰਨੀ ਰਣਜੀਤ ਕੋਰ ਧਰਮ ਪਤਨੀ ਸ: ਜਗਰਾਜ ਸਿੰਘ ਬੁੱਟਰ ਦੇ ਅਕਾਲ ਚਲਾਣਾ ਕਰ ਜਾਣ ਦੇ ਨਮਿਤ ਸ਼ੋਕ ਮਤਾ ਪਾਉਣ ਦੀ ਮੰਗ ਕੀਤੀ ਅਤੇ ਉਕਤ ਅਨੁਸਾਰ ਵਿਛੜੀਆਂ ਰੂਹਾਂ ਨੂੰ ਸ਼ਰਧਾਂਜਲੀ ਭੇਂਟ ਕਰਨ ਲਈ ਦੋ ਮਿਨਟ ਦਾ ਮੌਨ ਧਾਰਨ ਕਰਨ ਦੀ ਬੇਨਤੀ ਕੀਤੀ।

ਮਤਾ ਨੰਬਰ 197: ਹਾਊਸ ਵੱਲੋਂ ਵਿਛੜੀਆਂ ਰੂਹਾਂ ਦੀ ਆਤਮਿਕ ਸ਼ਾਂਤੀ ਲਈ ਦੋ ਮਿਨਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਭੇਂਟ ਕੀਤੀ ਗਈ।

ਇਸ ਉਪਰੰਤ ਮੀਟਿੰਗ 15 ਮਿਨਟ ਦੇ ਸਮੇਂ ਲਈ ਮੁਲਤਵੀ ਕੀਤੀ ਗਈ।

ਮੇਅਰ
ਨਗਰ ਨਿਗਮ, ਬਠਿੰਡਾ।

# ਨਗਰ ਨਿਗਮ, ਬਠਿੰਡਾ।

## ਕਾਰਵਾਈ ਜਨਰਲ ਹਾਊਸ ਦੀ ਮੀਟਿੰਗ ਮਿਤੀ 05.07.2023 ਨੂੰ ਦੁਪਹਿਰ 12.15 ਵਜੇ

ਅੱਜ ਮਿਤੀ 05.07.2023 ਨੂੰ ਦੁਪਹਿਰ 12.15 ਵਜੇ ਸ਼੍ਰੀਮਤੀ ਰਮਨ ਗੋਇਲ, ਮੇਅਰ, ਨਗਰ ਨਿਗਮ ਬਠਿੰਡਾ ਜੀ ਦੀ ਪ੍ਰਧਾਨਗੀ ਹੇਠ ਜਨਰਲ ਹਾਊਸ ਦੀ ਮੁਲਤਵੀ ਕੀਤੀ ਮੀਟਿੰਗ ਨਗਰ ਨਿਗਮ ਦੇ ਮੀਟਿੰਗ ਹਾਲ ਵਿੱਚ ਹੋਈ। ਮੀਟਿੰਗ ਵਿੱਚ ਹੇਠ ਲਿਖੇ ਕੌਂਸਲਰ ਸਾਹਿਬਾਨ ਨੇ ਹਿੱਸਾ ਲਿਆ।

| ਲੜੀ ਨੰ: | ਕੌਂਸਲਰ ਦਾ ਨਾਮ ਸਰਵ ਸ਼੍ਰੀ/ਸ਼੍ਰੀਮਤੀ | ਵਾਰਡ ਨੰਬਰ | ਅਹੁੱਦਾ |
|---|---|---|---|
| 1 | ਅਮਨਦੀਪ ਕੋਰ | 1 | ਕੌਂਸਲਰ |
| 2 | ਬਲਜੀਤ ਕੋਰ | 3 | ਕੌਂਸਲਰ |
| 3 | ਸੁਖਦੇਵ ਸਿੰਘ | 4 | ਕੌਂਸਲਰ |
| 4 | ਸੋਨੀਆ | 5 | ਕੌਂਸਲਰ |
| 5 | ਬੇਅੰਤ ਸਿੰਘ ਰੰਧਾਵਾ | 6 | ਕੌਂਸਲਰ |
| 6 | ਹਰਪਾਲ ਸਿੰਘ ਢਿੱਲੋਂ | 8 | ਕੌਂਸਲਰ |
| 7 | ਵੀਰਪਾਲ ਕੋਰ | 9 | ਕੌਂਸਲਰ |
| 8 | ਬਲਜੀਤ ਸਿੰਘ ਸਰਾਂ | 10 | ਕੌਂਸਲਰ |
| 9 | ਅਸ਼ੇਸ਼ਰ ਪਾਸਵਾਨ | 12 | ਕੌਂਸਲਰ |
| 10 | ਗੁਰਦੇਵ ਕੋਰ ਸ਼ਿੰਦਾ | 13 | ਕੌਂਸਲਰ |
| 11 | ਵਿਵੇਕ ਗਰਗ | 14 | ਕੌਂਸਲਰ |
| 12 | ਬਲਰਾਜ ਸਿੰਘ | 16 | ਕੌਂਸਲਰ |
| 13 | ਵਿਕਰਮ ਕ੍ਰਾਂਤੀ | 18 | ਕੌਂਸਲਰ |
| 14 | ਮੱਖਣ ਸਿੰਘ | 20 | ਕੌਂਸਲਰ |
| 15 | ਸੁਰੇਸ਼ ਚੋਹਾਨ | 22 | ਕੌਂਸਲਰ |
| 16 | ਕਿਰਨ ਰਾਣੀ | 23 | ਕੌਂਸਲਰ |
| 17 | ਸ਼ਾਮ ਲਾਲ ਗਰਗ | 24 | ਕੌਂਸਲਰ |
| 18 | ਕਮਲਜੀਤ ਕੋਰ | 25 | ਕੌਂਸਲਰ |
| 19 | ਸੰਦੀਪ ਕੁਮਾਰ | 26 | ਕੌਂਸਲਰ |
| 20 | ਉਸ਼ਾ ਗੋਇਲ | 27 | ਕੌਂਸਲਰ |
| 21 | ਹਰਮੰਦਰ ਸਿੰਘ | 28 | ਡਿਪਟੀ ਮੇਅਰ |
| 22 | ਰੀਨਾ ਗੁਪਤਾ | 29 | ਕੌਂਸਲਰ |
| 23 | ਬਲਜਿੰਦਰ ਸਿੰਘ | 30 | ਕੌਂਸਲਰ |
| 24 | ਪ੍ਰਵੀਨ ਗਰਗ | 31 | ਕੌਂਸਲਰ |
| 25 | ਨੇਹਾ | 33 | ਕੌਂਸਲਰ |
| 26 | ਜਸਵੀਰ ਸਿੰਘ | 34 | ਕੌਂਸਲਰ |
| 27 | ਹਰਵਿੰਦਰ ਸਿੰਘ | 36 | ਕੌਂਸਲਰ |
| 28 | ਅਸ਼ੋਕ ਕੁਮਾਰ | 37 | ਸੀਨੀਅਰ ਡਿਪਟੀ ਮੇਅਰ |
| 29 | ਮਮਤਾ ਸੈਣੀ | 38 | ਕੌਂਸਲਰ |
| 30 | ਆਤਮਾ ਸਿੰਘ | 40 | ਕੌਂਸਲਰ |
| 31 | ਕੁਲਵਿੰਦਰ ਕੋਰ | 41 | ਕੌਂਸਲਰ |
| 32 | ਸੁਖਰਾਜ ਸਿੰਘ ਔਲਖ | 42 | ਕੌਂਸਲਰ |
| 33 | ਅਨੀਤਾ ਗੋਇਲ | 43 | ਕੌਂਸਲਰ |
| 34 | ਇੰਦਰਜੀਤ ਸਿੰਘ | 44 | ਕੌਂਸਲਰ |
| 35 | ਰਤਨ ਰਾਹੀ | 46 | ਕੌਂਸਲਰ |
| 36 | ਮਮਤਾ | 47 | ਕੌਂਸਲਰ |
| 37 | ਕਮਲੇਸ਼ ਮਹਿਰਾ | 49 | ਕੌਂਸਲਰ |
| 38 | ਮਲਕੀਤ ਸਿੰਘ ਗਿੱਲ | 50 | ਕੌਂਸਲਰ |

ਮੀਟਿੰਗ ਦੇ ਸ਼ੁਰੂ ਵਿੱਚ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਦਸਿਆ ਕਿ ਸ਼ਹਿਰ ਦੀ ਹੱਦ ਅਤੇ ਆਬਾਦੀ ਵੱਧਣ ਅਤੇ ਆਉਣ ਵਾਲੇ ਸਮੇਂ ਵਿੱਚ ਕੌਂਸਲਰ ਸਾਹਿਬਾਨ, ਸਟਾਫ ਅਤੇ ਹੋਰ ਸੰਵਿਧਾਨਕ ਆਸਾਮੀਆਂ ਵਿੱਚ ਹੋਣ ਵਾਲੇ ਵਾਧੇ ਨੂੰ ਦੇਖਦੇ ਹੋਏ ਹਾਊਸ ਵੱਲੋਂ ਮੀਟਿੰਗ ਮਿਤੀ 20.03.2023 ਦੋਰਾਨ ਨਗਰ ਨਿਗਮ ਦੀ ਪੁਰਾਣੀ ਬਿਲਡਿੰਗ ਦੀ ਥਾਂ ਤੇ ਸਿਵਲ ਲਾਈਨ ਵਿਖੇ ਨਵੀਂ ਗਰੀਨ ਬਿਲਡਿੰਗ ਬਨਾਉਣਾ ਪਾਸ ਕੀਤਾ ਗਿਆ ਸੀ। ਇਹ ਬਿਲਡਿੰਗ ਪੰਜਾਬ ਵਿੱਚ ਪਹਿਲੀ ਗਰੀਨ ਬਿਲਡਿੰਗ ਹੋਵੇਗੀ। ਇਸ ਖਾਤਰ ਵੱਖ-ਵੱਖ ਆਰਕੀਟੈਕਟਾਂ ਪਾਸੋਂ ਨਗਰ ਨਿਗਮ ਦੀ ਨਵੀਂ ਗਰੀਨ ਬਿਲਡਿੰਗ ਬਨਾਉਣ ਸਬੰਧੀ ਤਜਵੀਜ ਦਿੱਤੀ ਗਈ ਹੈ। ਦਫਤਰ ਵੱਲੋਂ ਸਿਲੈਕਟ ਕੀਤੇ ਡਿਜ਼ਾਇਨ ਨੂੰ ਹਾਊਸ ਵਿੱਚ

ਪ੍ਰੋਜੈਕਟਰ ਰਾਹੀਂ ਦਿਖਾਇਆ ਗਿਆ। ਸਮੂਹ ਕੌਂਸਲਰ ਸਾਹਿਬਾਨ ਨੇ ਡਿਜ਼ਾਇਨ ਦੀ ਤਾਰੀਫ ਕੀਤੀ। ਕੁੱਝ ਕੌਂਸਲਰ ਸਾਹਿਬਾਨ ਨੇ ਇਹ ਵੀ ਕਿਹਾ ਕਿ ਜੇਕਰ ਸੰਭਵ ਹੋ ਸਕੇ ਤਾਂ ਇਸ ਬਿਲਡਿੰਗ ਵਿੱਚ ਗੱਡੀਆਂ ਲਈ ਪਾਰਕਿੰਗ ਵਿੱਚ ਵਾਧਾ ਕਰ ਲਿਆ ਜਾਵੇ। ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਕਿਹਾ ਕਿ ਜਿੰਨ੍ਹਾ ਵੀ ਸੰਭਵ ਹੋ ਸਕਿਆ, ਪਾਰਕਿੰਗ ਵਿੱਚ ਵਾਧਾ ਕਰ ਲਿਆ ਜਾਵੇਗਾ।

ਸ਼੍ਰੀਮਤੀ ਅਮਨਦੀਪ ਕੋਰ, ਕੌਂਸਲਰ ਵਾਰਡ ਨੰਬਰ 1 ਨੇ ਦਸਿਆ ਕਿ ਉਹਨਾਂ ਦੇ ਵਾਰਡ ਵਿੱਚ ਪਾਣੀ ਅਤੇ ਸੀਵਰ ਦੀਆਂ ਪਾਈਪਾਂ ਪਾਈਆਂ ਗਈਆਂ ਹਨ। ਪਾਈਪਾਂ ਪਾਉਣ ਉਪਰੰਤ ਸੜ੍ਹਕਾਂ ਦਾ ਬੁਰਾ ਹਾਲ ਹੈ। ਉਹਨਾਂ ਜਲਦ ਤੋਂ ਜਲਦ ਸੜ੍ਹਕਾਂ ਬਨਾਉਣ ਦੀ ਮੰਗ ਕੀਤੀ। ਇਸਤੇ ਉਹਨਾਂ ਨੂੰ ਦਸਿਆ ਗਿਆ ਕਿ ਉਹਨਾਂ ਦੇ ਵਾਰਡ ਵਿਖੇ ਵਿਕਾਸ ਦੇ ਕੰਮਾਂ ਸਬੰਧੀ ਪਹਿਲਾਂ ਹੀ ਵਰਕ ਆਰਡਰ ਦਿੱਤੇ ਜਾ ਚੁੱਕੇ ਹਨ। ਜਲਦ ਹੀ ਠੇਕੇਦਾਰ ਵੱਲੋਂ ਕੰਮ ਸ਼ੁਰੂ ਕਰ ਦਿੱਤੇ ਜਾਣਗੇ।

ਸ਼੍ਰੀਮਤੀ ਪ੍ਰਵੀਨ ਗਰਗ, ਕੌਂਸਲਰ ਵਾਰਡ ਨੰਬਰ 31 ਨੇ ਦਸਿਆ ਕਿ 80 ਫੁੱਟੀ ਰੋਡ ਅਤੇ ਭੱਟੀ ਰੋਡ ਤੇ ਜੋ ਸੜ੍ਹਕ ਬਣਾਈ ਜਾਣੀ ਹੈ, ਉਸ ਸਬੰਧੀ ਬਣਦੀ ਅਦਾਇਗੀ ਜਲਦ ਤੋਂ ਜਲਦ ਕੀਤੀ ਜਾਵੇ ਕਿਉਂ ਜੋ ਇਹ ਸੜ੍ਹਕ ਵਾਰਡ ਨੰਬਰ 30,31 ਅਤੇ 33 ਨਾਲ ਲਗਦੀ ਹੈ। ਇਸਤੇ ਦਸਿਆ ਗਿਆ ਕਿ ਇਸ ਸਬੰਧੀ ਏਜੰਡਾ ਆਇਟਮ ਅੱਜ ਦੀ ਮੀਟਿੰਗ ਵਿੱਚ ਪੇਸ਼ ਕੀਤੀ ਗਈ ਹੈ। ਵਿਚਾਰ ਕਰਨ ਅਤੇ ਫੈਸਲਾ ਕਰਨ ਉਪਰੰਤ ਬਣਦੀ ਕਾਰਵਾਈ ਕਰ ਦਿੱਤੀ ਜਾਵੇਗੀ।

ਸ਼੍ਰੀਮਤੀ ਰੀਨਾ ਗੁਪਤਾ, ਕੌਂਸਲਰ ਵਾਰਡ ਨੰਬਰ 29 ਨੇ ਦਸਿਆ ਕਿ ਮਾਲ ਰੋਡ ਤੇ ਮਲਟੀ ਸਟੋਰੀ ਪਾਰਕਿੰਗ ਦੇ ਸਾਹਮਣੇ ਸਰਕਾਰੀ ਸਕੂਲ ਦੇ ਨਾਲ-ਨਾਲ ਬਰਸਾਤੀ ਪਾਣੀ ਖੜੇ ਹੋਣ ਨਾਲ ਆਮ ਪਬਲਿਕ ਨੂੰ ਬਹੁਤ ਜਿਆਦਾ ਤਕਲੀਫਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਲਈ ਇਸ ਜਗ੍ਹਾ ਜਲਦ ਤੋਂ ਜਲਦ ਰੇਨ ਹਾਰਵੇਸਟਿੰਗ ਪੁਆਇੰਟ ਬਣਾਏ ਜਾਣ, ਤਾ ਜੋ ਬਰਸਾਤੀ ਪਾਣੀ ਦੀ ਨਿਕਾਸੀ ਜਲਦ ਤੋਂ ਜਲਦ ਹੋ ਸਕੇ। ਇਸਤੇ ਕਿਹਾ ਗਿਆ ਕਿ ਜਲਦ ਹੀ ਬਣਦੀ ਕਾਰਵਾਈ ਕਰ ਦਿੱਤੀ ਜਾਵੇਗੀ।ਸ਼੍ਰੀਮਤੀ ਰੀਨਾ ਗੁਪਤਾ, ਕੌਂਸਲਰ ਨੇ ਫਿਰ ਤੋਂ ਕਿਹਾ ਕਿ ਮਲਟੀ ਸਟੋਰੀ ਪਾਰਕਿੰਗ ਦੇ ਨਾਲ ਰਹਿੰਦੇ ਵਸਨੀਕਾਂ ਲਈ ਪਾਰਕਿੰਗ ਵਿਖੇ ਆਪਣੇ ਵਹੀਕਲ ਪਾਰਕ ਕਰਨ ਖਾਤਰ ਰੇਟ ਘੱਟ ਕੀਤੇ ਜਾਣ। ਇਸਤੋਂ ਇਲਾਵਾ ਆਲ ਇੰਡੀਆ ਵੂਮੈਨ ਕਾਨਫਰੰਸ ਨੂੰ ਲੀਜ਼ ਤੇ ਦਿੱਤੀ ਜਗ੍ਹਾ ਦਾ ਬਣਦਾ ਬਕਾਇਆ ਮੁਆਫ ਕੀਤਾ ਜਾਵੇ। ਇਸਤੇ ਉਹਨਾਂ ਨੂੰ ਦਸਿਆ ਗਿਆ ਕਿ ਇਸ ਮੱਦ ਸਬੰਧੀ ਅੱਜ ਦੀ ਮੀਟਿੰਗ ਵਿੱਚ ਏਜੰਡਾ ਪੇਸ਼ ਕੀਤਾ ਗਿਆ ਹੈ। ਹਾਊਸ ਵੱਲੋਂ ਵਿਚਾਰਨ ਅਤੇ ਕੋਈ ਵੀ ਫੈਸਲਾ ਲੈਣ ਉਪਰੰਤ ਬਣਦੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ। ਸ਼੍ਰੀਮਤੀ ਰੀਨਾ ਗੁਪਤਾ, ਕੌਂਸਲਰ ਨੇ ਨਵੀਂ ਬਸਤੀ ਵਿਖੇ ਡਾ: ਮੋਹਨ ਲਾਲ ਤੋਂ ਲੈ ਕੇ 6 ਨੰਬਰ ਗਲੀ ਤੱਕ ਜਲਦ ਤੋਂ ਜਲਦ ਸੜ੍ਹਕ ਚੌੜ੍ਹੀ ਕਰਨ ਦੀ ਮੰਗ ਕੀਤੀ। ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਦਸਿਆ ਕਿ ਸਕੂਲ ਮੈਨੇਜ਼ੈਂਟ ਨੂੰ ਤਕਰੀਬਨ 1.50 ਕਰੋੜ੍ਹ ਰੁਪਏ ਪਹਿਲਾਂ ਹੀ ਦੇ ਦਿੱਤੇ ਗਏ ਹਨ। ਸਕੂਲ ਵਿੱਚ ਵਿਦਿਆਰਥੀਆਂ ਦੀ ਗਿਣਤੀ ਜਿਆਦਾ ਹੈ। ਜਿੰਨ੍ਹੇ ਨਵੇਂ ਕਮਰੇ ਬਣੇ ਹਨ ਉਹਨਾਂ ਵਿੱਚ 25-30 ਕਮਰੇ ਘੱਟ ਹਨ, ਜੋ ਕਿ ਨਹੀਂ ਬਣਾਏ ਗਏ। ਜੇਕਰ ਸਿੱਖਿਆ ਵਿਭਾਗ ਵੱਲੋਂ ਆਪਣੇ ਵਿਦਿਆਰਥੀਆਂ ਦੀ ਪੜਾਈ ਲਈ ਪੁਰਾਣੇ ਕਮਰੇ ਰੱਖੇ ਜਾਂਦੇ ਹਨ ਤਾਂ ਨਗਰ ਨਿਗਮ ਇਹ ਕੰਮ ਕਰਨ ਵਿੱਚ ਅਸਮਰਥ ਹੈ। ਇਸਤੇ ਸ੍ਰੀ ਅਸ਼ੋਕ ਕੁਮਾਰ, ਸੀਨੀਅਰ ਡਿਪਟੀ ਮੇਅਰ ਨੇ ਕਿਹਾ ਕਿ ਗਲੀ ਨੰਬਰ 6 ਤੋਂ ਲੈ ਕੇ ਮਾਲ ਰੋਡ ਤੇ ਏਰੀਆ ਅਸੈਸ ਕਰਵਾ ਲਿਆ ਜਾਵੇ। ਜੇਕਰ ਹੋ ਸਕੇ ਤਾਂ ਕੰਮ ਕਰਵਾ ਲਿਆ ਜਾਵੇ।

ਸ਼੍ਰੀਮਤੀ ਕਿਰਨ ਰਾਣੀ, ਕੌਂਸਲਰ ਵਾਰਡ ਨੰਬਰ 23 ਅਤੇ ਸ਼੍ਰੀ ਸੁਰੇਸ਼ ਕੁਮਾਰ, ਕੌਂਸਲਰ ਵਾਰਡ ਨੰਬਰ 22 ਨੇ ਕਿਹਾ ਕਿ ਆਵਾ ਬਸਤੀ ਵਿਖੇ ਪੀਣ ਵਾਲੇ ਪਾਣੀ ਦੀਆਂ ਪਾਈਪਾਂ ਤਾਂ ਪਾ ਦਿੱਤੀਆਂ ਗਈਆਂ ਹਨ, ਪਰੰਤੂ ਪੀਣ ਵਾਲਾ ਪਾਣੀ ਅਜੇ ਤੱਕ ਮੁੱਹਈਆ ਨਹੀ ਕਰਵਾਇਆ ਜਾ ਰਿਹਾ। ਇਸਤੇ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਦੇ ਨੁਮਾਇੰਦੇ ਨੇ ਦਸਿਆ ਕਿ ਇਸ ਏਰੀਏ ਨੂੰ ਪਾਣੀ ਦੀ ਸਪਲਾਈ ਪੁਰਾਣੇ ਟਿਊਬਵੈਲ ਰਾਹੀਂ ਕੀਤੀ ਜਾ ਰਹੀ ਹੈ। ਪਾਣੀ ਦਾ ਪ੍ਰੈਸ਼ਰ ਘੱਟ ਹੋਣ ਕਾਰਨ ਇਹ ਦਿੱਕਤ ਆ ਰਹੀ ਹੈ। ਇਸਤੇ ਡਿਪਟੀ ਮੇਅਰ, ਸਬੰਧਤ ਕੌਂਸਲਰ ਸਾਹਿਬਾਨ ਅਤੇ ਸਬੰਧਤ ਅਧਿਕਾਰੀਆਂ/ ਕਰਮਚਾਰੀਆਂ ਨੂੰ ਨਾਲ ਲੈ ਕੇ ਮੋਕਾ ਵੇਖਣ ਅਤੇ ਬਣਦੀ ਕਾਰਵਾਈ ਕਰਨ ਲਈ ਕਿਹਾ ਗਿਆ। ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਕਿਹਾ ਕਿ ਜੱਦ ਤੱਕ ਸਮੱਸਿਆ ਦਾ ਹੱਲ ਨਹੀਂ ਹੋ ਜਾਂਦਾ, ਤੱਦ ਤੱਕ ਪੀਣ ਵਾਲੇ ਪਾਣੀ ਦੇ ਟੈਂਕਰਾਂ ਰਾਹੀਂ ਪਾਣੀ ਦੀ ਸਪਲਾਈ ਦਿੱਤੀ ਜਾਵੇ।

ਸ਼੍ਰੀਮਤੀ ਮਮਤਾ ਸੈਣੀ, ਕੌਂਸਲਰ ਵਾਰਡ ਨੰਬਰ 38 ਨੇ ਲਿਖਤੀ ਬੇਨਤੀ ਕੀਤੀ ਕਿ ਮਿੱਡੂ ਮੱਲ ਗਲੀ ਵਿੱਚ ਇੱਕ ਬਹੁਤ ਹੀ ਪੁਰਾਣਾ ਮੰਦਿਰ ਹੈ। ਪਰੰਤੂ ਹੁਣ ਇਸ ਮੰਦਿਰ ਦਾ ਗੁਬੰਦ ਤੋੜ੍ਹ ਕੇ ਸਾਜਨ ਸ਼ਰਮਾ ਨਾਮ ਦੇ ਵਿਅਕਤੀ ਵੱਲੋਂ ਇਸ ਮੰਦਰ ਦੇ ਉਪਰ ਚਾਰ ਮੰਜਿਲਾਂ ਇਮਾਰਤ ਦਾ ਨਿਰਮਾਣ ਕੀਤਾ ਗਿਆ ਹੈ, ਜਿਸ ਵਿੱਚ ਟਾਇਲਟ ਅਤੇ ਬਾਥਰੂਮ ਵੀ ਸ਼ਾਮਲ ਹਨ। ਇਹ ਹਿੰਦੂ ਮਰਿਆਦਾ ਦੇ ਖਿਲਾਫ ਹੈ। ਇਸ ਤੋਂ ਪਹਿਲਾਂ ਵੀ ਅਣਅਧਿਕਾਰਤ ਉਸਾਰੀ ਨੂੰ ਦੇਖਦੇ ਹੋਏ ਉਸ ਸਮੇਂ ਦੇ ਕਮਿਸ਼ਨਰ ਸਾਹਿਬ ਵਲੋਂ ਇਸ ਬਿਲਡਿੰਗ ਨੂੰ ਸੀਲ ਕਰ ਦਿੱਤਾ ਗਿਆ ਸੀ। ਪਰੰਤੂ ਉਹਨਾਂ ਦੀ ਬਦਲੀ ਹੋਣ ਉਪਰੰਤ ਇਸ ਸਾਜਨ ਸ਼ਰਮਾ ਅਤੇ ਦਫਤਰ ਵੱਲੋਂ ਰੱਲ ਮਿਲ ਕੇ ਇਸ ਸੀਲ ਨੂੰ ਅਣਅਧਿਕਾਰਤ ਤਰੀਕੇ ਨਾਲ ਤੋੜ੍ਹ ਦਿੱਤਾ ਗਿਆ ਅਤੇ ਇਸ ਵਿਅਕਤੀ ਵੱਲੋਂ ਬਿਲਡਿੰਗ ਦੀ ਰਹਿੰਦੀ ਉਸਾਰੀ ਸ਼ੁਰੂ ਕਰ ਦਿੱਤੀ ਗਈ। ਕਮਿਸ਼ਨਰ ਸਾਹਿਬ ਦੇ ਹੁਕਮਾਂ ਦੀ ਉਲਘੰਣਾ ਕਰਨ ਦੇ ਬਾਵਜੂਦ ਵੀ ਇੰਨ੍ਹਾਂ ਵਿਅਕਤੀਆਂ ਤੇ ਕੋਈ ਕਾਰਵਾਈ ਨਹੀਂ ਕੀਤੀ ਗਈ। ਇਹ ਬਿਲਡਿੰਗ ਦੁਬਾਰਾ ਸੀਲ ਕੀਤੀ ਗਈ। ਪਰੰਤੂ ਹੁਣ ਮੁੜ੍ਹ ਤੋਂ ਦਫਤਰ ਵੱਲੋਂ ਸੀਲ ਖੋਲ ਦਿੱਤੀ ਗਈ ਹੈ।

ਇਹ ਵੀ ਦਸਣ ਦੀ ਖੇਚਲਾ ਕੀਤੀ ਜਾਵੇ ਕਿ ਇਹ ਬਿਲਡਿੰਗ ਕਿਸਦੇ ਹੁਕਮਾਂ ਨਾਲ ਖੋਲੀ ਗਈ ਹੈ। ਕੀ ਇਸ ਬਿਲਡਿੰਗ ਦਾ ਨਕਸ਼ਾ ਪਾਸ ਕਰ ਦਿੱਤਾ ਗਿਆ ਹੈ? ਜੇਕਰ ਨਕਸ਼ਾ ਪਾਸ ਕੀਤਾ ਗਿਆ ਹੈ ਤਾਂ ਇਹ ਕਿਸ ਵਿਅਕਤੀ ਵੱਲੋਂ ਅਪਲਾਈ ਕੀਤਾ ਗਿਆ ਸੀ ਅਤੇ ਦਫਤਰ ਵੱਲੋਂ ਇਹ ਕਦੋਂ ਪਾਸ ਕੀਤਾ ਗਿਆ ਸੀ? ਇਹ ਇਸ ਬਿਲਡਿੰਗ ਤੇ ਅਣਅਧਿਕਾਰਤ ਤੋਰ ਤੇ ਕਾਬਜ ਹੈ। ਇਹ ਸਾਰੀ ਮੰਦਿਰ ਦੀ ਜਗ੍ਹਾ ਹੈ, ਜਦਕਿ ਇਸ ਵਿਅਕਤੀ ਵੱਲੋਂ ਇਸ ਜਗ੍ਹਾ ਪੁਰਾਣੀਆਂ ਦੁਕਾਨਾਂ ਦੀ ਥਾਂ ਤੇ ਨਵੀਆਂ ਦੁਕਾਨਾਂ ਬਣਾ ਕੇ ਉਹਨਾਂ ਵਿੱਚੋਂ ਇੱਕ ਦੁਕਾਨ ਤਾਂ ਵੇਚ ਵੀ ਦਿੱਤੀ

ਗਈ ਹੈ ਅਤੇ ਮੰਦਿਰ ਵਾਲੀ ਜਗ੍ਹਾ ਵਿੱਚ ਸ਼ਿਵਲਿੰਗ ਨੂੰ ਤੋੜ੍ਹ ਕੇ ਆਪਣੀ ਦੁਕਾਨ ਵੱਡੀ ਕਰ ਲਈ ਗਈ ਹੈ। ਸੀਲਾਂ ਖੋਲਣ ਉਪਰੰਤ ਵੀ ਅੱਜ ਵੀ ਮੌਕੇ ਤੇ ਅਣਅਧਿਕਾਰਤ ਉਸਾਰੀ ਚੱਲ ਰਹੀ ਹੈ।

ਉਹਨਾਂ ਬੇਨਤੀ ਕੀਤੀ ਕਿ ਜਲਦ ਤੋਂ ਜਲਦ ਦਫਤਰ ਵੱਲੋਂ ਇਸ ਵਿਅਕਤੀ ਦੇ ਖਿਲਾਫ ਬਣਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ ਤਾਂ ਜੋ ਇਸ ਤਰ੍ਹਾਂ ਅਣਅਧਿਕਾਰਤ ਉਸਾਰੀ ਕਰਨ ਵਾਲਿਆਂ ਤੇ ਨੱਥ ਪਾਈ ਜਾ ਸਕੇ ਜੀ।

ਇਸਤੇ ਮਿਉਂਸਪਲ ਟਾਊਨ ਪਲੈਨਰ, ਨਗਰ ਨਿਗਮ ਬਠਿੰਡਾ ਨੇ ਦਸਿਆ ਕਿ ਕੋਈ ਸੀਲ ਨਹੀਂ ਖੋਲੀ ਗਈ। ਨਗਰ ਨਿਗਮ ਵੱਲੋਂ ਸਿਰਫ ਉਸ ਵਿਅਕਤੀ ਦੇ ਪਹਿਲੀ ਮੰਜਿਲ ਤੇ ਬਣੇ ਘਰ ਨੂੰ ਜਾਣ ਵਾਲਾ ਰਾਸਤਾ ਹੀ ਖੋਲਿਆ ਹੈ।

ਸ਼੍ਰੀਮਤੀ ਕਮਲਜੀਤ ਕੋਰ, ਕੌਂਸਲਰ ਵਾਰਡ ਨੰਬਰ 25 ਨੇ ਪੁਰਾਣਾ ਥਾਣਾ ਚੌਂਕ ਦਾ ਨਾਮ ਬਦਲ ਕੇ ਚਾਚਾ ਜੀਤ ਮੱਲ ਚੌਂਕ ਰੱਖਣ ਦੀ ਮੰਗ ਕੀਤੀ। ਇਸਤੇ ਉਹਨਾਂ ਨੂੰ ਦਸਿਆ ਗਿਆ ਕਿ ਇਸ ਮੱਦ ਸਬੰਧੀ ਅੱਜ ਦੀ ਮੀਟਿੰਗ ਵਿੱਚ ਏਜੰਡਾ ਪੇਸ਼ ਕੀਤਾ ਗਿਆ ਹੈ। ਹਾਊਸ ਵੱਲੋਂ ਵਿਚਾਰਨ ਅਤੇ ਕੋਈ ਵੀ ਫੈਸਲਾ ਲੈਣ ਉਪਰੰਤ ਬਣਦੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ।

ਸ਼੍ਰੀਮਤੀ ਉਸ਼ਾ ਗੋਇਲ, ਕੌਂਸਲਰ ਵਾਰਡ ਨੰਬਰ 27 ਨੇ ਲਿਖਤੀ ਬੇਨਤੀ ਕੀਤੀ ਕਿ ਮਹਿਣਾ ਚੌਂਕ ਵਿਖੇ ਪਾਰਕ ਦੀ ਸਾਂਭ-ਸੰਭਾਲ ਕੀਤੀ ਜਾਵੇ।ਜਦੋਂ ਦਾ ਇਹ ਪਾਰਕ ਬਣਿਆ ਹੈ, ਉਦੋਂ ਤੋਂ ਹੀ ਕੋਈ ਸਫਾਈ ਸੇਵਕ ਜਾਂ ਬੁਟਿਆਂ ਨੂੰ ਪਾਣੀ ਦੇਣ ਵਾਲਾ ਮਾਲੀ ਨਾ ਹੋਣ ਕਾਰਨ ਪਾਰਕ ਗੰਦਾ ਰਹਿੰਦਾ ਹੈ। ਇਸਤੋਂ ਇਲਾਵਾ ਵਾਰਡ ਵਿੱਚ ਖੰਭਿਆਂ ਤੇ ਬਹੁਤ ਜਿਆਦਾ ਬਿਜਲੀ ਦੀਆਂ ਤਾਰਾਂ ਦਾ ਜਾਲ ਬਣਿਆ ਹੋਇਆ ਹੈ। ਇਹ ਹਟਵਾਇਆ ਜਾਵੇ।

ਸ੍ਰੀਮਤੀ ਮਮਤਾ, ਕੌਂਸਲਰ ਵਾਰਡ ਨੰਬਰ 47 ਨੇ ਕਿਹਾ ਕਿ ਜਨਤਾ ਨਗਰ ਵਿਖੇ ਡਿਸਪੋਜ਼ਲ ਦਾ ਰਹਿੰਦਾ ਕੰਮ ਜਲਦ ਤੋਂ ਜਲਦ ਪੂਰਾ ਕੀਤਾ ਜਾਵੇ। ਇਸਤੋਂ ਇਲਾਵਾ ਵਾਰਡ ਦੀਆਂ ਸੜ੍ਹਕਾਂ ਬਣਾਈਆਂ ਜਾਣ ਅਤੇ ਬਰਸਾਤਾਂ ਦੋਰਾਨ ਜਨਤਾ ਨਗਰ ਵਿਖੇ ਪੁੱਲ ਦੇ ਥੱਲੇ ਇੱਕਠੇ ਹੋਣ ਵਾਲੇ ਪਾਣੀ ਦੀ ਨਿਕਾਸੀ ਦਾ ਜਲਦ ਤੋਂ ਜਲਦ ਹੱਲ ਕੀਤਾ ਜਾਵੇ। ਇਸਤੇ ਉਹਨਾਂ ਨੂੰ ਕਿਹਾ ਗਿਆ ਕਿ ਜਲਦ ਤੋਂ ਜਲਦ ਬਣਦੀ ਕਾਰਵਾਈ ਕਰ ਦਿੱਤੀ ਜਾਵੇਗੀ।

ਸ੍ਰੀਮਤੀ ਕਮਲੇਸ਼ ਮਹਿਰਾ, ਕੌਂਸਲਰ ਵਾਰਡ ਨੰਬਰ 49 ਨੇ ਅੱਜ ਦੀ ਮੀਟਿੰਗ ਵਿੱਚ ਉਹਨਾਂ ਦੇ ਏਰੀਏ ਵਿੱਚ ਬਣੇ ਚੌਂਕ ਦਾ ਨਾਮ ਆਜ਼ਾਦ ਚੌਂਕ ਰੱਖਣ ਸਬੰਧੀ ਏਜੰਡਾ ਲਗਾਉਣ ਤੇ ਸਮੁੱਚੇ ਹਾਊਸ ਦਾ ਧੰਨਵਾਦ ਕੀਤਾ। ਉਹਨਾਂ ਇਹ ਵੀ ਦਸਿਆ ਕਿ 100 ਫੁੱਟੀ ਸੰਤਪੁਰਾ ਰੋਡ ਤੇ ਨਵਾਂ ਸੀਵਰ ਪਾਇਆ ਜਾਵੇ ਤਾਂ ਜੋ ਸੀਵਰ ਸਬੰਧੀ ਆਮ ਪਬਲਿਕ ਨੂੰ ਕੋਈ ਦਿਕੱਤ ਨਾ ਆਵੇ।

ਸ਼੍ਰੀਮਤੀ ਅਨੀਤਾ ਗੋਇਲ, ਕੌਂਸਲਰ ਵਾਰਡ ਨੰਬਰ 43 ਨੇ ਕਿਹਾ ਕਿ ਪਿਛਲੇ ਦਿਨ ਕਿਸੇ ਆਟੋ ਚਾਲਕ ਅਤੇ ਪੁਲਿਸ ਨੇ ਉਹਨਾਂ ਦੇ ਪਤੀ ਅਤੇ ਬੱਚੇ ਨਾਲ ਦੁਰਵਿਹਾਰ ਕੀਤਾ। ਉਹਨਾਂ ਇਸ ਸਬੰਧੀ ਇੱਕ ਕੌਂਸਲਰ ਨਾਲ ਬਦਸਲੂਕੀ ਕਰਨ ਤੇ ਨਿਗਮ ਵੱਲੋਂ ਬਣਦੀ ਕਾਰਵਾਈ ਕਰਨ ਦੀ ਮੰਗ ਕੀਤੀ। ਇਸਤੇ ਸੀਨੀਅਰ ਡਿਪਟੀ ਮੇਅਰ ਨੇ ਕਿਹਾ ਕਿ ਦੁਰਵਿਹਾਰ ਕਰਨ ਵਾਲੇ ਥਾਣੇਦਾਰ ਨੂੰ ਲਾਇਨ ਹਾਜ਼ਰ ਕਰਨ ਅਤੇ ਸਬੰਧਤ ਆਟੋ ਚਾਲਕ ਤੇ ਪਰਚਾ ਦਰਜ਼ ਕਰਨ ਖਾਤਰ ਅੱਜ ਦੀ ਮੀਟਿੰਗ ਵਿੱਚ ਫੈਸਲਾ ਲੈਂਦੇ ਹੋਏ ਸੀਨੀਅਰ ਕਪਤਾਨ ਪੁਲਿਸ, ਬਠਿੰਡਾ ਜੀ ਨੂੰ ਕਾਰਵਾਈ ਕਰਨ ਲਈ ਕਿਹਾ।

ਸ਼੍ਰੀਮਤੀ ਕੁਲਵਿੰਦਰ ਕੋਰ, ਕੌਂਸਲਰ ਵਾਰਡ ਨੰਬਰ 41 ਨੇ ਕਿਹਾ ਕਿ ਉਹਨਾਂ ਦੇ ਵਾਰਡ ਦੀ ਪਰਸ ਰਾਮ ਨਗਰ, ਗਲੀ ਨੰਬਰ 5, ਨੇੜੇ ਸਟੇਟ ਬੈਂਕ ਆਫ ਪਟਿਆਲਾ, ਪਾਣੀ ਦੀ ਟੈਂਕੀ ਵਾਲੀ ਗਲੀ ਵਿੱਚ ਸੀਵਰੇਜ਼ ਦੀ ਬਹੁਤ ਜਿਆਦਾ ਸਮੱਸਿਆ ਹੋਣ ਕਾਰਨ ਲੋਕਾਂ ਨੂੰ ਤਕਲੀਫਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸਤੇ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਦੇ ਅਧਿਕਾਰੀਆਂ ਨੂੰ ਜਲਦ ਤੋਂ ਜਲਦ ਸਮੱਸਿਆ ਦਾ ਹੱਲ ਕਰਨ ਲਈ ਹਦਾਇਤ ਕੀਤੀ ਗਈ।

ਸ਼੍ਰੀ ਮਲਕੀਤ ਸਿੰਘ ਗਿੱਲ, ਕੌਂਸਲਰ ਵਾਰਡ ਨੰਬਰ 50 ਨੇ ਕਿਹਾ ਕਿ ਹਾਊਸ ਦੀ ਮੀਟਿੰਗ ਹਰ ਮਹੀਨੇ ਕੀਤੀ ਜਾਵੇ। ਇਸਤੋਂ ਇਲਾਵਾ ਉਹਨਾਂ ਕਿਹਾ ਕਿ ਉਹਨਾਂ ਵੱਲੋਂ ਪਿਛਲੀ ਮੀਟਿੰਗ ਵਿੱਚ ਵੀ ਪੁੱਛਿਆ ਗਿਆ ਸੀ ਕਿ ਨਿਗਮ ਦਾ ਇੱਕ ਮੈਸੀ ਟ੍ਰੈਕਟਰ ਅਤੇ ਇੱਕ ਰਾਜਦੂਤ ਮੋਟਰ ਸਾਈਕਲ ਕਿਸ ਵੱਲੋਂ ਵੇਚਿਆ ਗਿਆ ਸੀ? ਇਸ ਬਾਰੇ ਅਜੇ ਤੱਕ ਕੁੱਝ ਵੀ ਜਾਣਕਾਰੀ ਨਹੀਂ ਦਿੱਤੀ ਗਈ। ਉਹਨਾਂ ਇਸ ਸਬੰਧੀ ਜਾਣਕਾਰੀ ਦੇਣ ਦੀ ਮੰਗ ਕੀਤੀ।ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਕਿਹਾ ਕਿ ਜਲਦ ਦੀ ਇਨਕੁਆਰੀ ਕਰਵਾ ਕੇ ਜਾਣਕਾਰੀ ਦੇ ਦਿੱਤੀ ਜਾਵੇਗੀ।

ਸ਼੍ਰੀ ਬੇਅੰਤ ਸਿੰਘ ਰੰਧਾਵਾ, ਕੌਂਸਲਰ ਵਾਰਡ ਨੰਬਰ 6 ਨੇ ਕਿਹਾ ਕਿ ਕਮਲਾ ਨਹਿਰੂ ਕਲੋਨੀ ਵਿਖੇ ਬਰਸਾਤਾਂ ਦੋਰਾਨ ਪਾਣੀ ਦੇ ਖੜ੍ਹਾ ਹੋਣ ਨਾਲ ਆਮ ਪਬਲਿਕ ਨੂੰ ਬਹੁਤ ਜਿਆਦਾ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉਹਨਾਂ ਜਲਦ ਤੋਂ ਜਲਦ ਪਾਣੀ ਦੀ ਨਿਕਾਸੀ ਦਾ ਪ੍ਰਬੰਧ ਕਰਨ ਲਈ ਕਿਹਾ। ਇਸਤੇ ਨਿਗਰਾਨ ਇੰਜੀਨੀਅਰ, ਨਗਰ ਨਿਗਮ ਬਠਿੰਡਾ ਨੇ ਕਿਹਾ ਕਿ ਇਸ ਜਗ੍ਹਾ ਪਾਣੀ ਦੀ ਨਿਕਾਸੀ ਖਾਤਰ ਸਿਰਫ ਪਾਈਪਾਂ ਪਾਉਣ ਦਾ ਹੀ ਤਖਮੀਨਾ ਬਣਾਇਆ ਗਿਆ ਸੀ, ਜਦਕਿ ਮੌਕੇ ਤੇ ਪਾਈਪਾਂ ਪਾਉਣ ਉਪਰੰਤ ਸੜ੍ਹਕਾਂ ਅਤੇ ਹੋਰ ਵੀ ਵਿਕਾਸ ਦੇ ਕੰਮ ਕਰਵਾਏ ਜਾਣੇ ਹਨ। ਇਸ ਲਈ ਉਸ ਤਖਮੀਨੇ ਵਿੱਚ ਪਾਸ ਰਕਮ ਨਾਲ ਕੰਮ ਕਰਵਾਉਣਾ ਮੁਸ਼ਕਿਲ ਹੈ। ਇਸ ਲਈ ਨਵਾਂ ਤਖਮੀਨਾ ਤਿਆਰ ਕਰਕੇ ਜਲਦ ਹੀ ਬਣਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।ਸ਼੍ਰੀ ਬੇਅੰਤ ਸਿੰਘ ਰੰਧਾਵਾ, ਕੌਂਸਲਰ ਨੇ ਦਸਿਆ ਕਿ ਪੰਪ ਦਾ ਵਾਲਵ ਵੀ ਸਾਫ ਨਹੀਂ ਕੀਤਾ ਜਾਂਦਾ। ਇਸਤੋਂ ਇਲਾਵਾ ਜੋਗਰ ਪਾਰਕ ਦੀ ਐਂਟਰੀ ਤੇ ਕੂੜ੍ਹਾ ਇੱਕਠਾ ਹੋਣ ਨਾਲ ਉੱਥੇ ਸੈਰ ਕਰਨ ਆਉਂਦੇ ਲੋਕਾਂ ਦੀ ਨਿਗਾਹ ਵਿੱਚ ਨਿਗਮ ਦਾ ਅਕਸ ਖਰਾਬ ਹੁੰਦਾ ਹੈ। ਇਸ ਲਈ ਕੂੜ੍ਹਾ ਉਸ ਜਗ੍ਹਾ ਇੱਕਠਾ ਨਾ ਕਰਕੇ ਜੋਗਰ ਪਾਰਕ ਦੀ ਪਿਛਲੇ ਪਾਸੇ ਇੱਕਠਾ ਕੀਤਾ ਜਾਵੇ। ਉਹਨਾਂ ਇਹ ਵੀ ਕਿਹਾ ਕਿ

ਉਹਨਾਂ ਦੇ ਵਾਰਡ ਵਿੱਚ ਬੇਸਹਾਰਾ ਪਸ਼ੂਆਂ ਅਤੇ ਆਵਾਰਾ ਕੁੱਤਿਆਂ ਦੀ ਗਿਣਤੀ ਬਹੁਤ ਜਿਆਦਾ ਹੈ। ਨਗਰ ਨਿਗਮ ਵੱਲੋਂ ਵਾਰਡ ਵਾਇਜ਼ ਪਸ਼ੂਆਂ ਨੂੰ ਫੜ੍ਹ ਕੇ ਉਹਨਾਂ ਦੇ ਏਰੀਏ ਨੂੰ ਵੀ ਰਾਹਤ ਦਿੱਤੀ ਜਾਵੇ। ਇਸਤੋਂ ਇਲਾਵਾ ਨਹਿਰ ਦੇ ਨਾਲ-ਨਾਲ ਸੜ੍ਹਕ ਵੀ ਬਣਾਈ ਜਾਵੇ।

ਸ਼੍ਰੀ ਸੁਖਦੇਵ ਸਿੰਘ ਭੁੱਲਰ, ਕੌਂਸਲਰ ਵਾਰਡ ਨੰਬਰ 4 ਨੇ ਕਿਹਾ ਕਿ ਉਹਨਾਂ ਦੇ ਏਰੀਏ ਵਿੱਚ ਲੱਗੇ ਸਾਈਨ ਬੋਰਡਾਂ ਤੇ ਠੇਕੇਦਾਰ ਵੱਲੋਂ ਰੰਗ ਤਾਂ ਕਰ ਦਿੱਤਾ ਗਿਆ ਹੈ ਪਰੰਤੂ ਗਲੀਆਂ ਦੇ ਨੰਬਰ ਅਤੇ ਨਾਮ ਨਹੀਂ ਲਿਖੇ ਗਏ। ਉਹਨਾਂ ਇਸ ਸਬੰਧੀ ਠੇਕੇਦਾਰ ਤੇ ਕਾਰਵਾਈ ਕਰਨ ਦੀ ਮੰਗ ਕੀਤੀ।

ਸ਼੍ਰੀ ਜਸਵੀਰ ਸਿੰਘ ਜੱਸਾ, ਕੌਂਸਲਰ ਵਾਰਡ ਨੰਬਰ 34 ਨੇ ਦਸਿਆ ਕਿ ਅਮਰੀਕ ਸਿੰਘ ਰੋਡ ਤੇ ਸੀਵਰ ਦੀ ਸਫਾਈ ਨਹੀਂ ਹੋਈ। ਉਹਨਾਂ ਇਹ ਵੀ ਦਸਿਆ ਕਿ ਅਮਰੀਕ ਸਿੰਘ ਰੋਡ ਤੇ ਆਵਾਰਾ ਪਸ਼ੂ ਬਹੁਤ ਜਿਆਦਾ ਹਨ। ਕਈ ਲੋਕਾਂ ਵੱਲੋਂ ਇਸ ਜਗ੍ਹਾ ਹਰਾ ਚਾਰਾ ਪਾਇਆ ਜਾਂਦਾ ਹੈ। ਉਹਨਾਂ ਇਸਨੂੰ ਰੋਕਣ ਦੀ ਮੰਗ ਕੀਤੀ। ਉਹਨਾਂ ਮੰਗ ਕੀਤੀ ਕਿ ਮਾਨ ਪੈਟ੍ਰੋਲ ਪੰਪ ਦੇ ਨਾਲ ਛੋਟੀ ਜਿਹੀ ਗਲੀ ਵਿੱਚ ਪਾਣੀ ਦੀ ਪਾਈਪ ਪਾਈ ਜਾਵੇ। ਉਹਨਾਂ ਇਹ ਵੀ ਮੰਗ ਕੀਤੀ ਕਿ ਕਿਲਾ ਸਾਹਿਬ ਗੁਰਦੁਆਰਾ ਦੀ ਸੜ੍ਹਕ ਦੀ ਹਾਲਤ ਬਹੁਤ ਜਿਆਦਾ ਖਰਾਬ ਹੈ। ਇਸਦੀ ਰਿਪੇਅਰ ਕਰਵਾਈ ਜਾਵੇ ਅਤੇ ਸੜ੍ਹਕ ਚੌੜੀ ਕਰਨ ਦਾ ਵੀ ਪ੍ਰਬੰਧ ਕੀਤਾ ਜਾਵੇ। ਸ਼੍ਰੀ ਸੰਦੀਪ ਕੁਮਾਰ, ਕੌਂਸਲਰ ਵਾਰਡ ਨੰਬਰ 26 ਨੇ ਕਿਹਾ ਕਿ ਆਰਿਆ ਸਮਾਜ ਚੋਂਕ ਤੋਂ ਲੈ ਕੇ ਕਿਲਾ ਸਾਹਿਬ ਗੁਰਦੁਆਰੇ ਤੱਕ ਕਈ ਲੋਕਾਂ ਵੱਲੋਂ ਆਪਣੀਆਂ ਦੁਕਾਨਾਂ ਦੇ ਸਾਹਮਣੇ ਗਾਡਰ ਲਗਾਏ ਹੋਏ ਹਨ, ਜਿਸ ਨਾਲ ਆਮ ਪਬਲਿਕ ਨੂੰ ਬਹੁਤ ਜਿਆਦਾ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਕਿਹਾ ਕਿ ਜੇਕਰ ਹਾਊਸ ਸਾਥ ਦੇਵਾਂ ਤਾਂ ਸ਼ਹਿਰ ਵਿੱਚ ਕੋਈ ਵੀ ਅਣਅਧਿਕਾਰਤ ਦੱਬ ਨਹੀਂ ਹੋਣ ਦਿੱਤੀ ਜਾਵੇਗੀ।ਸ਼੍ਰੀ ਜਸਵੀਰ ਸਿੰਘ ਜੱਸਾ, ਕੌਂਸਲਰ ਨੇ ਕਲਕਤਾ ਗਲੀ ਵਿੱਚ ਰਿਪੇਅਰ ਕਰਨ ਅਤੇ ਸਬਜੀ ਮੰਡੀ ਵਿਖੇ ਬਣੀ ਟਾਇਲਟ ਦੀ ਲੋੜੀਂਦੀ ਰਿਪੇਅਰ ਕਰਨ ਦੀ ਮੰਗ ਕੀਤੀ। ਇਸਤੇ ਕਿਹਾ ਗਿਆ ਕਿ ਮੌਕਾ ਵੇਖ ਕੇ ਕੰਮ ਕਰਵਾ ਦਿੱਤਾ ਜਾਵੇਗਾ।

ਸ਼੍ਰੀ ਅਸ਼ੋਕ ਕੁਮਾਰ, ਸੀਨੀਅਰ ਡਿਪਟੀ ਮੇਅਰ ਨੇ ਦਸਿਆ ਕਿ ਗਾਂਧੀ ਮਾਰਕੀਟ ਵਿਖੇ ਦੁਕਾਨਦਾਰਾਂ ਵੱਲੋਂ ਵਰਾਂਡੇ ਰੋਕੇ ਹੋਏ ਹਨ, ਜਿਸ ਨਾਲ ਆਮ ਪਬਲਿਕ ਦੀ ਆਵਾਜਾਈ ਵਿੱਚ ਦਿੱਕਤ ਆਉਂਦੀ ਹੈ। ਇਸ ਸਬੰਧੀ ਉਹਨਾਂ ਵੱਲੋਂ ਦਫਤਰ ਨੂੰ ਲਿਖ ਕੇ ਵੀ ਦਿੱਤਾ ਗਿਆ ਹੈ। ਇਸਤੋਂ ਇਲਾਵਾ ਮੱਛੀ ਮਾਰਕੀਟ, ਹਸਪਤਾਲ ਬਾਜਾਰ ਅਤੇ ਫਲ ਫਰੂਟ ਮਾਰਕੀਟ, ਮਾਲ ਰੋਡ ਤੇ ਦਵਾਇਆਂ ਵਾਲੀ ਮਾਰਕੀਟ ਵਿਖੇ ਵੀ ਲੋਕਾਂ ਵੱਲੋਂ ਅਣਅਧਿਕਾਰਤ ਤੋਰ ਤੇ ਦੱਬ ਕੀਤੀ ਹੋਈ ਹੈ। ਉਹਨਾਂ ਜਲਦ ਤੋਂ ਜਲਦ ਇੰਨ੍ਹਾਂ ਅਣਅਧਿਕਾਰਤ ਦੱਬਾਂ ਨੂੰ ਦੂਰ ਕਰਨ ਦੀ ਮੰਗ ਕੀਤੀ।

ਸ਼੍ਰੀ ਸੰਦੀਪ ਕੁਮਾਰ, ਕੌਂਸਲਰ ਵਾਰਡ ਨੰਬਰ 26 ਨੇ ਦਸਿਆ ਕਿ ਬੱਸ ਸਟੈਂਡ ਦੇ ਪਿਛਲੇ ਪਾਸੇ ਕਈ ਦੁਕਾਨਦਾਰਾਂ ਵੱਲੋਂ ਆਪਣੀਆਂ ਦੁਕਾਨਾਂ ਦੇ ਸਾਹਮਣੇ ਰੇਹੜੀਆਂ ਲਵਾ ਕੇ ਪੈਸੇ ਲਏ ਜਾਂਦੇ ਹਨ। ਇਸ ਨਾਲ ਟ੍ਰੈਫਿਕ ਰੁੱਕਣ ਕਾਰਨ ਲੋਕਾਂ ਨੂੰ ਬੜੀਆਂ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉਹਨਾਂ ਜਲਦ ਤੋਂ ਜਲਦ ਇਹ ਰੇਹੜੀਆਂ ਅਤੇ ਦੁਕਾਨਦਾਰਾਂ ਵੱਲੋਂ ਕੀਤੇ ਨਜਾਇਜ ਕਬਜੇ ਹਟਵਾਉਣ ਦੀ ਮੰਗ ਕੀਤੀ। ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਦਸਿਆ ਕਿ ਕੋਈ ਵੀ ਟੈਂਪਰੇਰੀ ਦੱਬ ਨਿਗਮ ਦੀ ਤਹਿਬਾਜਾਰੀ ਸ਼ਾਖਾ ਵੱਲੋਂ ਦੂਰ ਕੀਤੀ ਜਾਂਦੀ ਹੈ ਜਦਕਿ ਕੋਈ ਵੀ ਪੱਕੀ ਦੱਬ ਬਿਲਡਿੰਗ ਸ਼ਾਖਾ ਵੱਲੋਂ ਹਟਵਾਈ ਜਾਂਦੀ ਹੈ।ਦਫਤਰ ਵੱਲੋਂ ਤਹਿਬਾਜਾਰੀ ਸ਼ਾਖਾ ਨੂੰ ਹੋਰ ਮਜ਼ਬੂਤ ਕਰਨ ਖਾਤਰ ਸਰਕਾਰ ਪਾਸੋਂ 6 ਹੋਰ ਪੁਲਿਸ ਕਰਮਚਾਰੀਆਂ ਦੀ ਨਗਰ ਨਿਗਮ ਵਿਖੇ ਡੈਪੂਟੇਸ਼ਨ ਤੇ ਰੱਖਣ ਦੀ ਮੰਗ ਕੀਤੀ ਹੈ। ਇਸਤੋਂ ਇਲਾਵਾ ਟ੍ਰੈਕਟਰ ਟਰਾਲੀਆਂ ਅਤੇ ਟਾਟਾ 407 ਦੀ ਖਰੀਦ ਕਰਨ ਲਈ ਵੀ ਮਤੇ ਪਾਸ ਕੀਤੇ ਗਏ ਹਨ। ਸਰਕਾਰ ਦੀ ਪ੍ਰਵਾਨਗੀ ਮਿਲਣ ਉਪਰੰਤ ਤਹਿਬਾਜਾਰੀ ਸ਼ਾਖਾ ਨੂੰ ਮਜ਼ਬੂਤ ਕਰਦੇ ਹੋਏ ਲੋੜੀਂਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਸ਼੍ਰੀ ਹਰਵਿੰਦਰ ਸਿੰਘ, ਕੌਂਸਲਰ ਵਾਰਡ ਨੰਬਰ 36 ਨੇ ਧਿਆਨ ਵਿੱਚ ਲਿਆਂਦਾ ਕਿ ਪਰਸ ਰਾਮ ਨਗਰ, ਗੁਰੂਕੁੱਲ ਰੋਡ ਤੇ ਓਵਰ ਬਰਿਜ ਦੇ ਉਤਰਦੇ ਹੀ ਸਟੇਟ ਬੈਂਕ ਆਫ ਇੰਡੀਆ ਅਤੇ ਪੰਜਾਬ ਨੈਸ਼ਨਲ ਬੈਂਕ ਦੀਆਂ ਬਰਾਂਚਾਂ ਹਨ। ਇੰਨ੍ਹਾਂ ਦੋਵੇਂ ਬੈਂਕਾਂ ਦੇ ਦੋ ਏ.ਟੀ.ਐਮ. ਵੀ ਇਸ ਥਾਂ ਲੱਗੇ ਹੋਏ ਹਨ। ਇਸਤੋਂ ਇਲਾਵਾ ਇਸ ਜਗ੍ਹਾ ਮਾਰਕੀਟ ਵਿੱਚ ਦੁਕਾਨਦਾਰਾਂ ਵੱਲੋਂ ਆਪਣੇ ਵਹੀਕਲਜ਼ ਅਤੇ ਫਲ ਫਰੂਟ ਵੇਚਣ ਵਾਲਿਆਂ ਵੱਲੋਂ ਆਪਣੀਆਂ ਰੇਹੜੀਆਂ ਲਗਾਈਆਂ ਹੋਈਆਂ ਹਨ। ਇਸ ਕਾਰਨ ਪੂਰੇ ਮੇਨ ਰੋਡ ਤੇ ਜਾਮ ਲੱਗਿਆ ਰਹਿੰਦਾ ਹੈ। ਇਸ ਸੜ੍ਹਕ ਤੋਂ ਰੋਜ਼ਾਨਾ ਤਕਰੀਬਨ 10-12 ਵਾਰਡਾਂ ਦੇ ਲੋਕ ਲੰਘਦੇ ਹਨ। ਇਸ ਸੜ੍ਹਕ ਤੇ ਮਾਨਯੋਗ ਐਮ.ਐਲ.ਏ. ਸਾਹਿਬ ਅਤੇ ਮੋਜੂਦਾ ਸੀਨੀਅਰ ਡਿਪਟੀ ਮੇਅਰ ਦਾ ਘਰ ਵੀ ਹੈ। ਪਿਛਲੇ ਦਿਨੀ ਇਸ ਸੜ੍ਹਕ ਤੇ ਇੱਕ ਪੜੀ ਲਿਖੀ ਗਰੀਬ ਪਰਿਵਾਰ ਦੀ ਜੋਤੀ ਨਾਮ ਦੀ ਲੜਕੀ ਜੋ ਕਿ ਪਹਿਲੇ ਦਿਨ ਸਰਕਾਰੀ ਨੋਕਰੀ ਜੁਆਇਨ ਕਰਨ ਖਾਤਰ ਜਾ ਰਹੀ ਸੀ, ਦੀ ਐਕਸੀਡੈਂਟ ਨਾਲ ਮੋਤ ਹੋ ਗਈ। ਜੇਕਰ ਪ੍ਰਸ਼ਾਸਨ ਅਤੇ ਟ੍ਰੈਫਿਕ ਪੁਲਿਸ ਵੱਲੋਂ ਉਕਤ ਵਿਅਕਤੀਆਂ ਵੱਲੋਂ ਕੀਤੀਆਂ ਨਜਾਇਜ ਦੱਬਾਂ ਦੂਰ ਕਰਵਾਈਆਂ ਹੁੰਦੀਆਂ ਤਾਂ ਸ਼ਾਇਦ ਉਹ ਲੜਕੀ ਅੱਜ ਜਿੰਦਾ ਹੁੰਦੀ। ਉਹਨਾਂ ਜਲਦ ਤੋਂ ਜਲਦ ਉਕਤ ਜਗ੍ਹਾ ਤੋਂ ਰੇਹੜੀਆਂ ਅਤੇ ਵਾਹਨ ਹਟਾਉਣ ਦੀ ਮੰਗ ਕੀਤੀ ਤਾਂ ਜੋ ਲੋਕਾਂ ਦੀ ਜਾਨ-ਮਾਲ ਦੀ ਰਾਖੀ ਕੀਤੀ ਜਾ ਸਕੇ। ਉਹਨਾਂ ਇਹ ਵੀ ਲਿਖਤੀ ਬੇਨਤੀ ਕੀਤੀ ਕਿ ਬਠਿੰਡਾ ਦੀ ਜੋ ਮੇਨ ਸਰਹਿੰਦ ਨਹਿਰ ਹੈ, ਜਿਸਨੂੰ ਪਿਛਲੇ ਸਮੇਂ ਡੂੰਘਾ ਕਰਕੇ ਪੱਕਾ ਕੀਤਾ ਗਿਆ ਸੀ। ਪਰੰਤੂ ਉਸ ਸਮੇਂ ਪ੍ਰਸ਼ਾਸਨ ਵੱਲੋਂ ਨਹਿਰ ਵਿੱਚ ਉਤਰਨ-ਚੜ੍ਹਨ ਲਈ ਕੋਈ ਪੁਖਤਾ ਪ੍ਰਬੰਧ ਨਹੀਂ ਕੀਤਾ ਗਿਆ। ਇਸ ਨਾਲ ਕਈ ਵਾਰ ਬੇਜੁਬਾਨ ਜਾਨਵਰ ਪਸ਼ੂ ਆਦਿ ਆਪਣੀ ਪਿਆਸ ਬੁਝਾਉਣ ਲਈ ਜਦੋਂ ਨਹਿਰ ਵਿੱਚ ਉਤਰਦੇ ਹਨ ਤਾਂ ਉਨਾਂ ਤੋਂ ਵਾਪਸ ਚੜ੍ਹਨਾ ਬਹੁਤ ਔਖਾ ਹੋ ਜਾਂਦਾ ਹੈ ਅਤੇ ਉਸ ਸਮੇਂ ਕਈ ਵਾਰ ਇੰਨ੍ਹਾਂ ਬੇਜੁਬਾਨਾਂ ਨੂੰ ਡੁਬਦਾ ਵੇਖ ਕੇ ਉਥੋਂ ਲੰਘਣ ਵਾਲੇ ਵਿਅਕਤੀਆਂ ਵੱਲੋਂ ਬੜੀ ਮੁਸ਼ਕਿਲ ਨਾਲ ਪਾਣੀ ਵਿੱਚੋਂ ਬਾਹਰ ਕੱਢਿਆ ਜਾਂਦਾ ਹੈ। ਇਸਤੋਂ ਇਲਾਵਾ ਪਿਛਲੇ ਦਿਨੀ ਇੱਕ 13 ਸਾਲਾਂ ਦਾ ਬੱਚਾ ਲੋਕਸ਼ ਪੁੱਤਰ ਸ਼੍ਰੀ ਸੀਤਾ ਰਾਮ ਵਾਸੀ ਗੋਪਾਲ ਨਗਰ ਜੋ ਕਿ ਗਰੀਬ ਪਰਿਵਾਰ ਨਾਲ ਸਬੰਧ ਰੱਖਦਾ ਸੀ। ਆਪਣੇ ਪਿਤਾ ਨੂੰ ਨਹਿਰ ਉਪਰ ਲੱਗੀ ਰੇਹੜੀ ਤੇ ਰੋਟੀ ਦੇਣ ਗਿਆ ਤਾਂ ਗਰਮੀ ਕਾਰਨ ਨਹਿਰ ਵਿਚ ਨਹਾਉਣ ਲਈ ਉਤਰਿਆ। ਪਾਣੀ ਤੇ ਤੇਜ਼ ਬਹਾਅ ਕਾਰਨ ਡੁੱਬ ਕੇ ਮਰ ਗਿਆ। ਜੇਕਰ ਨਹਿਰ ਉਪਰ ਪੌੜੀਆਂ ਹੁੰਦੀਆਂ ਤਾਂ ਸ਼ਾਇਦ

ਉਸ ਬੱਚੇ ਦੀ ਕੀਮਤੀ ਜਾਣ ਬਚਾਈ ਜਾ ਸਕਦੀ ਸੀ। ਉਹਨਾਂ ਰੋਜ਼ਾਨਾ ਮਰ ਰਹੇ ਬੇਜ਼ੁਬਾਨ ਜਾਨਵਰਾਂ ਪਸ਼ੂਆਂ ਅਤੇ ਲੋਕਾਂ ਦੇ ਬੱਚਿਆਂ ਦੀ ਜਾਨ-ਮਾਲ ਦੀ ਸੁਰੱਖਿਆ ਲਈ ਜਲਦ ਤੋਂ ਜਲਦ ਪੌੜੀਆਂ ਬਨਾਉਣ ਦੀ ਮੰਗ ਕੀਤੀ। ਉਹਨਾਂ ਇਹ ਵੀ ਕਿਹਾ ਕਿ ਨਗਰ ਨਿਗਮ ਦਫਤਰ ਵਿਖੇ ਪਿਛਲੇ 8-10 ਸਾਲਾਂ ਤੋਂ ਕਈ ਨੌਜਵਾਨ ਲੜਕੇ ਅਤੇ ਲੜਕੀਆਂ ਆਊਟਸੋਰਸ ਤੇ ਕੰਮ ਕਰ ਰਹੇ ਹਨ, ਜਦਕਿ ਉਹਨਾਂ ਨੂੰ ਦਿੱਤਾ ਜਾਣ ਵਾਲਾ ਮਿਹਨਤਾਨਾ ਬਹੁਤ ਹੀ ਘੱਟ ਹੈ। ਉਹਨਾਂ ਮੰਗ ਕੀਤੀ ਕਿ ਜੋ ਵੀ ਲੜਕਾ ਜਾਂ ਲੜਕੀ ਪਿਛਲੇ ਪੰਜ ਸਾਲਾਂ ਤੋਂ ਆਊਟਸੋਰਸ ਤੇ ਕੰਮ ਕਰ ਰਹੇ ਹਨ, ਉਹਨਾਂ ਨੂੰ ਰੈਗੂਲਰ ਕਰਨ ਖਾਤਰ ਤਜਵੀਜ ਬਣਾ ਕੇ ਸਰਕਾਰ ਪਾਸ ਭੇਜੀ ਜਾਵੇ। ਉਹਨਾਂ ਇਹ ਵੀ ਯਾਦ ਕਰਵਾਇਆ ਕਿ ਸ਼੍ਰੀ ਭਗਵੰਤ ਸਿੰਘ ਮਾਨ, ਮਾਨਯੋਗ ਮੁੱਖ ਮੰਤਰੀ ਪੰਜਾਬ ਜੀ ਵੱਲੋਂ ਇਹ ਵਾਇਦਾ ਕੀਤਾ ਸੀ ਕਿ ਉਹਨਾਂ ਦੀ ਸਰਕਾਰ ਦੇ ਹੋਂਦ ਵਿੱਚ ਆਉਂਦੇ ਹੀ ਸਾਰੇ ਕੱਚੇ ਮੁਲਾਜ਼ਮਾਂ ਨੂੰ ਪੱਕਾ ਕੀਤਾ ਜਾਵੇਗਾ, ਜਿਸ ਵਿੱਚ ਆਊਟਸੋਰਸ ਤੇ ਕੰਮ ਕਰ ਰਹੇ ਮੁਲਾਜ਼ਮ ਵੀ ਸ਼ਾਮਲ ਸਨ। ਉਹਨਾਂ ਇਸ ਸਬੰਧੀ ਮਾਨਯੋਗ ਮੁੱਖ ਮੰਤਰੀ, ਪੰਜਾਬ ਜੀ ਦੀ ਗਾਈ ਕਵਿਤਾ ਵੀ ਸੁਣਾਈ। ਉਹਨਾਂ ਨਗਰ ਨਿਗਮ ਵਿਖੇ ਆਊਟਸੋਰਸ ਤੇ ਰੱਖੇ ਮੁਲਾਜ਼ਮਾਂ ਨੂੰ ਰੈਗੂਲਰ ਕਰਨ ਖਾਤਰ ਤਜਵੀਜ ਬਣਾ ਕੇ ਸਰਕਾਰ ਪਾਸ ਭੇਜਣ ਦੀ ਮੰਗ ਕੀਤੀ। ਇਸਤੇ ਡਿਪਟੀ ਕੰਟਰੋਲਰ (ਵਿੱਤ ਤੇ ਲੇਖਾ) ਨਗਰ ਨਿਗਮ ਬਠਿੰਡਾ ਨੇ ਦਸਿਆ ਕਿ ਸਰਕਾਰ ਵੱਲੋਂ ਕੰਟਰੈਕਟ ਤੇ ਰੱਖੇ ਮੁਲਾਜ਼ਮ ਪੱਕੇ ਕਰਨ ਦੀ ਪਾਲਿਸੀ ਬਣਾਈ ਗਈ ਹੈ। ਅਜੇ ਤੱਕ ਸਰਕਾਰ ਵੱਲੋਂ ਆਊਟਸੋਰਸ ਤੇ ਰੱਖੇ ਮੁਲਾਜ਼ਮਾਂ ਲਈ ਕੋਈ ਪਾਲਿਸੀ ਨਹੀਂ ਬਣਾਈ ਗਈ। ਜਦੋ ਸਰਕਾਰ ਵੱਲੋਂ ਕੋਈ ਪਾਲਿਸੀ ਬਣਾਈ ਜਾਂਦੀ ਹੈ ਤਾਂ ਉਹ ਤੁਰੰਤ ਅਮਲ ਵਿੱਚ ਲਿਆਂਦੀ ਜਾਵੇਗੀ।

ਸ਼੍ਰੀ ਬਲਜੀਤ ਸਿੰਘ ਸਰਾਂ, ਕੌਂਸਲਰ ਵਾਰਡ ਨੰਬਰ 10 ਨੇ ਕਿਹਾ ਕਿ ਨਿਗਮ ਹਾਊਸ ਦੀ ਮੀਟਿੰਗ ਮਿਤੀ 20.03.2023 ਦੀ Zero Hour ਦੀ ਕਾਰਵਾਈ ਕਿਸੇ ਵੀ ਕੌਂਸਲਰ ਨੂੰ ਨਹੀਂ ਭੇਜੀ ਗਈ। ਇਸਤੇ ਨਿਗਰਾਨ ਇੰਜੀਨੀਅਰ, ਨਗਰ ਨਿਗਮ ਬਠਿੰਡਾ ਨੇ ਦਸਿਆ ਕਿ ਅਜਿਹਾ ਕੋਈ ਪ੍ਰਾਵਧਾਨ ਨਹੀਂ ਹੈ ਕਿ Zero Hour ਦੀ ਕਾਰਵਾਈ ਭੇਜਣੀ ਜਰੂਰੀ ਹੁੰਦੀ ਹੈ। ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਕਿਹਾ ਕਿ ਐਕਟ ਮੁਤਾਬਿਕ Zero Hour ਦੀ ਕਾਰਵਾਈ ਹਰੇਕ ਕੌਂਸਲਰ ਸਾਹਿਬਾਨ ਪਾਸ ਭੇਜਣੀ ਜਰੂਰੀ ਨਹੀਂ ਹੁੰਦੀ। ਪਰੰਤੂ ਜੇਕਰ ਹਾਊਸ ਚਾਹੁੰਦਾ ਹੈ ਤਾਂ ਇਸ ਮੀਟਿੰਗ ਅਤੇ ਮੀਟਿੰਗ ਮਿਤੀ 20.03.2023 ਦੀ ਕਾਰਵਾਈ ਸਮੂਹ ਕੌਂਸਲਰ ਸਾਹਿਬਾਨ ਪਾਸ ਭੇਜ ਦਿੱਤੀ ਜਾਵੇਗੀ।

ਸ੍ਰੀ ਬਲਜਿੰਦਰ ਸਿੰਘ, ਕੌਂਸਲਰ ਵਾਰਡ ਨੰਬਰ 30, ਸ੍ਰੀ ਜਸਵੀਰ ਸਿੰਘ ਜੱਸਾ, ਕੌਂਸਲਰ ਵਾਰਡ ਨੰਬਰ 34 ਨੇ ਪੁੱਛਿਆ ਕਿ ਪਿਛਲੀ ਮੀਟਿੰਗ ਦਾ ਏਜੰਡਾ ਕਿਉਂ ਬਦਲਿਆ ਗਿਆ ਹੈ। ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਕਿਹਾ ਕਿ ਮਿਤੀ 13.06.2023 ਨੂੰ ਹੋਣ ਵਾਲੀ ਜਨਰਲ ਹਾਊਸ ਦੀ ਮੀਟਿੰਗ ਮੁਲਤਵੀ ਨਹੀਂ ਬਲਕਿ ਰੱਦ ਕੀਤੀ ਗਈ ਸੀ। ਇਸ ਅਨੁਸਾਰ ਰੱਦ ਹੋਈ ਮੀਟਿੰਗ ਦਾ ਏਜੰਡਾ ਬਦਲਿਆ ਜਾ ਸਕਦਾ ਹੈ। ਇਸਤੋਂ ਇਲਾਵਾ ਮੀਟਿੰਗ ਵਿੱਚ ਕੋਈ ਵੀ ਮੱਦ ਪੇਸ਼ ਕਰਨ ਦਾ ਅਧਿਕਾਰ ਮਾਨਯੋਗ ਮੇਅਰ ਦਾ ਹੁੰਦਾ ਹੈ। ਇਸਤੇ ਸ੍ਰ: ਹਰਮੰਦਰ ਸਿੰਘ, ਡਿਪਟੀ ਮੇਅਰ ਨੇ ਕਿਹਾ ਕਿ ਮੀਟਿੰਗ ਦੀ ਕਾਰਵਾਈ ਵਿੱਚ ਹਰੇਕ ਕੌਂਸਲਰ ਦੇ ਵਿਚਾਰ ਦਰਜ਼ ਕੀਤੇ ਜਾਣੇ ਚਾਹੀਦੇ ਹਨ। ਕੌਂਸਲਰ ਸਾਹਿਬਾਨ ਵੱਲੋਂ Zero Hour ਵਿੱਚ ਉਠਾਏ ਗਏ ਮੁੱਦਿਆਂ ਸਬੰਧੀ ਨੋਡਲ ਅਫਸਰ ਨਿਯੁਕਤ ਕੀਤਾ ਜਾਵੇ ਅਤੇ ਉਹੀ ਨੋਡਲ ਅਫਸਰ ਜਵਾਬਦੇਹ ਹੋਵੇ। ਇਸਤੇ ਕਸ਼ਿਨਰ, ਨਗਰ ਨਿਗਮ ਬਠਿੰਡਾ ਜੀ ਵੱਲੋਂ ਸ਼੍ਰੀ ਪ੍ਰਦੀਪ ਸਿੰਘ, ਸੁਪਰਡੈਂਟ ਨਗਰ ਨਿਗਮ ਬਠਿੰਡਾ ਨੂੰ ਨੋਡਲ ਅਫਸਰ ਤੈਨਾਤ ਕੀਤਾ। ਸ਼੍ਰੀ ਅਸ਼ੋਕ ਕੁਮਾਰ, ਸੀਨੀਅਰ ਡਿਪਟੀ ਮੇਅਰ ਨੇ ਕਿਹਾ ਕਿ ਕੌਂਸਲਰ ਸਾਹਿਬਾਨ ਵੱਲੋਂ ਜੋ ਵੀ ਕੰਮ ਲਿਖਵਾਏ ਜਾਂਦੇ ਹਨ, ਉਹਨਾਂ ਨੂੰ ਕਰਨ ਖਾਤਰ ਸਬੰਧਤ ਅਧਿਕਾਰੀਆਂ/ ਕਰਮਚਾਰੀਆਂ ਦੀ ਜਵਾਬਦੇਹੀ ਫਿਕਸ ਕੀਤੀ ਜਾਵੇ।

ਸ਼੍ਰੀ ਆਤਮਾ ਸਿੰਘ, ਕੌਂਸਲਰ ਵਾਰਡ ਨੰਬਰ 40 ਨੇ ਕਿਹਾ ਕਿ ਉਹਨਾਂ ਦੇ ਵਾਰਡ ਵਿੱਚ ਪਿਛਲੇ ਤਕਰੀਬਨ 2 ਸਾਲਾਂ ਤੋਂ ਕੋਈ ਵੀ ਵਿਕਾਸ ਦਾ ਕੰਮ ਨਹੀਂ ਕੀਤਾ ਗਿਆ। ਉਹਨਾਂ ਦਸਿਆ ਕਿ ਬੀੜ ਰੋਡ ਤੇ ਆਤਮਾ ਸਿੰਘ ਇਨਕਲੈਵ ਕਲਨੀ ਦੇ ਮੈਂਬਰਾਂ ਵੱਲੋਂ ਨਗਰ ਨਿਗਮ ਪਾਸ ਬਣਦੇ ਚਾਰਜ਼ਿਜ਼ ਜਮ੍ਹਾਂ ਕਰਵਾਉਣ ਦੇ ਬਾਵਜੂਦ ਵੀ ਸੀਵਰ ਨਹੀਂ ਪਾਇਆ ਜਾ ਰਿਹਾ। ਇਸ ਨਾਲ ਲੋਕਾਂ ਵਿੱਚ ਬਹੁਤ ਜਿਆਦਾ ਰੋਸ ਪਾਇਆ ਜਾ ਰਿਹਾ ਹੈ। ਉਹਨਾਂ ਜਲਦ ਤੋਂ ਜਲਦ ਸੀਵਰ ਪਾਉਣ ਦੀ ਮੰਗ ਕੀਤੀ। ਇਸਤੇ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਦੇ ਅਧਿਕਾਰੀਆਂ ਨੇ ਦਸਿਆ ਕਿ ਇਸ ਜਗ੍ਹਾ ਸੀਵਰ ਦੀ ਲਗਭਗ 500 ਮੀਟਰ ਦੀ Length ਪੈਣ ਵਾਲੀ ਹੈ। ਇਸਦਾ ਡਿਜ਼ਾਇਨ ਹੋ ਚੁੱਕਾ ਹੈ। ਜਲਦ ਹੀ ਇਸਤੇ ਕੰਮ ਸ਼ੁਰੂ ਕਰਵਾ ਦਿੱਤਾ ਜਾਵੇਗਾ।

ਸ਼੍ਰੀ ਸੁਖਰਾਜ ਸਿੰਘ ਔਲਖ, ਕੌਂਸਲਰ ਵਾਰਡ ਨੰਬਰ 42 ਨੇ ਦਸਿਆ ਕਿ ਉਹਨਾਂ ਦੇ ਵਾਰਡ ਵਿੱਚ ਕਿਸੇ ਤਰਸੇਮ ਨਾਮ ਦੇ ਵਿਅਕਤੀ ਨੂੰ ਤਾਂ ਬਿਲਡਿੰਗ ਸ਼ਾਖਾ ਵੱਲੋਂ ਤੁਰੰਤ ਐਨ.ਓ.ਸੀ. ਦੇ ਦਿੱਤਾ ਜਾਂਦਾ ਹੈ, ਜਦਕਿ ਕਿਸੇ 50 ਗੱਜ਼ ਵਾਲੇ ਵਿਅਕਤੀ ਜਾਂ ਹੋਰ ਕਿਸੇ ਗਰੀਬ ਵਿਅਕਤੀ ਨੂੰ ਐਨ.ਓ.ਸੀ. ਲੈਣ ਖਾਤਰ ਬਹੁਤ ਜਿਆਦਾ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਹਨਾਂ ਜਲਦ ਤੋਂ ਜਲਦ ਇਸ ਸਬੰਧੀ ਬਣਦੀ ਕਾਰਵਾਈ ਕਰਨ ਦੀ ਮੰਗ ਕੀਤੀ। ਉਹਨਾਂ ਇਹ ਵੀ ਦਸਿਆ ਕਿ ਮੁਲਤਾਨੀਆ ਰੋਡ ਤੇ ਅਜੇ ਵੀ ਕਈ ਦੁਕਾਨਦਾਰਾਂ ਵੱਲੋਂ ਹਰਾ ਚਾਰਾ ਵੇਚਿਆ ਜਾ ਰਿਹਾ ਹੈ, ਜੋ ਕਿ ਲੋਕਾਂ ਵੱਲੋਂ ਖਰੀਦ ਕੇ ਉੱਥੇ ਹੀ ਪਸ਼ੂਆਂ ਨੂੰ ਪਾ ਦਿੱਤਾ ਜਾਂਦਾ ਹੈ। ਇਸ ਨਾਲ ਕਈ ਵਾਰ ਐਕਸੀਡੈਂਟ ਹੁੰਦੇ ਹਨ। ਉਹਨਾਂ ਜਲਦ ਤੋਂ ਜਲਦ ਇਹ ਹਰਾ ਚਾਰਾ ਵੇਚਣ ਵਾਲਿਆਂ ਖਿਲਾਫ ਕਾਰਵਾਈ ਕਰਨ ਦੀ ਮੰਗ ਕੀਤੀ। ਉਹਨਾਂ ਇਹ ਵੀ ਮੰਗ ਕੀਤੀ ਕਿ ਬਾਕੀ ਰਹਿੰਦੇ ਏਰੀਏ ਵਿੱਚ ਜਲਦ ਤੋਂ ਵਾਟਰ ਸਪਲਾਈ ਅਤੇ ਸੀਵਰ ਦੀਆਂ ਪਾਈਪਾਂ ਪਾਈਆਂ ਜਾਣ।

ਸ਼੍ਰੀ ਇੰਦਰਜੀਤ ਸਿੰਘ, ਕੌਂਸਲਰ ਵਾਰਡ ਨੰਬਰ 44 ਨੇ ਪੁੱਛਿਆ ਕਿ ਹਾਊਸ ਵੱਲੋਂ ਮਿਤੀ 18.11.2021 ਦੀ ਹਾਊਸ ਦੀ ਮੀਟਿੰਗ ਵਿੱਚ ਪਰਸ ਰਾਮ ਨਗਰ ਵਿਖੇ ਸਵਾਗਤੀ ਗੇਟ ਬਨਾਉਣਾ ਪਾਸ ਕੀਤਾ ਸੀ, ਜਿਸਦਾ ਕਿ ਟੈਂਡਰ ਕਰਨ ਉਪਰੰਤ ਦਫਤਰ ਵੱਲੋਂ ਸਬੰਧਤ ਠੇਕੇਦਾਰ ਨੂੰ ਵਰਕ ਆਰਡਰ ਨੰਬਰ 373 ਮਿਤੀ 20.12.2021 ਵੀ ਦੇ ਦਿੱਤਾ ਗਿਆ ਹੈ। ਪਰੰਤੂ ਅਜੇ ਤੱਕ ਮੌਕੇ ਤੇ ਉਹ ਸਵਾਗਤੀ ਗੇਟ ਨਹੀਂ ਬਣਾਇਆ ਗਿਆ। ਸ਼੍ਰੀ ਅਸ਼ੋਕ ਕੁਮਾਰ, ਸੀਨੀਅਰ ਡਿਪਟੀ ਮੇਅਰ ਨੇ ਕਿਹਾ ਕਿ ਇਸ ਕੰਮ ਵਿੱਚ ਸਬੰਧਤ ਨਿਗਰਾਨ ਇੰਜੀਨੀਅਰ, ਨਿਗਮ ਇੰਜੀਨੀਅਰ, ਸਹਾਇਕ ਨਿਗਮ

ਇੰਜੀਨੀਅਰ ਅਤੇ ਜੂਨੀਅਰ ਇੰਜੀਨੀਅਰ ਦੀ ਕੁਤਾਹੀ ਜਾਪਦੀ ਹੈ। ਉਹਨਾਂ ਵੀ ਤਕਰੀਬਨ 20 ਕੌਂਸਲਰ ਸਾਹਿਬਾਨ ਦੇ ਦਸਤਖਤ ਕਰਵਾ ਕੇ ਦਫਤਰ ਨੂੰ ਕੰਮ ਕਰਨ ਖਾਤਰ ਲਿਖਿਆ ਗਿਆ ਹੈ। ਪਰੰਤੂ ਕੰਮ ਨਹੀਂ ਕੀਤਾ ਗਿਆ। ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਕਿਹਾ ਕਿ ਨਿਗਮ ਵੱਲੋਂ ਉਕਤ ਸਵਾਗਤੀ ਗੇਟ ਪਾਸ ਕਰਨ ਲਈ ਜੋ ਡਿਜ਼ਾਇਨ ਪਾਸ ਕੀਤਾ ਸੀ, ਉਸਦੇ ਉਲਟ ਕੌਂਸਲਰ ਸਾਹਿਬਾਨ ਵੱਲੋਂ ਜੈਪੁਰ ਵਿਖੇ ਬਣੇ ਸਵਾਗਤੀ ਗੇਟ ਦਾ ਡਿਜ਼ਾਇਨ ਦਿੱਤਾ ਗਿਆ ਸੀ, ਜਿਸਤੇ ਕਿ ਤਕਰੀਬਨ 41.00 ਲੱਖ ਰੁਪਏ ਖਰਚਾ ਆਵੇਗਾ। ਉਹਨਾਂ ਕਿਹਾ ਕਿ ਉਕਤ ਸਵਾਗਤੀ ਗੇਟ ਬਨਾਉਣ ਖਾਤਰ ਜੇਕਰ ਖਰਚਾ ਜਿਆਦਾ ਆਉਂਦਾ ਹੈ ਤਾਂ ਉਸ ਸਬੰਧੀ ਦੁਬਾਰਾ ਰਿਵਾਇਜ਼ ਮਤਾ ਪਾਸ ਕਰਵਾ ਲਿਆ ਜਾਵੇਗਾ।ਸ਼੍ਰੀ ਇੰਦਰਜੀਤ ਸਿੰਘ, ਕੌਂਸਲਰ ਨੇ ਮੰਗ ਕੀਤੀ ਕਿ ਜਿਸ ਤਰ੍ਹਾਂ ਸ਼ਹਿਰ ਵਿੱਚ ਖੰਭਿਆਂ ਤੇ ਨਗਰ ਨਿਗਮ ਵੱਲੋਂ ਲਾਈਟਿੰਗ ਦੀ ਵਿਵਸਥਾ ਕੀਤੀ ਗਈ ਹੈ, ਉਸੇ ਤਰ੍ਹਾਂ ਪਰਸ ਰਾਮ ਨਗਰ ਮੇਨ ਰੋਡ ਤੇ ਵੀ ਵਿਵਸਥਾ ਕੀਤੀ ਜਾਵੇ। ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਕਿਹਾ ਕਿ ਸੀ.ਐਸ.ਆਰ ਵਿੱਚ ਫੰਡਾਂ ਦੀ ਵਿਵਸਥਾ ਨੂੰ ਦੇਖਦੇ ਹੋਏ ਕੰਮ ਕਰਵਾ ਦਿੱਤਾ ਜਾਵੇਗਾ। ਸ਼੍ਰੀ ਅਸ਼ੋਕ ਕੁਮਾਰ, ਸੀਨੀਅਰ ਡਿਪਟੀ ਮੇਅਰ ਨੇ ਕਿਹਾ ਕਿ ਉਹਨਾਂ ਦੇ ਵਾਰਡ ਨੂੰ ਖੂਬਸੂਰਤ ਬਨਾਉਣ ਖਾਤਰ ਲਾਈਟਾਂ ਲਗਾਉਣ ਦਾ ਤਖਮੀਨਾ ਵੀ ਪਾਸ ਕੀਤਾ ਹੋਇਆ ਹੈ। ਪਰੰਤੂ ਅਜੇ ਤੱਕ ਲਾਈਟਾਂ ਨਹੀਂ ਲਗਾਈਆਂ ਗਈਆਂ। ਸ਼੍ਰੀ ਇੰਦਰਜੀਤ ਸਿੰਘ, ਕੌਂਸਲਰ ਨੇ ਵੀ ਮੰਗ ਕੀਤੀ ਕਿ ਰੇਲਵੇ ਵਾਲੇ ਹਿੱਸੇ ਨੂੰ ਛੱਡ ਕੇ ਬਾਕੀ ਰਹਿੰਦੇ ਹਿੱਸੇ ਵਿੱਚ ਪਰਸ ਰਾਮ ਨਗਰ ਮੇਨ ਰੋਡ ਤੇ ਖੂਬਸੂਰਤ ਲਾਈਟਾਂ ਲਗਵਾਈਆਂ ਜਾਣ।ਸ਼੍ਰੀ ਇੰਦਰਜੀਤ ਸਿੰਘ, ਕੌਂਸਲਰ ਨੇ ਦਸਿਆ ਕਿ ਜ਼ੋਨ ਨੰਬਰ 6 ਵਿੱਚ ਡੀ-ਸਿਲਟਿੰਗ ਦਾ ਕੋਈ ਸ਼ਡਿਊਲ ਮੁੱਹਈਆ ਨਹੀਂ ਕਰਵਾਇਆ ਗਿਆ। ਇਸਤੇ ਹਦਾਇਤ ਕੀਤੀ ਕਿ ਜਲਦ ਹੀ ਸ਼ਡਿਊਲ ਦਿੱਤਾ ਜਾਵੇ।

ਸ਼੍ਰੀ ਸੰਦੀਪ ਕੁਮਾਰ, ਕੌਂਸਲਰ ਵਾਰਡ ਨੰਬਰ 26 ਨੇ ਕਿਹਾ ਕਿ ਮੇਰਾ ਮਾਨ ਮੇਰਾ ਸ਼ਹਿਰ ਪ੍ਰੋਗਰਾਮ ਤਹਿਤ ਹਰੇਕ ਸ਼ੁਕਰਵਾਰ ਨੂੰ ਕਿਸੇ ਨਾ ਕਿਸੇ ਵਾਰਡ ਦੀ ਸਾਫ ਸਫਾਈ ਅਤੇ ਹੋਰ ਕੰਮ ਕਰਵਾਉਣ ਖਾਤਰ ਨਿਗਮ ਵੱਲੋਂ ਕਾਰਵਾਈ ਕੀਤੀ ਜਾਂਦੀ ਹੈ। ਉਹਨਾਂ ਪੁੱਛਿਆ ਕਿ ਇਸ ਸਬੰਧੀ ਸਵੱਛ ਭਾਰਤ ਮਿਸ਼ਨ ਤਹਿਤ ਨਗਰ ਨਿਗਮ ਨੂੰ ਕਿੰਨੇ ਫੰਡਜ਼ ਆਉਂਦੇ ਹਨ ਤੇ ਉਹਨਾਂ ਦਾ ਇਸਤੇਮਾਲ ਕਿਵੇਂ ਕੀਤਾ ਜਾਂਦਾ ਹੈ? ਉਹਨਾਂ ਦਸਿਆ ਕਿ ਇਸ ਪ੍ਰੋਗਰਾਮ ਤਹਿਤ ਸਫਾਈ ਤੋਂ ਇਲਾਵਾ ਵਾਰਡ ਦੀਆਂ ਸੜ੍ਹਕਾਂ ਦੇ ਪੇਚ ਵਰਕ, ਹੋਰ ਛੋਟੇ ਮੋਟੇ ਵਿਕਾਸ ਦੇ ਕੰਮ ਅਤੇ ਸੀਵਰ ਦੇ ਢੱਕਣ ਵੀ ਉੱਚੇ ਚੁੱਕਣੇ ਹੁੰਦੇ ਹਨ। ਪਰੰਤੂ ਅਜੇ ਤੱਕ ਕਿਸੇ ਵੀ ਕੌਂਸਲਰ ਸਾਹਿਬਾਨ ਦੇ ਵਾਰਡ ਵਿੱਚ ਕੋਈ ਵੀ ਸੀਵਰ ਦਾ ਢੱਕਣ ਉੱਚਾ ਨਹੀਂ ਚੁੱਕਿਆ ਗਿਆ ਅਤੇ ਨਾ ਹੀ ਇਸ ਪ੍ਰੋਗਰਾਮ ਤਹਿਤ ਕੋਈ ਹੋਰ ਵਿਕਾਸ ਦਾ ਕੰਮ ਕਰਵਾਇਆ ਗਿਆ ਹੈ। ਇਹ ਸਿਰਫ ਫੋਟੋਆਂ ਖਿਚਵਾਉਣ ਤੱਕ ਹੀ ਸੀਮਿਤ ਹੈ। ਉਹਨਾਂ ਦਸਿਆ ਕਿ ਜਦੋਂ ਵੀ ਕੋਈ ਵਿਅਕਤੀ ਨਗਰ ਨਿਗਮ ਪਾਸੋਂ ਸੀਵਰ ਜਾਂ ਪਾਣੀ ਦਾ ਨਵਾਂ ਕੁਨੈਕਸ਼ਨ ਲੈਣ ਲਈ ਆਉਂਦਾ ਹੈ ਤਾਂ ਮੌਕੇ ਤੇ ਉਸ ਪਾਸੋਂ ਬਣਦੇ ਰੋਡ ਕਟਿੰਗ ਚਾਰਜ਼ਿਜ਼ ਵੀ ਭਰਵਾ ਲਏ ਜਾਂਦੇ ਹਨ। ਪਰੰਤੂ ਉਸ ਵਿਅਕਤੀ ਵੱਲੋਂ ਕੁਨੈਕਸ਼ਨ ਕਰਨ ਉਪਰੰਤ ਮੌਕੇ ਤੇ ਨਗਰ ਨਿਗਮ ਵੱਲੋਂ ਸੜ੍ਹਕ ਨਹੀਂ ਬਣਾਈ ਜਾਂਦੀ। ਉਹਨਾਂ ਕਿਹਾ ਕਿ ਇਹ ਜਿਸ ਵੀ ਅਧਿਕਾਰੀ/ ਕਰਮਚਾਰੀ ਦੀ ਜਿੰਮੇਵਾਰੀ ਹੈ, ਉਸਦੀ ਜਵਾਬਦੇਹੀ ਫਿਕਸ ਕੀਤੀ ਜਾਵੇ। ਉਹਨਾਂ ਦਸਿਆ ਕਿ ਉਹਨਾਂ ਦੇ ਵਾਰਡ ਵਿੱਚ ਪੰਡਿਤ ਜੇਠੂ ਰਾਮ ਹਲਵਾਈ ਦੀ ਦੁਕਾਨ ਕੋਲ ਨਗਰ ਨਿਗਮ ਵੱਲੋਂ ਬਹੁਤ ਹੀ ਵਧੀਆ ਢੰਗ ਨਾਲ ਪੱਥਰ ਆਦਿ ਪਾ ਕੇ ਨਵੀਂ ਸੜ੍ਹਕ ਬਣਾਈ ਗਈ ਸੀ। ਇਸ ਸੜ੍ਹਕ ਤੇ ਕਿਸੇ ਵਿਅਕਤੀ ਵੱਲੋਂ ਕੁਨੈਕਸ਼ਨ ਲੈਣ ਖਾਤਰ ਤਕਰੀਬਨ 62,000/- ਰੁਪਏ ਜਮ੍ਹਾਂ ਕਰਵਾਏ ਗਏ ਸਨ। ਪਰੰਤੂ ਰੋਡ ਕਟਿੰਗ ਵਾਲਾ ਹਿੱਸਾ ਰਿਪੇਅਰ ਨਾ ਕਰਨ ਕਾਰਨ ਸਾਰੀ ਸੜ੍ਹਕ ਦਾ ਬੁਰਾ ਹਾਲ ਹੋ ਚੁੱਕਾ ਹੈ। ਉਹਨਾਂ ਇਹ ਵੀ ਕਿਹਾ ਕਿ ਉਹਨਾਂ ਵੱਲੋਂ ਪਹਿਲਾਂ ਵੀ ਕਿਹਾ ਗਿਆ ਸੀ ਕਿ ਸ਼੍ਰੀ ਪਵਨ ਕੁਮਾਰ, ਜੂਨੀਅਰ ਇੰਜੀਨੀਅਰ ਪਾਸ ਕੰਮ ਜਿਆਦਾ ਹੋਣ ਕਾਰਨ ਉਸਦੇ ਕੰਮ ਦੀ ਵੰਡ ਕਰ ਦਿੱਤੀ ਜਾਵੇ ਅਤੇ ਰੋਡ ਗੈਂਗ ਸ਼ਾਖਾ ਵਿੱਚ ਕਰਮਚਾਰੀਆਂ ਦੀ ਗਿਣਤੀ ਵੀ ਵਧਾਈ ਜਾਵੇ। ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਕਿਹਾ ਕਿ ਜੱਦ ਵੀ ਕਿਸੇ ਵਿਅਕਤੀ ਵੱਲੋਂ ਕਿਸੇ ਜਗ੍ਹਾ ਵਾਟਰ ਸਪਲਾਈ ਜਾਂ ਸੀਵਰ ਦਾ ਕੁਨੈਕਸ਼ਨ ਲਿਆ ਜਾਂਦਾ ਹੈ ਤਾਂ ਪਾਈਪਾਂ ਪਾਉਣ ਉਪਰੰਤ ਉਸ ਜਗ੍ਹਾ ਮਿੱਟੀ ਦੀ ਭਰਤ ਪਾ ਕੇ ਬਿਠਾਉਣ ਲਈ ਥੋੜ੍ਹਾ ਸਮਾਂ ਲਗਦਾ ਹੈ ਤਾਂ ਜੋ ਮਿੱਟੀ ਪੱਧਰ ਹੋ ਸਕੇ। ਉਹਨਾਂ ਕਿਹਾ ਕਿ ਅੱਜ ਦੀ ਮੀਟਿੰਗ ਵਿੱਚ ਕਾਰਵਾਈ ਦਾ ਹਿੱਸਾ ਬਣਾਉਂਦੇ ਹੋਏ ਪਾਸ ਕੀਤਾ ਜਾਵੇ ਕਿ ਜਿਸ ਵੀ ਵਿਅਕਤੀ ਦੀ ਪਾਣੀ ਜਾਂ ਸੀਵਰ ਦਾ ਕੁਨੈਕਸ਼ਨ ਲੈਣ ਖਾਤਰ ਨਗਰ ਨਿਗਮ ਵੱਲੋਂ ਪਰਚੀ ਕੱਟੀ ਜਾਂਦੀ ਹੈ ਤਾਂ ਪਰਚੀ ਕੱਟਣ ਦੀ ਮਿਤੀ ਤੋਂ 30 ਦਿਨਾਂ ਦੇ ਅੰਦਰ-ਅੰਦਰ ਠੇਕੇਦਾਰ ਪਾਸੋਂ ਉਸੇ ਰੇਟਾਂ ਤੇ ਕੰਮ ਕਰਵਾ ਦਿੱਤਾ ਜਾਵੇਗਾ। ਇਸ ਸਬੰਧੀ ਜਲਦ ਹੀ ਹੁਕਮ ਜਾਰੀ ਕਰ ਦਿੱਤੇ ਜਾਣਗੇ।ਸ਼੍ਰੀ ਸੰਦੀਪ ਕੁਮਾਰ, ਕੌਂਸਲਰ ਨੇ ਪੁੱਛਿਆ ਕਿ ਸ਼ਹਿਰ ਵਿੱਚ ਕਿੰਨੀਆਂ ਵਿਉਪਾਰਕ ਬਿਲਡਿੰਗਾਂ ਤੋਂ ਕੂੜ੍ਹਾ ਚੁੱਕਣ ਦਾ ਕਿੰਨ੍ਹਾਂ-ਕਿੰਨ੍ਹਾਂ ਬਿੱਲ ਲਿਆ ਜਾਂਦਾ ਹੈ। ਉਹਨਾਂ ਇਸ ਸਬੰਧੀ ਸਰਵੇ ਕਰਵਾਉਣ ਦੀ ਮੰਗ ਕੀਤੀ। ਉਹਨਾਂ ਕਿਹਾ ਕਿ ਨਗਰ ਨਿਗਮ ਵੱਲੋਂ ਸ਼ਹਿਰ ਵਿੱਚ ਵਿਉਪਾਰਕ ਬਿਲਡਿੰਗਾਂ ਪਾਸੋਂ ਕੂੜ੍ਹਾ ਚੁੱਕਣ ਦੇ ਬਹੁਤ ਜਿਆਦਾ ਪੈਸੇ ਲਏ ਜਾ ਰਹੇ ਹਨ।ਪਰੰਤੂ ਦੁਕਾਨਾਂ ਸਵੇਰੇ 9 ਜਾਂ 10 ਵਜੇ ਖੁਲਦੀਆਂ ਹਨ ਅਤੇ ਕਿਸੇ ਵੀ ਟਿੱਪਰ ਵਾਲਿਆਂ ਪਾਸੋਂ ਦੁਕਾਨਾਂ ਦਾ ਕੂੜ੍ਹਾ ਨਹੀਂ ਚੁੱਕਿਆ ਜਾਂਦਾ। ਉਹਨਾਂ ਇਸ ਸਬੰਧੀ ਵਿਸਥਾਰ ਵਿੱਚ ਜਾਣਕਾਰੀ ਦੇਣ ਦੀ ਮੰਗ ਕੀਤੀ। ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਦਸਿਆ ਕਿ ਦੁਕਾਨਾਂ ਤੋਂ ਕੂੜ੍ਹਾ ਚੁੱਕਣ ਦਾ ਟਾਇਮ ਘਰਾਂ ਤੋਂ ਕੂੜ੍ਹਾ ਚੁੱਕਣ ਦੇ ਸਮੇਂ ਤੋਂ ਵੱਖਰਾ ਹੈ। ਦੁਕਾਨਦਾਰਾਂ ਵੱਲੋਂ ਆਪਣੀ ਦੁਕਾਨ ਸਾਫ ਕਰਕੇ ਕੂੜ੍ਹਾ ਸੜ੍ਹਕ ਤੇ ਸੁੱਟ ਦਿੱਤਾ ਜਾਂਦਾ ਹੈ ਜੋ ਕਿ ਨਾਈਟ ਸਵੀਪਿੰਗ ਜਾਂ ਦਿਨ ਸਮੇਂ ਸਫਾਈ ਕਰਨ ਵਾਲਿਆਂ ਵੱਲੋਂ ਚੁੱਕਿਆ ਜਾਂਦਾ ਹੈ। 100% ਘਰਾਂ ਅਤੇ 100% ਦੁਕਾਨਾਂ ਦਾ ਕੂੜ੍ਹਾ ਨਗਰ ਨਿਗਮ ਵੱਲੋਂ ਚੁੱਕਿਆ ਜਾ ਰਿਹਾ ਹੈ। ਉਹਨਾਂ ਇਹ ਵੀ ਦਸਿਆ ਕਿ ਕਪੜਾ ਮਾਰਕੀਟ ਐਸੋਸੀਏਸ਼ਨ ਵੱਲੋਂ ਨਗਰ ਨਿਗਮ ਨਾਲ ਇਕਰਾਰਨਾਮਾ ਕੀਤਾ ਹੈ ਕਿ ਉਹ ਇੱਕ ਜਗ੍ਹਾ ਕੂੜ੍ਹਾ ਇੱਕਠਾ ਕਰ ਦੇਣਗੇ ਅਤੇ ਨਗਰ ਨਿਗਮ ਨੂੰ ਬਣਦੀ ਰਕਮ ਹਰੇਕ ਦਕਾਨਦਾਰ ਪਾਸੋਂ ਇੱਕਠੀ ਕਰਕੇ ਜਮ੍ਹਾਂ ਕਰਵਾ ਦੇਣਗੇ। ਉਸ ਇੱਕਠੇ ਕੀਤੇ ਹੋਏ ਕੂੜ੍ਹੇ ਨੂੰ ਨਗਰ ਨਿਗਮ ਵੱਲੋਂ ਹਰੇਕ ਦੁਕਾਨ ਤੇ ਨਾ ਜਾ ਕੇ ਇੱਕੋ ਹੀ ਥਾਂ ਤੋਂ ਚੁੱਕ ਲਿਆ ਜਾਂਦਾ ਹੈ। ਉਹਨਾਂ ਇਹ ਵੀ ਜਾਣੂ ਕਰਵਾਇਆ ਕਿ ਜਨਰਲ ਹਾਊਸ ਦੀ ਮੀਟਿੰਗ ਮਿਤੀ 20.03.2023 ਵਿੱਚ ਕਮਰਸ਼ੀਅਲ ਅਦਾਰਿਆਂ ਦੇ ਕੂੜ੍ਹਾ ਚੁੱਕਣ ਦੇ ਰੇਟ ਪਹਿਲਾਂ ਹੀ ਘਟਾਏ ਜਾ ਚੁੱਕੇ ਹਨ। ਹੁਣ ਜੀ.ਆਈ.ਐਸ. ਸਰਵੇ ਕਰਨ ਖਾਤਰ ਵਰਕ ਆਰਡਰ ਦਿੱਤਾ ਜਾ ਚੁੱਕਾ ਹੈ। ਇਸ ਸਰਵੇ ਦੌਰਾਨ ਹਰੇਕ ਦੁਕਾਨ ਦੇ ਬਾਹਰ **QR Code** ਲਗਾ ਦਿੱਤਾ ਜਾਵੇਗਾ, ਜਿਸ ਨਾਲ ਕੂੜ੍ਹਾ ਚੁੱਕਣ ਸਮੇਂ ਉਸ ਸਬੰਧਤ ਦੁਕਾਨਦਾਰ ਨੂੰ ਮੈਸੇਜ਼ ਚਲਾ ਜਾਵੇਗਾ ਕਿ ਅੱਜ ਕਿੰਨੇ ਵਜੇ ਉਸਦੀ ਦੁਕਾਨ ਦਾ ਕੂੜ੍ਹਾ ਚੁੱਕ ਲਿਆ ਗਿਆ ਹੈ।ਸ਼੍ਰੀ ਸੰਦੀਪ ਕੁਮਾਰ, ਕੌਂਸਲਰ ਨੇ ਕਿਹਾ ਕਿ ਮਾਲ ਰੋਡ ਤੇ ਨਗਰ ਨਿਗਮ ਵੱਲੋਂ ਜੋ ਮਲਟੀ ਸਟੋਰੀ ਪਾਰਕਿੰਗ ਬਣਾਈ ਗਈ ਹੈ, ਉਹ

ਬਠਿੰਡਾ ਸ਼ਹਿਰ ਲਈ ਬਹੁਤ ਹੀ ਮਾਨ ਦੀ ਗੱਲ ਹੈ। ਸ਼ਹਿਰ ਨੂੰ ਇੱਕ ਵਧੀਆ ਸੋਗਾਤ ਮਿਲੀ ਹੈ। ਪਰੰਤੂ ਉਹਨਾਂ ਇਤਰਾਜ਼ ਜਤਾਇਆ ਕਿ ਉਦਘਾਟਨ ਸਮੇਂ ਮਾਨਯੋਗ ਮੇਅਰ, ਮਾਨਯੋਗ ਐਮ.ਐਲ.ਏ ਸਾਹਿਬ ਅਤੇ ਮਾਨਯੋਗ ਕਮਿਸ਼ਨਰ ਸਾਹਿਬ ਦੀਆਂ ਗੱਡੀਆਂ ਦੀ ਐਂਟਰੀ ਹੀ ਕੀਤੀ ਗਈ। ਕਿਸੇ ਵੀ ਚੁਣੇ ਹੋਏ ਕੌਂਸਲਰ ਨੂੰ ਉਸ ਉਦਘਾਟਨ ਵਿੱਚ ਕਿਉਂ ਨਹੀਂ ਬੁਲਾਇਆ ਗਿਆ। ਉਹਨਾਂ ਇਹ ਵੀ ਦਸਿਆ ਕਿ ਜੱਦ ਮਾਨਯੋਗ ਮੇਅਰ ਸਾਹਿਬ ਦੇ ਸਹੁਰਾ ਸਾਹਿਬ ਦੀ ਮੋਤ ਹੋ ਗਈ ਸੀ ਤਾਂ ਉਸ ਪਾਰਕਿੰਗ ਦਾ ਇੰਨੀ ਜਲਦੀ ਉਦਘਾਟਨ ਕਰਨ ਦੀ ਕੀ ਲੋੜ ਪੈ ਗਈ ਸੀ। ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਦਸਿਆ ਕਿ ਮਲਟੀਸਟੋਰੀ ਪਾਰਕਿੰਗ ਦਾ ਕੋਈ ਉਦਘਾਟਨ ਨਹੀਂ ਕੀਤਾ ਗਿਆ। ਇਸ ਸਬੰਧੀ ਮਾਨਯੋਗ ਮੁੱਖ ਮੰਤਰੀ, ਪੰਜਾਬ ਜੀ ਨਾਲ ਤਾਲਮੇਲ ਕੀਤਾ ਜਾ ਰਿਹਾ ਹੈ। ਉਕਤ ਪਾਰਕਿੰਗ ਦਾ ਸਿਰਫ ਫਾਊਂਡੇਸ਼ਨ ਸਟੋਨ ਹੀ ਰੱਖਿਆ ਗਿਆ ਹੈ। ਕੋਈ ਉਦਘਾਟਨ ਕਰਨ ਸਬੰਧੀ ਪੱਥਰ ਨਹੀਂ ਲਗਾਇਆ ਗਿਆ। ਇਸ ਪਾਰਕਿੰਗ ਨੂੰ ਟਰਾਇਲ ਬੇਸਿਸ ਤੇ ਹੀ ਸ਼ੁਰੂ ਕੀਤਾ ਗਿਆ ਹੈ। ਇਸਤੋਂ ਇਲਾਵਾ ਸਬੰਧਤ ਠੇਕੇਦਾਰ ਵੱਲੋਂ ਬਣਦੇ ਪੂਰੇ ਪੈਸੇ ਨਗਰ ਨਿਗਮ ਪਾਸ ਜਮ੍ਹਾਂ ਕਰਵਾ ਦਿੱਤੇ ਗਏ ਸਨ। ਜੇਕਰ ਪਾਰਕਿੰਗ ਸ਼ੁਰੂ ਨਹੀਂ ਕੀਤੀ ਜਾਂਦੀ ਸੀ ਤਾਂ ਨਗਰ ਨਿਗਮ ਨੂੰ ਰੋਜ਼ਾਨਾ 30000 ਤੋਂ 35000 ਰੁਪਏ ਤੱਕ ਦਾ ਨੁਕਸਾਨ ਹੋਣਾ ਸੀ। ਉਹਨਾਂ ਦਸਿਆ ਕਿ ਟੈਂਡਰ ਦੀਆਂ ਸ਼ਰਤਾਂ ਮੁਤਾਬਿਕ ਜਦੋਂ ਠੇਕੇਦਾਰ ਵੱਲੋਂ ਬਣਦੇ ਪੈਸੇ ਭਰ ਦਿੱਤੇ ਜਾਣਗੇ ਤਾਂ 72 ਘੰਟਿਆਂ ਦੇ ਅੰਦਰ-ਅੰਦਰ ਪਾਰਕਿੰਗ ਦਾ ਠੇਕਾ ਸ਼ੁਰੂ ਕਰ ਦਿੱਤਾ ਜਾਵੇਗਾ। ਇਸ ਲਈ ਮਿਤੀ 23.06.2023 ਤੱਕ ਇਹ ਪਾਰਕਿੰਗ ਚਾਲੂ ਕਰਨੀ ਜਰੂਰੀ ਸੀ। ਇਸਤੋਂ ਇਲਾਵਾ ਪਾਰਕਿੰਗ ਦਾ ਓਪਚਾਰਿਕ ਉਦਘਾਟਨ ਮਾਨਯੋਗ ਮੁੱਖ ਮੰਤਰੀ, ਪੰਜਾਬ ਜੀ ਪਾਸੋਂ ਕਰਵਾਇਆ ਜਾਵੇਗਾ।ਸ਼੍ਰੀ ਸੰਦੀਪ ਕੁਮਾਰ, ਕੋਂਸਲਰ ਨੇ ਕਿਹਾ ਕਿ ਨਗਰ ਨਿਗਮ ਬਠਿੰਡਾ ਵਿਖੇ ਅਜਿਹੇ ਕਈ ਵਿਅਕਤੀ ਕੰਮ ਕਰ ਰਹੇ ਹਨ ਜੋ ਕਿ ਨਗਰ ਨਿਗਮ ਤੋਂ ਰਿਟਾਇਰ ਹੋ ਕੇ ਇੱਕ ਪਾਸੇ ਤਾਂ ਤਕਰੀਬਨ 35000-40000 ਪੈਨਸ਼ਨ ਲੈ ਰਹੇ ਹਨ ਅਤੇ ਦੂਸਰੇ ਪਾਸੇ ਆਉਟਸੋਰਸ ਤੇ ਕੰਮ ਕਰਕੇ ਬਣਦੇ ਪੈਸੇ ਲੈ ਰਹੇ ਹਨ। ਇਸ ਨਾਲ ਨੋਜਵਾਨਾਂ ਨੂੰ ਬੇਰੋਜ਼ਗਾਰੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਲਈ ਇਹਨਾਂ ਰਿਟਾਇਰ ਕਰਮਚਾਰੀਆਂ ਦੀ ਥਾਂ ਤੇ ਨੋਜਵਾਨਾਂ ਦੀ ਭਰਤੀ ਕੀਤੀ ਜਾਵੇ ਤਾਂ ਜੋ ਬੇਰੋਜ਼ਗਾਰੀ ਤੇ ਕਿਸੇ ਹੱਦ ਤੱਕ ਠੱਲ ਪਾਈ ਜਾ ਸਕੇ। ਉਹਨਾਂ ਕਿਹਾ ਕਿ ਬੇਰੋਜ਼ਗਾਰਾਂ ਦਾ ਸ਼ੋਸ਼ਣ ਨਾ ਕੀਤਾ ਜਾਵੇ। ਇਸਤੇ ਹਾਊਸ ਵਿੱਚ ਮੋਜੂਦ ਸਮੂਹ ਕੋਂਸਲਰ ਸਾਹਿਬਾਨ ਨੇ ਸਹਿਮਤੀ ਜਤਾਈ। ਸ਼੍ਰੀ ਹਰਵਿੰਦਰ ਸਿੰਘ, ਕੋਂਸਲਰ ਵਾਰਡ ਨੰਬਰ 36 ਨੇ ਦਸਿਆ ਕਿ ਉਕਤ ਰਿਟਾਇਰ ਕਰਮਚਾਰੀਆਂ ਵਿੱਚ ਇੱਕ ਰਿਟਾਇਰ ਕਰਮਚਾਰੀ ਤਾਂ ਅਜਿਹਾ ਹੈ, ਜਿਸਦੀ ਡਾਇਲਸਿਸ ਵੀ ਹੁੰਦੀ ਹੈ। ਇਸਤੇ ਨਿਗਰਾਨ ਇੰਜੀਨੀਅਰ, ਨਗਰ ਨਿਗਮ ਬਠਿੰਡਾ ਨੇ ਕਿਹਾ ਕਿ ਕਿਸੇ ਵੀ ਸੰਸਥਾਂ ਨੂੰ ਵਧੀਆ ਢੰਗ ਨਾਲ ਚਲਾਉਣ ਖਾਤਰ ਤਜ਼ਰਬੇਕਾਰ ਵਿਅਕਤੀਆਂ ਦੀ ਲੋੜ ਹੁੰਦੀ ਹੈ। ਇਸ ਲਈ ਇਹ ਕਰਮਚਾਰੀ ਰੱਖੇ ਗਏ ਹਨ। ਸ਼੍ਰੀ ਬਲਜੀਤ ਸਿੰਘ ਸਰਾਂ,ਕੋਂਸਲਰ ਵਾਰਡ ਨੰਬਰ 10 ਨੇ ਕਿਹਾ ਕਿ ਭੱਵਿਖ ਵਿੱਚ ਨਗਰ ਨਿਗਮ ਵਿਖੇ ਕਿਸੇ ਵੀ ਵਿਅਕਤੀ ਨੂੰ ਆਉਟਸੋਰਸ ਤੇ ਰੱਖਣ ਤੋਂ ਪਹਿਲਾਂ ਕਰਮਚਾਰੀਆਂ ਖਾਤਰ ਬਣੀ ਸਬ-ਕਮੇਟੀ ਦੇ ਮੈਂਬਰ ਸਾਹਿਬਾਨ ਪਾਸੋਂ ਮੰਨਜ਼ੂਰੀ ਲਈ ਜਾਵੇ। ਇਸਤੇ ਸਮੂਹ ਕੋਂਸਲਰ ਸਾਹਿਬਾਨ ਵੱਲੋਂ ਸਹਿਮਤੀ ਜਤਾਈ ਗਈ।ਸ਼੍ਰੀ ਸੰਦੀਪ ਕੁਮਾਰ, ਕੋਂਸਲਰ ਨੇ ਕਿਹਾ ਕਿ ਮੰਡੀ ਖੁਰਦ ਵਿਖੇ ਨਗਰ ਨਿਗਮ ਦੀ ਤਕਰੀਬਨ 36 ਏਕੜ੍ਹ ਜਮੀਨ ਹੈ। ਇਸ ਜਮੀਨ ਤੇ ਕਿਸੇ ਅਣਪਛਾਤੇ ਵਿਅਕਤੀਆਂ ਵੱਲੋਂ ਖੇਤੀ ਕੀਤੀ ਜਾ ਰਹੀ ਹੈ। ਇਸ ਨਾਲ ਨਗਰ ਨਿਗਮ ਦਾ ਤਕਰੀਬਨ 10-12 ਲੱਖ ਰੁਪਏ ਦਾ ਸਲਾਨਾ ਨੁਕਸਾਨ ਹੋ ਰਿਹਾ ਹੈ। ਉਹਨਾਂ ਪੁੱਛਿਆ ਕਿ ਇਸ ਜਮੀਨ ਨੂੰ ਕਿਸ ਅਧਿਕਾਰੀ ਵੱਲੋਂ ਠੇਕੇ ਤੇ ਦਿੱਤਾ ਗਿਆ ਹੈ ਅਤੇ ਕਿਸ ਵੱਲੋਂ ਇਸ ਜਮੀਨ ਨੂੰ ਮੌਕੇ ਤੇ ਵਾਹਿਆ ਜਾ ਰਿਹਾ ਹੈ। ਉਹਨਾਂ ਇਸ ਸਬੰਧੀ ਵਿਸਥਾਰਪੂਰਵਕ ਜਾਂਚ ਕਰਵਾਉਣ ਦੀ ਮੰਗ ਕੀਤੀ। ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਕਿਹਾ ਕਿ ਜਲਦ ਹੀ ਜਾਂਚ ਕਰਵਾਈ ਜਾਵੇਗੀ। ਸ਼੍ਰੀ ਸੰਦੀਪ ਕੁਮਾਰ, ਕੋਂਸਲਰ ਵਾਰਡ ਨੰਬਰ 26 ਨੇ ਕਿਹਾ ਕਿ ਮਲਟੀਸਟੋਰੀ ਪਾਰਕਿੰਗ ਦੇ ਉਦਘਾਟਨ ਸਮੇਂ ਤਾਂ ਕੋਂਸਲਰਜ਼ ਨੂੰ ਨਹੀਂ ਬੁਲਾਇਆ ਗਿਆ। ਹੁਣ ਉਹਨਾਂ ਸਾਰਿਆਂ ਦੇ ਨਾਮ ਦਾ ਪੱਥਰ ਤਾਂ ਲਗਾ ਦਿੱਤਾ ਜਾਵੇ। ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਕਿਹਾ ਕਿ ਉਦਘਾਟਨ ਸਮੇਂ ਪੱਥਰ ਲਗਵਾ ਦਿੱਤਾ ਜਾਵੇਗਾ। ਸ਼੍ਰੀ ਅਸ਼ੋਕ ਕੁਮਾਰ, ਸੀਨੀਅਰ ਡਿਪਟੀ ਮੇਅਰ ਨੇ ਨਿਗਮ ਦਫਤਰ ਵਿਖੇ ਵੀ ਕੋਂਸਲਰ ਸਾਹਿਬਾਨ ਦੇ ਨਾਮ ਦਾ ਪੱਥਰ ਲਗਾਉਣ ਦੀ ਮੰਗ ਕੀਤੀ।

ਸ਼੍ਰੀ ਸ਼ਾਮ ਲਾਲ ਗਰਗ, ਕੋਂਸਲਰ ਨੇ ਮੰਗ ਕੀਤੀ ਕਿ ਹਾਜ਼ੀ ਰਤਨ ਚੌਂਕ ਵਿੱਚ ਬਣੇ ਪਾਰਕ ਅਤੇ ਮੈਕਸ ਹਸਪਤਾਲ ਪਾਸ ਬਣੇ ਪਾਰਕ ਦਾ ਸੁਧਾਰ ਕੀਤਾ ਜਾਵੇ। ਇਸਤੇ ਕਿਹਾ ਗਿਆ ਕਿ ਮੌਕਾ ਵੇਖ ਕੇ ਨਿਯਮਾਂ ਅਨੁਸਾਰ ਕੰਮ ਕਰਵਾ ਦਿੱਤਾ ਜਾਵੇਗਾ।

ਸ਼੍ਰੀ ਸੁਰੇਸ਼ ਕੁਮਾਰ, ਕੋਂਸਲਰ ਵਾਰਡ ਨੰਬਰ 22 ਨੇ ਇੱਕ ਦਰਖਾਸਤ ਪੜ੍ਹ ਕੇ ਸੁਣਾਈ ਕਿ ਦਰਖਾਸਤਕਰਤਾ ਵੱਲੋਂ ਨਕਸ਼ਾ ਫਾਇਲ ਨੰਬਰ 56070 ਰਾਹੀਂ ਨਗਰ ਨਿਗਮ ਵਿਖੇ 7,33,176/- ਰੁਪਏ ਜਮਾਂ ਕਰਵਾਏ ਜਾ ਚੁੱਕੇ ਹਨ। ਪਰੰਤੂ ਨਗਰ ਨਿਗਮ ਵੱਲੋਂ ਅਜੇ ਤੱਕ ਨਾਂ ਤਾਂ ਉਸ ਵਿਅਕਤੀ ਦਾ ਨਕਸ਼ਾ ਪਾਸ ਕੀਤਾ ਗਿਆ ਹੈ ਅਤੇ ਨਾ ਹੀ ਪੈਸੇ ਵਾਪਸ ਕੀਤੇ ਜਾ ਰਹੇ ਹਨ। ਉਹਨਾਂ ਕਿਹਾ ਕਿ ਇਸ ਵਿਅਕਤੀ ਦੀ ਮੋਤ ਹੋ ਚੁੱਕੀ ਹੈ ਅਤੇ ਪਰਿਵਾਰ ਸੜ੍ਹਕਾਂ ਤੇ ਆ ਚੁੱਕਾ ਹੈ। ਉਹਨਾਂ ਮੰਗ ਕੀਤੀ ਕਿ ਜਾਂ ਤਾਂ ਇਸਦਾ ਨਕਸ਼ਾ ਪਾਸ ਕੀਤਾ ਜਾਵੇ ਨਹੀਂ ਤਾਂ ਦਰਖਾਸਤਕਰਤਾ ਦੀ ਮੰਗ ਅਨੁਸਾਰ ਸਮੇਤ ਵਿਆਜ਼ ਪੈਸੇ ਵਾਪਸ ਕੀਤੇ ਜਾਣ। ਉਹਨਾਂ ਆਪਣੇ ਵੱਲੋਂ ਇਸ ਸਬੰਧੀ ਮਾਨਯੋਗ ਰਾਸ਼ਟਰਪਤੀ ਜੀ ਅਤੇ ਮਾਨਯੋਗ ਮੁੱਖ ਮੰਤਰੀ ਪੰਜਾਬ ਜੀ ਨੂੰ ਲਿਖਣ ਲਈ ਕਿਹਾ। ਇਸਤੇ ਸ਼੍ਰੀ ਰਾਜਿੰਦਰ ਕੁਮਾਰ, ਨਿਗਮ ਇੰਜੀਨੀਅਰ ਨੇ ਦਸਿਆ ਕਿ ਦਰਖਾਸਤਕਰਤਾ ਵੱਲੋਂ ਆਪਣੀ ਜਗ੍ਹਾ ਦਾ ਕਮਰਸ਼ੀਅਲ ਨਕਸ਼ਾ ਪਾਸ ਕਰਾਉਣ ਲਈ ਜਮ੍ਹਾਂ ਕਰਵਾਇਆ ਗਿਆ ਹੈ। ਪਰੰਤੂ ਇਸਤੇ ਸੀਨੀਅਰ ਟਾਊਨ ਪਲੈਨਰ ਵੱਲੋਂ ਇਤਰਾਜ਼ ਲਗਾਇਆ ਗਿਆ ਹੈ ਕਿ ਇਸ ਸੜ੍ਹਕ ਤੇ ਕਮਰਸ਼ੀਅਲ ਨਕਸ਼ਾ ਪਾਸ ਨਹੀਂ ਕੀਤਾ ਜਾ ਸਕਦਾ। ਇਸ ਗਲਤ ਜਮ੍ਹਾਂ ਕਰਵਾਏ ਗਏ ਨਕਸ਼ਿਆਂ ਦੀਆਂ ਬਣਦੀਆਂ ਫੀਸਾਂ ਵਾਪਸ ਨਹੀਂ ਕੀਤੀਆਂ ਜਾ ਸਕਦੀਆਂ। ਪਰੰਤੂ ਜੋ ਬਾਕੀ ਫੰਡ ਜਮਾਂ ਕਰਵਾਏ ਗਏ ਹਨ ਉਹ ਵਾਪਸ ਕਰ ਦਿੱਤੇ ਜਾਣਗੇ। ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਕਿਹਾ ਕਿ ਉਕਤ ਨਕਸ਼ੇ ਵਿੱਚ ਅਮੈਂਡਮੈਂਟ ਕਰਵਾ ਕੇ ਨਕਸ਼ਾ ਦੁਬਾਰਾ ਜਮ੍ਹਾਂ ਕਰਵਾ ਦਿੱਤਾ ਜਾਵੇ, ਤਾਂ ਜੋ ਉਸਤੇ ਬਿਲਡਿੰਗ ਬਾਈਲਾਜ਼ ਅਨੁਸਾਰ ਵਿਚਾਰ ਕੀਤਾ ਜਾ ਸਕੇ।ਸ਼੍ਰੀ ਸੁਰੇਸ਼ ਕੁਮਾਰ, ਕੋਂਸਲਰ ਨੇ ਮੰਗ ਕੀਤੀ ਕਿ ਸੰਜੇ ਨਗਰ ਦੀਆਂ ਦੋ ਗਲੀਆਂ ਨੰਬਰ 20 ਅਤੇ 2/2 ਸਲਾਟਰ ਹਾਊਸ ਦੀ ਬੈਕਸਾਇਡ ਵਾਲੀ ਗਲੀ ਵਿੱਚ ਜਲਦ ਤੋਂ ਜਲਦ ਸੀਵਰ ਪਾਇਆ ਜਾਵੇ। ਇਸਤੋਂ ਇਲਾਵਾ ਆਵਾ ਬਸਤੀ ਵਿਖੇ ਕੰਮ

ਕਰਾਉਣ ਖਾਤਰ ਜਲਦ ਤੋਂ ਜਲਦ ਟੈਂਡਰ ਲਗਾਇਆ ਜਾਵੇ। ਉਹਨਾਂ ਇਹ ਵੀ ਕਿਹਾ ਕਿ ਨਗਰ ਨਿਗਮ ਵੱਲੋਂ ਹਰ ਸਾਲ ਸ਼ਹਿਰ ਦੀਆਂ ਰੋਡ ਜਾਲੀਆਂ ਸਾਫ ਕਰਨ ਦਾ ਠੇਕਾ ਦਿੱਤਾ ਜਾਂਦਾ ਹੈ। ਉਹਨਾਂ ਇਹ ਠੇਕਾ ਨਾ ਦੇ ਕੇ ਨਗਰ ਨਿਗਮ ਵਿਖੇ ਪੱਕੇ ਤੋਰ ਤੇ ਮੁਲਾਜ਼ਮ ਰੱਖ ਕੇ ਰੋਡ ਜਾਲੀਆਂ ਦੀ ਸਫਾਈ ਕਰਵਾਈ ਜਾਵੇ। ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਨੇ ਕਿਹਾ ਕਿ ਇਸ ਨਾਲ ਜਿੱਥੇ ਵਰਕ ਫੋਰਸ ਵਧੇਗੀ, ਉੱਥੇ ਜਿਆਦਾ ਤਨਖਾਹਾਂ ਵੀ ਦੇਣੀਆਂ ਪੈਣਗੀਆਂ। ਇਸ ਲਈ ਇਹ ਕੰਮ ਠੇਕੇ ਤੇ ਹੀ ਕਰਾਉਣਾ ਬਿਹਤਰ ਹੋਵੇਗਾ।ਸ਼੍ਰੀ ਸੁਰੇਸ਼ ਕੁਮਾਰ, ਕੌਂਸਲਰ ਨੇ ਦਸਿਆ ਕਿ ਨਗਰ ਨਿਗਮ ਵੱਲੋਂ ਸੰਜੇ ਨਗਰ ਟੋਬੇ ਦੀ ਡੀ-ਸਿਲਟਿੰਗ ਕਰਵਾਈ ਗਈ ਸੀ। ਇਸ ਟੋਬੇ ਦੇ ਆਲੇ-ਦੁਆਲੇ ਬਾਊਂਡਰੀ ਵਾਲ ਅਤੇ ਜਾਲੀਆਂ ਵੀ ਲਗਾਈਆਂ ਗਈਆਂ ਸਨ। ਪਰੰਤੂ ਹੁਣ ਇਸ ਟੋਬੇ ਦਾ ਬਹੁਤ ਹੀ ਮਾੜਾ ਹਾਲ ਹੈ। ਉਹਨਾਂ ਜਲਦ ਤੋਂ ਜਲਦ ਇਸਦਾ ਸੁਧਾਰ ਕਰਨ ਦੀ ਮੰਗ ਕੀਤੀ। ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਦਸਿਆ ਕਿ ਇਸ ਟੋਬੇ ਦਾ ਸੁੰਦਰੀਕਰਨ ਕਰਨ ਖਾਤਰ 4.70 ਕਰੋੜ੍ਹ ਰੁਪਏ ਦੇ ਟੈਂਡਰ ਲਗਾ ਦਿੱਤੇ ਗਏ ਹਨ। AMRUT SAROVAR ਸਕੀਮ ਤਹਿਤ ਇਸ ਟੋਬੇ ਦਾ ਸੁੰਦਰੀਕਰਨ ਕੀਤਾ ਜਾਵੇਗਾ। ਇਸ ਜਗ੍ਹਾ ਇੱਕ ਸੈਰਗਾਹ ਵੀ ਬਣਾਈ ਜਾਵੇਗੀ। ਇਸਤੇ ਸ਼੍ਰੀ ਸੁਰੇਸ਼ ਕੁਮਾਰ, ਕੌਂਸਲਰ ਵੱਲੋਂ ਟੈਂਡਰ ਦੀ ਕਾਪੀ ਦੀ ਮੰਗ ਕੀਤੀ, ਤਾਂ ਜੋ ਲੋਕਾਂ ਨੂੰ ਇਸ ਸਬੰਧੀ ਜਾਣੂ ਕਰਵਾਇਆ ਜਾ ਸਕੇ।

ਸ਼੍ਰੀ ਮੱਖਣ ਸਿੰਘ, ਕੌਂਸਲਰ ਵਾਰਡ ਨੰਬਰ 20 ਨੇ ਕਿਹਾ ਕਿ ਉਹਨਾਂ ਦੇ ਵਾਰਡ ਵਿੱਚ ਪਾਰਕ ਦਾ ਕੰਮ ਅਧੂਰਾ ਹੈ। ਇਸ ਪਾਰਕ ਦੀ ਚਾਰਦੀਵਾਰੀ ਵੀ ਹੋਣ ਵਾਲੀ ਹੈ। ਉਹਨਾਂ ਜਲਦ ਤੋਂ ਜਲਦ ਕੰਮ ਪੂਰਾ ਕਰਨ ਦੀ ਮੰਗ ਕੀਤੀ। ਇਸਤੇ ਨਿਗਮ ਇੰਜੀਨੀਅਰ, ਨਗਰ ਨਿਗਮ ਬਠਿੰਡਾ ਨੇ ਕਿਹਾ ਕਿ ਜਲਦ ਹੀ ਕੰਮ ਪੂਰਾ ਕਰਵਾ ਦਿੱਤਾ ਜਾਵੇਗਾ। ਸ਼੍ਰੀ ਮੱਖਣ ਸਿੰਘ, ਕੌਂਸਲਰ ਨੇ ਇਹ ਵੀ ਦਸਿਆ ਕਿ ਉਹਨਾਂ ਦੇ ਵਾਰਡ ਵਿਖੇ ਅਮਰਪੁਰਾ ਬਸਤੀ ਵਿੱਚ ਪੀਣ ਵਾਲਾ ਪਾਣੀ ਸੀਵਰੇਜ਼ ਦੇ ਪਾਣੀ ਨਾਲ ਮਿਕਸ ਹੋ ਕੇ ਗੰਦਾ ਪਾਣੀ ਆ ਰਿਹਾ ਹੈ। ਉਹਨਾਂ ਇਸ ਸਬੰਧੀ ਚੈਕਿੰਗ ਕਰਵਾ ਕੇ ਸਾਫ ਸੁਥਰਾ ਪੀਣ ਵਾਲਾ ਪਾਣੀ ਮੁੱਹਈਆ ਕਰਵਾਉਣ ਦੀ ਮੰਗ ਕੀਤੀ। ਇਸਤੇ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਗਈ ਕਿ ਪਾਣੀ ਚੈਕ ਕਰਵਾਇਆ ਜਾਵੇ ਅਤੇ ਲੋਕਾਂ ਨੂੰ ਪੀਣ ਵਾਲਾ ਸਾਫ ਸੁਥਰਾ ਪਾਣੀ ਮੁੱਹਈਆ ਕਰਵਾਇਆ ਜਾਵੇ।

ਸ਼੍ਰੀ ਵਿਕਰਮ ਕ੍ਰਾਂਤੀ, ਕੌਂਸਲਰ ਵਾਰਡ ਨੰਬਰ 18 ਨੇ ਦਸਿਆ ਕਿ ਕੈਨਾਲ ਕਲੋਨੀ ਡਿਸਪੋਜ਼ਲ ਵਿਖੇ 150 ਐਚ.ਪੀ. ਦੀਆਂ ਮੋਟਰਾਂ ਨਾਲ ਗੰਦੇ ਪਾਣੀ ਦੀ ਨਿਕਾਸੀ ਕੀਤੀ ਜਾਂਦੀ ਹੈ। ਇਸ ਜਗ੍ਹਾ ਪਾਈਪ ਲਾਈਨ ਰੇਲਵੇ ਵਿਭਾਗ ਵੱਲੋਂ ਪਾਈ ਗਈ ਸੀ। ਇਸ ਜਗ੍ਹਾ ਤੋਂ ਸਾਰਾ ਗੰਦਾ ਪਾਣੀ ਬਲਰਾਜ ਨਗਰ ਸਾਈਡ ਕੱਢਿਆ ਜਾਂਦਾ ਹੈ। ਉਹਨਾਂ ਕਿਹਾ ਕਿ ਪਿਛਲੇ ਮਹੀਨੇ ਇਸ ਪਾਈਪ ਲਾਈਨ ਦੇ ਬੰਦ ਹੋਣ ਕਾਰਨ ਬਲਰਾਜ ਨਗਰ ਵਿਖੇ ਗੰਦਾ ਪਾਣੀ ਭਰ ਜਾਣ ਨਾਲ ਉਹਨਾਂ ਵੱਲੋਂ ਧਰਨਾ ਵੀ ਲਗਾਇਆ ਗਿਆ। ਪਰੰਤੂ ਲਾਈਨ ਅਜੇ ਤੱਕ ਵੀ ਚਾਲੂ ਨਹੀਂ ਕੀਤੀ ਗਈ। ਬਲਰਾਜ ਨਗਰ ਵਿਖੇ ਅਜੇ ਵੀ ਗੰਦਾ ਪਾਣੀ ਨਿਕਲ ਰਿਹਾ ਹੈ। ਉਹਨਾਂ ਜਲਦ ਤੋਂ ਜਲਦ ਪਾਈਪ ਲਾਈਨ ਚਾਲੂ ਕਰਵਾਉਣ ਦੀ ਮੰਗ ਕੀਤੀ। ਸ਼੍ਰੀ ਅਸ਼ੋਕ ਕੁਮਾਰ, ਸੀਨੀਅਰ ਡਿਪਟੀ ਮੇਅਰ ਨੇ ਕਿਹਾ ਕਿ ਉਕਤ ਪਾਈਪ ਲਾਈਨ ਰੇਲਵੇ ਵਿਭਾਗ ਵੱਲੋਂ ਪਵਾਈ ਗਈ ਹੈ। ਰੇਲਵੇ ਵਿਭਾਗ ਨਾਲ ਤਾਲਮੇਲ ਕਰਕੇ ਜਲਦੀ ਪਾਈਪ ਲਾਈਨ ਚਾਲੂ ਕਰਵਾਈ ਜਾਵੇ। ਜੇਕਰ ਸੰਭਵ ਹੋ ਸਕੇ ਤਾਂ Amrut Scheme ਤਹਿਤ ਇਸ ਹਿੱਸੇ ਨੂੰ ਵੀ ਸ਼ਾਮਲ ਕਰਦੇ ਹੋਏ ਸਮੱਸਿਆ ਦਾ ਹੱਲ ਕੀਤਾ ਜਾਵੇ।ਸ਼੍ਰੀ ਵਿਕਰਮ ਕ੍ਰਾਂਤੀ, ਕੌਂਸਲਰ ਨੇ ਕਿਹਾ ਕਿ ਜੱਦ ਤੱਕ ਪਾਈਪ ਲਾਈਨ ਚਾਲੂ ਨਹੀ ਹੁੰਦੀ, ਉਸ ਸਮੇਂ ਤੱਕ ਬਲਰਾਜ ਨਗਰ ਗਲੀ ਨੰਬਰ 9 ਵਿਖੇ ਨਾਲੇ ਦੀ ਗਾਰ ਹੀ ਕਢਵਾ ਦਿੱਤੀ ਜਾਵੇ ਤਾਂ ਜੋ ਬਰਸਾਤਾਂ ਦੋਰਾਨ ਲੋਕਾਂ ਨੂੰ ਕਿਸੇ ਕਿਸਮ ਦੀ ਪਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਉਹਨਾਂ ਸੰਜੇ ਨਗਰ ਟੋਬੇ ਦਾ ਸੁੰਦਰੀਕਰਨ ਕਰਨ ਦੀ ਵੀ ਮੰਗ ਕੀਤੀ।

ਸ਼੍ਰੀ ਬਲਰਾਜ ਸਿੰਘ, ਕੌਂਸਲਰ ਵਾਰਡ ਨੰਬਰ 16 ਨੇ ਕਿਹਾ ਕਿ ਉਹ ਨਗਰ ਨਿਗਮ ਅਤੇ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਦੇ ਸਮੂਹ ਅਧਿਕਾਰੀਆਂ ਅਤੇ ਕਰਮਚਾਰੀਆਂ ਦੇ ਕੰਮਕਾਜ਼ ਤੋਂ ਬਹੁਤ ਜਿਆਦਾ ਖੁਸ਼ ਹਨ। ਹਰੇਕ ਮੁਲਾਜ਼ਮ ਪੂਰੀ ਤਨਦੇਹੀ ਨਾਲ ਕੰਮ ਕਰਦਾ ਹੈ। ਉਹਨਾਂ ਮੰਗ ਕੀਤੀ ਕਿ ਸਮੂਹ ਕੌਂਸਲਰ ਸਾਹਿਬਾਨ ਦੇ ਆਈ.ਡੀ. ਕਾਰਡ ਬਣਾ ਕੇ ਮਲਟੀਸਟੋਰੀ ਪਾਰਕਿੰਗ ਵਿਖੇ ਕੌਂਸਲਰ ਸਾਹਿਬਾਨ ਲਈ ਪਾਰਕਿੰਗ ਮੁਫਤ ਕੀਤੀ ਜਾਵੇ। ਉਹਨਾਂ ਸਮੂਹ ਕੌਂਸਲਰ ਸਾਹਿਬਾਨ ਦੇ ਨਾਮ ਦਾ ਪੱਥਰ ਲਗਾਉਣ ਦੀ ਵੀ ਮੰਗ ਕੀਤੀ। ਉਹਨਾਂ ਕਿਹਾ ਕਿ ਮੰਡੀ ਖੁਰਦ ਵਿਖੇ ਨਗਰ ਨਿਗਮ ਦੀ ਜਗ੍ਹਾ ਦਾ ਠੇਕਾ ਖੁਰਦ ਬੁਰਦ ਹੋਇਆ ਹੈ। ਉਹਨਾਂ ਜਲਦ ਤੋਂ ਜਲਦ ਇਸ ਸਬੰਧੀ ਵਿਜ਼ੀਲੈਂਸ ਵਿਭਾਗ ਪਾਸੋਂ ਜਾਂਚ ਕਰਵਾਉਣ ਦੀ ਮੰਗ ਕੀਤੀ। ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਦਸਿਆ ਕਿ ਇਸ ਸਬੰਧੀ ਪਹਿਲਾਂ ਹੀ ਸੀ.ਬੀ.ਆਈ. ਇਨਕੁਆਰੀ ਚੱਲ ਰਹੀ ਹੈ, ਤਾਂ ਸ਼੍ਰੀ ਅਸ਼ੋਕ ਕੁਮਾਰ, ਸੀਨੀਅਰ ਡਿਪਟੀ ਮੇਅਰ ਨੇ ਕਿਹਾ ਕਿ ਸੀ.ਬੀ.ਆਈ. ਇਨਕੁਆਰੀ ਤਾਂ ਜਮੀਨ ਦੀ ਖਰੀਦ ਵੇਚ ਸਬੰਧੀ ਹੈ। ਇਹ ਮਾਮਲਾ ਜਮੀਨ ਠੇਕੇ ਤੇ ਦੇਣ ਅਤੇ ਕਿਸੇ ਅਣਪਛਾਤੇ ਵਿਅਕਤੀ ਵੱਲੋਂ ਮੌਕੇ ਤੇ ਜਮੀਨ ਵਾਹੁਣ ਦਾ ਹੈ। ਸ਼੍ਰੀ ਬਲਰਾਜ ਸਿੰਘ, ਕੌਂਸਲਰ ਨੇ ਤਹਿਸੀਲਦਾਰ ਵੱਲੋਂ ਆਮ ਲੋਕਾਂ ਦੀਆਂ ਰਜਿਸਟਰੀਆਂ ਕਰਨ ਖਾਤਰ ਐਨ.ਓ.ਸੀ. ਦੀ ਮੰਗ ਕੀਤੀ ਜਾਂਦੀ ਹੈ। ਨਗਰ ਨਿਗਮ ਵੱਲੋਂ ਜੋ ਏਰੀਏ ਅਧਿਕਾਰਤ ਕੀਤੇ ਹੋਏ ਹਨ, ਅਰਥਾਤ ਜਿੰਨ੍ਹਾਂ ਏਰੀਆ ਵਿੱਚ ਐਨ.ਓ.ਸੀ ਲੋੜੀਂਦੀ ਨਹੀਂ ਹੈ, ਉਸਦੀ ਕਾਪੀ ਦਿੱਤੀ ਜਾਵੇ ਤਾਂ ਜੋ ਤਹਿਸੀਲਦਾਰ ਨੂੰ ਦਿਖਾਈ ਜਾ ਸਕੇ। ਉਹਨਾਂ ਇਹ ਵੀ ਦਸਿਆ ਕਿ ਉਹਨਾਂ ਦੇ ਵਾਰਡ ਵਿੱਚ ਅੰਡਰਬਰਿਜ ਅਤੇ ਓਵਰਬਰਿਜ ਜਿਆਦਾ ਹਨ। ਪਰੰਤੂ ਉਹਾਂ ਪੁੱਲਾਂ ਦੇ ਕੋਈ ਨੰਬਰ ਨਾ ਹੋਣ ਕਾਰਨ ਬਾਹਰ ਤੋਂ ਆਉਣ ਵਾਲੇ ਵਿਅਕਤੀਆਂ ਨੂੰ ਆਮ ਪਬਲਿਕ ਵੱਲੋਂ ਆਪਣਾ ਪਤਾ ਦੇਣਾ ਮੁਸ਼ਕਿਲ ਹੋ ਜਾਂਦਾ ਹੈ। ਉਹਨਾਂ ਜਲਦ ਤੋਂ ਜਲਦ ਇਹਨਾਂ ਪੁੱਲਾਂ ਦੇ ਨੰਬਰ ਲਗਾਉਣ ਦੀ ਮੰਗ ਕੀਤੀ। ਉਹਨਾਂ ਇਹ ਵੀ ਕਿਹਾ ਕਿ ਉਹਨਾਂ ਵੱਲੋਂ ਪਹਿਲਾਂ ਵੀ JITF ਨਾਲ ਚੱਲ ਰਹੇ ਮਸਲੇ ਬਾਰੇ ਜਾਣਕਾਰੀ ਮੰਗੀ ਸੀ, ਜੋ ਕਿ ਅਜੇ ਤੱਕ ਮੁੱਹਈਆ ਨਹੀਂ ਕਰਵਾਈ ਗਈ। ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਦਸਿਆ ਕਿ ਲਗਭਗ 38% ਕੰਮ ਪੂਰਾ ਹੋ ਚੁੱਕਿਆ ਹੈ। ਮੌਕੇ ਤੇ ਰੈਮੀਡੇਸ਼ਨ ਦਾ ਕੰਮ ਚੱਲ ਰਿਹਾ ਹੈ। ਇਸ ਸਬੰਧੀ ਲੋੜੀਂਦੀ ਮਸ਼ੀਨਰੀ ਵੀ ਆ ਚੁੱਕੀ ਹੈ। ਮਾਹ ਦਸੰਬਰ 2023 ਤੱਕ ਇਹ ਕੰਮ ਮੁਕੰਮਲ ਹੋ ਜਾਵੇਗਾ। ਸ਼੍ਰੀ ਬਲਰਾਜ ਸਿੰਘ, ਕੌਂਸਲਰ ਨੇ ਉਹਨਾਂ ਦੇ ਵਾਰਡ ਵਿੱਚ ਮਾਨਸਾ ਰੋਡ ਤੇ ਪੈਂਦੇ ਅੰਡਰਬਰਿਜ ਵਿੱਚ ਬਰਸਾਤਾਂ ਦੋਰਾਨ ਪਾਣੀ ਦੇ ਖੜੇ

ਹੋਣ ਦੀ ਸਮੱਸਿਆ ਦਾ ਹੱਲ ਕਰਨ ਬਾਰੇ ਪੁੱਛਣ ਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਦਸਿਆ ਕਿ Amrut Scheme ਤਹਿਤ ਤਖਮੀਨੇ ਬਣਾ ਕੇ ਲੋੜੀਂਦਾ ਕੰਮ ਕਰਵਾ ਦਿੱਤਾ ਜਾਵੇਗਾ।

ਸ਼੍ਰੀ ਵਿਵੇਕ ਗਰਗ, ਕੌਂਸਲਰ ਵਾਰਡ ਨੰਬਰ 14 ਨੇ ਦਸਿਆ ਕਿ ਉਹਨਾਂ ਦੇ ਵਾਰਡ ਵਿੱਚ ਗੈਰ ਕਾਨੂੰਨੀ ਢੰਗ ਨਾਲ ਬਣੇ ਗਰੀਬ ਲੋਕਾਂ ਦੇ ਘਰ ਤਾਂ ਢਾਹ ਦਿੱਤੇ ਗਏ ਹਨ, ਜਦਕਿ ਵੱਡੀ ਬਣੀ ਬਿਲਡਿੰਗ ਤੇ ਅਜੇ ਤੱਕ ਕੋਈ ਕਾਰਵਾਈ ਨਹੀਂ ਕੀਤੀ ਗਈ। ਇਸਤੇ ਨਿਗਮ ਇੰਜੀਨੀਅਰ, ਨਗਰ ਨਿਗਮ ਬਠਿੰਡਾ ਵੱਲੋਂ ਦਸਿਆ ਗਿਆ ਕਿ ਇਸ ਸਬੰਧੀ ਕਾਰਵਾਈ ਚੱਲ ਰਹੀ ਹੈ। ਸ਼੍ਰੀ ਵਿਵੇਕ ਗਰਗ, ਕੌਂਸਲਰ ਨੇ ਪਬਲਿਕ ਹੈਲਥ ਵਿਭਾਗ ਪਾਸੋਂ ਕੰਮ ਲੈ ਕੇ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਨੂੰ ਦੇਣ ਦੇ ਮਸਲੇ ਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਦਸਿਆ ਕਿ ਇਸ ਸਬੰਧੀ ਤਜਵੀਜ ਬਣਾਈ ਜਾ ਰਹੀ ਹੈ। ਜਲਦ ਹੀ ਹਾਊਸ ਵਿੱਚ ਪੇਸ਼ ਕੀਤੀ ਜਾਵੇਗੀ। ਸ਼੍ਰੀ ਵਿਵੇਕ ਗਰਗ, ਕੌਂਸਲਰ ਨੇ ਦਸਿਆ ਕਿ ਮਾਡਲ ਟਾਊਨ ਦੇ ਕੁੱਝ ਏਰੀਆ ਵਿੱਚ ਅਜੇ ਤੱਕ ਰੋਡ ਜਾਲੀਆਂ ਦੀ ਸਫਾਈ ਨਹੀਂ ਕੀਤੀ ਗਈ। ਸ਼੍ਰੀ ਅਸ਼ੋਕ ਕੁਮਾਰ, ਸੀਨੀਅਰ ਡਿਪਟੀ ਮੇਅਰ ਨੇ ਕਿਹਾ ਕਿ ਜਿੰਨ੍ਹਾਂ ਦੋ ਜ਼ੋਨਾਂ ਦੀਆਂ ਰੋਡ ਜਾਲੀਆਂ ਦੀ ਸਫਾਈ ਦਾ ਕੰਮ ਤ੍ਰਿਵੇਣੀ ਕੰਪਨੀ ਵੱਲੋਂ ਕੀਤਾ ਜਾਂਦਾ ਹੈ, ਉਹ ਤਸੱਲੀਬਖਸ਼ ਨਾ ਹੋਣ ਕਾਰਨ ਇੰਨ੍ਹਾਂ ਜ਼ੋਨਾਂ ਦੀਆਂ ਰੋਡ ਜਾਲੀਆਂ ਦੀ ਸਫਾਈ ਵੀ ਨਗਰ ਨਿਗਮ ਵੱਲੋਂ ਆਪਣੇ ਪੱਧਰ ਤੇ ਕਰਵਾਈ ਜਾਵੇ। ਇਸ ਸਬੰਧੀ ਉਹਨਾਂ ਤ੍ਰਿਵੇਣੀ ਕੰਪਨੀ ਪਾਸੋਂ ਉਕਤ ਕੰਮ ਵਾਪਸ ਲੈਣ ਖਾਤਰ ਮਤਾ ਪਾਉਣ ਲਈ ਤਜਵੀਜ ਪੇਸ਼ ਕਰਨ ਦੀ ਮੰਗ ਕੀਤੀ।

ਸ਼੍ਰੀ ਹਰਪਾਲ ਸਿੰਘ ਢਿੱਲੋਂ, ਕੌਂਸਲਰ ਵਾਰਡ ਨੰਬਰ 8 ਨੇ ਕਿਹਾ ਕਿ ਨਗਰ ਨਿਗਮ ਵੱਲੋਂ ਉਹਨਾਂ ਦੀ ਪਾਰਟੀ ਦੇ ਕੌਂਸਲਰ ਸਾਹਿਬਾਨ ਦਾ ਕੋਈ ਵੀ ਵਿਕਾਸ ਦੇ ਕੰਮ ਕਰਵਾਉਣ ਸਬੰਧੀ ਟੈਂਡਰ ਨਹੀਂ ਲਗਾਇਆ ਜਾਂਦਾ। ਉਹਨਾਂ ਦੇ ਵਾਰਡਾਂ ਵਿੱਚ ਪੀ.ਸੀ. ਇੰਟਰਲਾਕਿੰਗ ਟਾਇਲਾਂ ਅਤੇ ਹੋਰ ਵਿਕਾਸ ਦੇ ਕੰਮਾਂ ਦੇ ਟੈਂਡਰ/ਵਰਕ ਆਰਡਰ ਹੋਣ ਵਾਲੇ ਹਨ, ਜੋ ਕਿ ਅਜੇ ਤੱਕ ਨਹੀਂ ਕੀਤੇ ਗਏ। ਉਹਨਾਂ ਇਹ ਵੀ ਕਿਹਾ ਕਿ ਉਹਨਾਂ ਦੇ ਵਾਰਡ ਵਿੱਚੋਂ ਅਜੇ ਤੱਕ ਕੋਈ ਵੀ ਬੇਸਹਾਰਾ ਪਸ਼ੂ ਨਹੀਂ ਫੜਿਆ ਗਿਆ। ਉਹਨਾਂ ਬੀਬੀ ਵਾਲਾ ਰੋਡ ਤੇ ਢਿਲੋਂ ਜਿੰਮ ਦੇ ਨਾਲ ਲਗਦੀਆਂ ਦੋ ਗਲੀਆਂ ਨੰਬਰ 13/A ਅਤੇ 13/B ਵਿੱਚ ਪਹਿਲ ਦੇ ਆਧਾਰ ਤੇ 10 ਫੁੱਟ ਵੱਡੀ ਪਾਣੀ ਦੀ ਪਾਈਪ ਲਾਈਨ ਪਾਉਣ ਦੀ ਮੰਗ ਕੀਤੀ। ਉਹਨਾਂ ਇਹ ਵੀ ਦਸਿਆ ਕਿ ਉਹਨਾਂ ਦੇ ਵਾਰਡ ਵਿੱਚ ਰੋਡ ਜਾਲੀਆਂ ਦੀ ਸਫਾਈ ਨਹੀਂ ਕਰਵਾਈ ਗਈ ਅਤੇ ਨਾ ਹੀ ਡੀ-ਸਿਲਟਿੰਗ ਕੀਤੀ ਗਈ ਹੈ। ਉਹਨਾਂ ਇਹ ਵੀ ਕਿਹਾ ਕਿ ਉਹਨਾਂ ਦੇ ਵਾਰਡ ਵਿੱਚ ਤਿੰਨ ਕੂੜ੍ਹੇ ਦੇ ਡੰਪ ਹਨ। ਉਹਨਾਂ ਡੀ.ਏ.ਵੀ ਕਾਲਜ ਦੇ ਸਾਹਮਣੇ ਮੇਨ ਬੀਬੀ ਵਾਲਾ ਰੋਡ ਤੇ ਬਣੇ ਕੂੜ੍ਹੇ ਦੇ ਡੰਪ ਨੂੰ ਖਤਮ ਕਰਨ ਦੀ ਮੰਗ ਕੀਤੀ। ਉਹਨਾਂ ਆਪਣੇ ਵਾਰਡ ਦੇ ਆਵਾਰਾ ਕੁੱਤਿਆਂ ਤੋਂ ਆ ਰਹੀ ਸਮੱਸਿਆ ਦੇ ਹੱਲ ਦੀ ਵੀ ਮੰਗ ਕੀਤੀ। ਉਹਨਾਂ ਇਹ ਵੀ ਮੰਗ ਕੀਤੀ ਕਿ ਨਗਰ ਨਿਗਮ ਵਿਖੇ ਕੰਮ ਕਰ ਰਹੇ ਰਿਟਾਇਰ ਕਰਮਚਾਰੀਆਂ ਦੀ ਥਾਂ ਤੇ ਨੋਜਵਾਨਾਂ ਦੀ ਭਰਤੀ ਕੀਤੀ ਜਾਵੇ ਅਤੇ ਆਊਟਸੋਰਸ ਤੇ ਕੰਮ ਕਰ ਰਹੇ ਮੁਲਾਜ਼ਮਾਂ ਨੂੰ ਰੈਗੂਲਰ ਕੀਤਾ ਜਾਵੇ। ਉਹਨਾਂ ਦਸਿਆ ਕਿ ਕਈ ਲੋਕਾਂ ਵੱਲੋਂ ਆਪਣੇ ਪਲਾਟ ਖਰੀਦ ਕਰਨ ਸਮੇਂ ਨਗਰ ਨਿਗਮ ਵੱਲੋਂ ਐਨ.ਓ.ਸੀ. ਲਈ ਗਈ ਸੀ। ਪਰੰਤੂ ਨਕਸ਼ਾ ਪਾਸ ਕਰਵਾਉਣ ਸਮੇਂ ਐਨ.ਓ.ਸੀ. ਨਹੀਂ ਦਿੱਤਾ ਜਾ ਰਿਹਾ। ਉਹਨਾਂ ਇਸ ਸਬੰਧੀ ਤਜਵੀਜ ਬਣਾ ਕੇ ਮਸਲਾ ਹੱਲ ਕਰਨ ਦੀ ਮੰਗ ਕੀਤੀ। ਇਸਤੇ ਨਿਗਮ ਇੰਜੀਨੀਅਰ, ਨਗਰ ਨਿਗਮ ਬਠਿੰਡਾ ਨੇ ਕਿਹਾ ਕਿ ਪ੍ਰੋਵੀਜ਼ਨਲ ਐਨ.ਓ.ਸੀ. ਦੀ ਥਾਂ ਤੇ ਰੈਗੂਲਰ ਐਨ.ਓ.ਸੀ. ਲੈਣੀ ਪੈਂਦੀ ਹੈ। ਸ਼੍ਰੀ ਹਰਪਾਲ ਸਿੰਘ ਕੌਂਸਲਰ ਨੇ ਮੰਗ ਕੀਤੀ ਕਿ ਅੱਜ ਦੀ ਮੀਟਿੰਗ ਵਿੱਚ ਕੁੱਝ ਚੌਂਕਾ ਦੇ ਨਾਮ ਬਦਲਣ ਸਬੰਧੀ ਏਜੰਡੇ ਲਗਾਏ ਗਏ ਹਨ। ਉਹਨਾਂ ਇੰਨ੍ਹਾਂ ਚੌਂਕਾ ਦੇ ਨਾਮ ਨਾ ਬਦਲਣ ਦੀ ਮੰਗ ਕੀਤੀ। ਉਹਨਾਂ ਇਹ ਵੀ ਕਿਹਾ ਕਿ ਜੇਕਰ ਨਾਮ ਬਦਲੇ ਹੀ ਜਾਂਦੇ ਹਨ ਤਾਂ ਉਹਨਾਂ ਦੇ ਵਾਰਡ ਵਿੱਚ ਬਰਨਾਲਾ ਬਾਈ ਪਾਸ ਤੇ ਕੈਂਟ ਪਾਸ ਸੜ੍ਹਕ ਦਾ ਨਾਮ ਸਾਹਿਬਜਾਦਾ ਜੁਝਾਰ ਸਿੰਘ ਰੋਡ ਅਤੇ ਚੌਂਕ ਦਾ ਨਾਮ ਸਾਹਿਬਜਾਦਾ ਜੁਝਾਰ ਸਿੰਘ ਚੌਂਕ ਰੱਖਿਆ ਜਾਵੇ। ਨਗਰ ਨਿਗਮ ਵੱਲੋਂ ਜੋ ਵੱਖ-ਵੱਖ ਗਊਸ਼ਾਲਾਵਾਂ ਵਿੱਚ ਪਸ਼ੂ ਛੱਡੇ ਹੋਏ ਹਨ, ਉਹਨਾਂ ਦੀ ਡਾਇਟ ਮਨੀ ਸਬੰਧੀ ਸਵਾਲ ਪੁੱਛਣ ਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਦਸਿਆ ਕਿ ਜਿੰਨ੍ਹਾਂ ਪਸ਼ੂਆਂ ਦੀ ਮੋਤ ਹੋ ਜਾਂਦੀ ਹੈ, ਉਹਨਾਂ ਦੀ ਡਾਇਟ ਮਨੀ ਨਗਰ ਨਿਗਮ ਵੱਲੋਂ ਨਹੀਂ ਦਿੱਤੀ ਜਾਂਦੀ। ਉਹਨਾਂ ਤੇ ਲੱਗੇ ਟੈਗ ਵੀ ਨਗਰ ਨਿਗਮ ਵੱਲੋਂ ਵਾਪਸ ਲੈ ਲਏ ਜਾਂਦੇ ਹਨ।

ਸ਼੍ਰੀ ਬਲਜਿੰਦਰ ਸਿੰਘ, ਕੌਂਸਲਰ ਵਾਰਡ ਨੰਬਰ 30 ਵੱਲੋਂ ਡੀ.ਏ.ਵੀ. ਕਾਲਜ ਪੌਂਡ ਦੀ ਬੈਕਸਾਇਡ ਲੋਕਾਂ ਵਲੌਂ ਅਣਅਧਿਕਾਰਤ ਤੋਰ ਤੇ ਕੀਤੀ ਜਾ ਰਹੀ ਦੱਬ ਨੂੰ ਦੂਰ ਕਰਵਾਉਣ ਦੀ ਮੰਗ ਕੀਤੀ।

ਇਸ ਉਪਰੰਤ ਸਮਾਂ ਜਿਆਦਾ ਹੋ ਜਾਣ ਕਾਰਨ ਸਰਵ-ਸੰਮਤੀ ਨਾਲ ਇਹ ਫੈਸਲਾ ਲਿਆ ਗਿਆ ਕਿ ਇਹ ਮੀਟਿੰਗ ਮਿਤੀ 07.07.2023 ਨੂੰ ਸਵੇਰੇ 11.00 ਵਜੇ ਤੱਕ ਮੁਲਤਵੀ ਕਰ ਦਿੱਤੀ ਜਾਵੇ ਤਾਂ ਜੋ ਪੇਸ਼ ਕੀਤੇ ਮੁੱਦਿਆਂ ਤੇ ਵਿਚਾਰ ਕੀਤਾ ਜਾ ਸਕੇ।

ਉਕਤ ਦੇ ਮੱਦੇ ਨਜ਼ਰ ਮੀਟਿੰਗ ਮਿਤੀ 07.07.2023 ਨੂੰ ਸਵੇਰੇ 11.00 ਵਜੇ ਤੱਕ ਮੁਲਤਵੀ ਕੀਤੀ ਜਾਂਦੀ ਹੈ।

**ਮੇਅਰ**
**ਨਗਰ ਨਿਗਮ, ਬਠਿੰਡਾ।**

# ਨਗਰ ਨਿਗਮ, ਬਠਿੰਡਾ।

## ਕਾਰਵਾਈ ਜਨਰਲ ਹਾਊਸ ਦੀ ਮੀਟਿੰਗ ਮਿਤੀ 07.07.2023 ਨੂੰ ਸਵੇਰੇ 11.00 ਵਜੇ

ਅੱਜ ਮਿਤੀ 07.07.2023 ਨੂੰ ਸਵੇਰੇ 11.00 ਵਜੇ ਸ਼੍ਰੀਮਤੀ ਰਮਨ ਗੋਇਲ, ਮੇਅਰ, ਨਗਰ ਨਿਗਮ ਬਠਿੰਡਾ ਜੀ ਦੀ ਪ੍ਰਧਾਨਗੀ ਹੇਠ ਜਨਰਲ ਹਾਊਸ ਦੀ ਮਿਤੀ 05.07.2023 ਨੂੰ ਮੁਲਤਵੀ ਕੀਤੀ ਮੀਟਿੰਗ ਨਗਰ ਨਿਗਮ ਦੇ ਮੀਟਿੰਗ ਹਾਲ ਵਿੱਚ ਹੋਈ। ਮੀਟਿੰਗ ਵਿੱਚ ਹੇਠ ਲਿਖੇ ਕੌਂਸਲਰ ਸਾਹਿਬਾਨ ਨੇ ਹਿੱਸਾ ਲਿਆ।

| ਲੜੀ ਨੰ: | ਕੌਂਸਲਰ ਦਾ ਨਾਮ ਸਰਵ ਸ਼੍ਰੀ/ਸ਼੍ਰੀਮਤੀ | ਵਾਰਡ ਨੰਬਰ | ਅਹੁੱਦਾ |
|---|---|---|---|
| 1 | ਅਮਨਦੀਪ ਕੋਰ | 1 | ਕੌਂਸਲਰ |
| 2 | ਸੁਖਦੇਵ ਸਿੰਘ | 4 | ਕੌਂਸਲਰ |
| 3 | ਸੋਨੀਆ | 5 | ਕੌਂਸਲਰ |
| 4 | ਬੇਅੰਤ ਸਿੰਘ ਰੰਧਾਵਾ | 6 | ਕੌਂਸਲਰ |
| 5 | ਹਰਪਾਲ ਸਿੰਘ ਢਿੱਲੋਂ | 8 | ਕੌਂਸਲਰ |
| 6 | ਵੀਰਪਾਲ ਕੋਰ | 9 | ਕੌਂਸਲਰ |
| 7 | ਬਲਜੀਤ ਸਿੰਘ ਸਰਾਂ | 10 | ਕੌਂਸਲਰ |
| 8 | ਅਸ਼ੇਸ਼ਰ ਪਾਸਵਾਨ | 12 | ਕੌਂਸਲਰ |
| 9 | ਗੁਰਦੇਵ ਕੋਰ | 13 | ਕੌਂਸਲਰ |
| 10 | ਵਿਵੇਕ ਗਰਗ | 14 | ਕੌਂਸਲਰ |
| 11 | ਵਿਕਰਮ ਕ੍ਰਾਂਤੀ | 18 | ਕੌਂਸਲਰ |
| 12 | ਸ਼ੀਲਾ ਰਾਣੀ | 19 | ਕੌਂਸਲਰ |
| 13 | ਮੱਖਣ ਸਿੰਘ | 20 | ਕੌਂਸਲਰ |
| 14 | ਸੁਰੇਸ਼ ਚੋਹਾਨ | 22 | ਕੌਂਸਲਰ |
| 15 | ਕਿਰਨ ਰਾਣੀ | 23 | ਕੌਂਸਲਰ |
| 16 | ਕਮਲਜੀਤ ਕੋਰ | 25 | ਕੌਂਸਲਰ |
| 17 | ਸੰਦੀਪ ਕੁਮਾਰ | 26 | ਕੌਂਸਲਰ |
| 18 | ਉਸ਼ਾ ਗੋਇਲ | 27 | ਕੌਂਸਲਰ |
| 19 | ਹਰਮੰਦਰ ਸਿੰਘ | 28 | ਡਿਪਟੀ ਮੇਅਰ |
| 20 | ਬਲਜਿੰਦਰ ਸਿੰਘ | 30 | ਕੌਂਸਲਰ |
| 21 | ਪ੍ਰਵੀਨ ਗਰਗ | 31 | ਕੌਂਸਲਰ |
| 22 | ਉਮੇਸ਼ ਗਰਗ | 32 | ਕੌਂਸਲਰ |
| 23 | ਜਸਵੀਰ ਸਿੰਘ | 34 | ਕੌਂਸਲਰ |
| 24 | ਹਰਵਿੰਦਰ ਸਿੰਘ | 36 | ਕੌਂਸਲਰ |
| 25 | ਅਸ਼ੋਕ ਕੁਮਾਰ | 37 | ਸੀਨੀਅਰ ਡਿਪਟੀ ਮੇਅਰ |
| 26 | ਮਮਤਾ ਸੈਣੀ | 38 | ਕੌਂਸਲਰ |
| 27 | ਪੁਸ਼ਪਾ ਰਾਣੀ | 39 | ਕੌਂਸਲਰ |
| 28 | ਆਤਮਾ ਸਿੰਘ | 40 | ਕੌਂਸਲਰ |
| 29 | ਕੁਲਵਿੰਦਰ ਕੋਰ | 41 | ਕੌਂਸਲਰ |
| 30 | ਸੁਖਰਾਜ ਸਿੰਘ ਔਲਖ | 42 | ਕੌਂਸਲਰ |
| 31 | ਅਨੀਤਾ ਗੋਇਲ | 43 | ਕੌਂਸਲਰ |
| 32 | ਇੰਦਰਜੀਤ ਸਿੰਘ | 44 | ਕੌਂਸਲਰ |
| 33 | ਰਾਜ ਰਾਣੀ | 45 | ਕੌਂਸਲਰ |
| 34 | ਰਤਨ ਰਾਹੀ | 46 | ਕੌਂਸਲਰ |
| 35 | ਮਮਤਾ | 47 | ਕੌਂਸਲਰ |
| 36 | ਕਮਲੇਸ਼ ਮਹਿਰਾ | 49 | ਕੌਂਸਲਰ |
| 37 | ਮਲਕੀਤ ਸਿੰਘ ਗਿੱਲ | 50 | ਕੌਂਸਲਰ |

ਮੀਟਿੰਗ ਦੇ ਸ਼ੁਰੂ ਵਿੱਚ ਸ੍ਰ: ਹਰਮੰਦਰ ਸਿੰਘ, ਡਿਪਟੀ ਮੇਅਰ ਨੇ ਦਸਿਆ ਕਿ ਕੱਲ ਮਿਤੀ 06.07.2023 ਨੂੰ ਸ਼੍ਰੀ ਜਗਰੂਪ ਸਿੰਘ ਗਿੱਲ, ਐਮ.ਐਲ.ਏ. ਬਠਿੰਡਾ ਸ਼ਹਿਰੀ ਜੀ ਵੱਲੋਂ ਇਕ ਪ੍ਰੈਸ ਕਾਨਫਰੰਸ ਕੀਤੀ ਗਈ, ਜਿਸ ਵਿੱਚ ਉਹਨਾਂ ਵੱਲੋਂ ਬੱਸ ਸਟੈਂਡ ਮਲੋਟ ਰੋਡ ਤੇ ਬਨਾਉਣ ਬਾਰੇ ਦਸਿਆ ਗਿਆ। ਡਿਪਟੀ ਮੇਅਰ ਨੇ ਕਿਹਾ ਕਿ ਇਹ ਸ਼ਹਿਰ ਲਈ ਬਹੁਤ ਹੀ ਅਹਿਮ ਮੁੱਦਾ ਹੈ। ਇਸ ਬੱਸ ਸਟੈਂਡ ਤੋਂ ਕਿੰਨੀਆਂ ਬੱਸਾਂ ਅਤੇ ਇੰਨ੍ਹਾਂ ਦੇ ਰੂਟਾਂ ਬਾਰੇ ਕੋਈ ਵੀ ਜਾਣਕਾਰੀ ਮੁੱਹਈਆ ਨਹੀਂ ਕਰਵਾਈ ਗਈ। ਉਹਨਾਂ ਜਾਣਕਾਰੀ ਦਿੱਤੀ ਕਿ ਪਿਛਲੇ 20 ਸਾਲਾਂ ਤੋਂ ਬੱਸ ਸਟੈਂਡ ਨੂੰ ਕਿਸੇ ਹੋਰ ਜਗ੍ਹਾ ਸ਼ਿਫਟ ਕਰਨ ਖਾਤਰ ਪ੍ਰਪੋਜ਼ਲਾਂ ਬਣਾਈਆਂ ਗਈਆਂ। ਇਸਤੇ ਕਰੋੜਾਂ ਰੁਪਏ ਖਰਚ ਵੀ ਹੋ ਚੁੱਕੇ ਹਨ। ਹੁਣ ਇਸ ਪ੍ਰਪੋਜ਼ਲ ਨੂੰ ਹੋਰ ਕਿੰਨੇ ਸਾਲਾਂ ਵਿੱਚ ਪੂਰਾ ਕੀਤਾ ਜਾਵੇਗਾ। ਉਹਨਾਂ ਇਸ ਸਬੰਧੀ ਨਵੇਂ ਬਣਨ ਜਾ ਰਹੇ ਬੱਸ ਸਟੈਂਡ ਦੇ ਲਾਭ ਅਤੇ ਹਾਨੀਆਂ ਬਾਰੇ ਜਾਣੂ ਕਰਵਾਇਆ। ਉਹਨਾਂ ਕਿਹਾ ਕਿ ਅੱਜ ਕੱਲ ਬੱਸਾਂ ਵਿੱਚ ਰੋਜ਼ਾਨਾ ਸਕੂਲਾਂ, ਕਾਲਜਾਂ ਦੇ ਵਿਦਿਆਰਥੀ, ਸ਼ਹਿਰ ਵਿੱਚ, ਘਰਾਂ ਵਿੱਚ ਅਤੇ ਕੰਸਟਰਕਸ਼ਨ ਦੇ ਕੰਮ ਲਈ ਲੱਗੀ ਲੇਬਰ, ਗਰੀਬ

ਲੋਕ, ਅਤੇ ਜੋ ਲੋਕ ਮਹਿੰਗਾ ਇਲਾਜ਼ ਅਫੋਰਡ ਨਹੀਂ ਕਰ ਸਕਦੇ ਅਤੇ ਸਿਵਲ ਹਸਪਤਾਲ ਤੋਂ ਆਪਣਾ ਇਲਾਜ਼ ਕਰਵਾਉਂਦੇ ਹਨ, ਉਹੀ ਲੋਕ ਹੀ ਰੋਜ਼ਾਨਾ ਬੱਸਾਂ ਤੇ ਸਫਰ ਕਰਦੇ ਹਨ। ਉਹਨਾਂ ਦਸਿਆ ਕਿ ਇਸ ਨਵੇਂ ਬਣਨ ਜਾ ਰਹੇ ਬੱਸ ਸਟੈਂਡ ਤੋਂ ਇੱਕ ਰੇਲਵੇ ਲਾਈਨ ਅਤੇ ਹੋਰ ਰਾਸਤਾ ਪਾਰ ਕਰਨ ਉਪਰੰਤ ਇੱਕ ਵਿਅਕਤੀ ਨੂੰ ਘੱਟੋ-ਘੱਟ ਪੌਣੇ ਦੋ ਕਿਲੋਮੀਟਰ ਸਫਰ ਤੈਅ ਕਰਨਾ ਪਵੇਗਾ। ਆਮ ਪਬਲਿਕ ਸਾਨੂੰ ਇਸ ਸਬੰਧੀ ਮੁੱਦਾ ਹਾਊਸ ਵਿੱਚ ਉਠਾਉਣ ਨੂੰ ਕਹਿ ਰਹੇ ਹਨ। ਐਮ.ਐਲ.ਏ ਸਾਹਿਬ ਨੇ ਆਪਣਾ ਵਰਜ਼ਨ ਦੇ ਦਿੱਤਾ ਕਿ ਪੁਰਾਣੇ ਬੱਸ ਸਟੈਂਡ ਵੀ ਇੱਥੇ ਹੀ ਰਹੁ, ਜਿੱਥੋਂ ਮਾਨਸਾ ਅਤੇ ਡਬਵਾਲੀ ਜਾਣ ਲਈ ਬੱਸਾਂ ਚਲਣਗੀਆਂ। ਜਦਕਿ ਨਵੇਂ ਬੱਸ ਸਟੈਂਡ ਤੋ ਫਰੀਦਕੋਟ, ਮਲੋਟ ਜਾਣ ਲਈ ਬੱਸਾਂ ਚਲਣਗੀਆਂ। ਪਰੰਤੂ ਕਿਸੇ ਵੀ ਨਵੇਂ ਬੱਸ ਸਟੈਂਡ ਨੂੰ ਬਨਾਉਣ ਤੋਂ ਪਹਿਲਾਂ ਫਿਜ਼ੀਬਿਲਟੀ ਰਿਪੋਰਟ ਤਿਆਰ ਕੀਤੀਆਂ ਜਾਂਦੀ ਹੈ ਕਿ ਕਿੰਨੀਆਂ ਬੱਸਾਂ ਇਸ ਬੱਸ ਸਟੈਂਡ ਤੋਂ ਚਲਣਗੀਆਂ, ਕਿੰਨੇ ਯਾਤਰੀ ਇੰਨ੍ਹਾਂ ਵਿੱਚ ਰੋਜ਼ਾਨਾ ਸਫਰ ਕਰਨਗੇ ਅਤੇ ਇਸ ਨਾਲ ਕਿੰਨੀ ਆਮਦਨ ਹੋਊਗੀ। ਇਹ ਨਵਾਂ ਬੱਸ ਸਟੈਂਡ ਬਨਾਉਣ ਤੇ ਤਕਰੀਬਨ 100.00 ਕਰੋੜ੍ਹ ਰੁਪਏ ਖਰਚਾ ਵੀ ਆਵੇਗਾ। ਉਹਨਾਂ ਕਿਹਾ ਕਿ ਇੱਕ ਛੋਟੇ ਜਿਹੇ ਪਿੰਡ ਵਿੱਚ ਕੋਈ ਖਾਲ ਬਨਾਉਣ ਤੋਂ ਪਹਿਲਾਂ ਫਿਜ਼ੀਬਿਲਟੀ ਰਿਪੋਰਟ ਤਿਆਰ ਕੀਤੀ ਜਾਂਦੀ ਹੈ ਕਿ ਖਾਲ ਬਨਾਉਣ ਤੇ ਕਿੰਨ੍ਹਾਂ ਖਰਚਾ ਆਵੇਗਾ, ਇਸ ਵਿੱਚ ਕਿੰਨਾਂ ਪਾਣੀ ਛੱਡਿਆ ਜਾਵੇਗਾ, ਇਸ ਪਾਣੀ ਨਾਲ ਕਿੰਨੇ ਲੋਕਾਂ ਅਤੇ ਫਸਲ ਨੂੰ ਫਾਇਦਾ ਹੋਵੇਗਾ, ਕਿੰਨਾਂ ਪਸ਼ੂ ਚਾਰਾ ਵਧੇਗਾ ਅਤੇ ਪਾਣੀ ਦੀ ਵਿਕਰੀ ਕਰਨ ਤੇ ਕਿੰਨੀ ਆਮਦਨ ਹੋਵੇਗੀ। ਉਹਨਾਂ ਸਮੁੱਚੇ ਹਾਊਸ ਨੂੰ ਬੇਨਤੀ ਕੀਤੀ ਕਿ ਬੱਸ ਸਟੈਂਡ ਪਹਿਲਾਂ ਜਿਸ ਜਗ੍ਹਾ ਬਣਨਾ ਸੀ, ਉਸੇ ਜਗ੍ਹਾ ਹੀ ਬਣਾਇਆ ਜਾਵੇ, ਕਿਉਂ ਜੋ ਤਕਰੀਬਨ 80% ਬੱਸਾਂ ਤਾਂ ਚੰਡੀਗੜ੍ਹ, ਬਰਨਾਲਾ, ਡਬਵਾਲੀ ਅਤੇ ਮਾਨਸਾ ਰੂਟ ਤੇ ਹੀ ਚਲਦੀਆਂ ਹਨ। ਇਸਤੋਂ ਇਲਾਵਾ ਤਕਰੀਬਨ 35.00 ਕਰੋੜ੍ਹ ਰੁਪਏ ਦੀ ਲਾਗਤ ਨਾਲ ਇੱਕ ਰਿੰਗ ਰੋਡ ਵੀ ਤਿਆਰ ਕੀਤੀ ਜਾ ਚੁੱਕੀ ਹੈ। ਜੇਕਰ ਬੱਸ ਸਟੈਂਡ ਇਸ ਜਗ੍ਹਾ ਨਹੀਂ ਬਨਾਉਣਾ ਸੀ ਤਾਂ ਰਿੰਗ ਰੋਡ ਬਨਾਉਣ ਦਾ ਕੀ ਫਾਇਦਾ ਹੋਇਆ? ਐਮ.ਐਲ.ਏ ਸਾਹਿਬ ਨੇ plea ਦਿੱਤੀ ਕਿ ਨਵੇਂ ਬੱਸ ਸਟੈਂਡ ਤੇ ਆਉਣ ਜਾਣ ਲਈ ਸ਼ਟਲ ਬੱਸਾਂ ਬਿਲੱਕੁਲ ਮੁਫਤ ਚਲਾਈਆਂ ਜਾਣਗੀਆਂ। ਡਿਪਟੀ ਮੇਅਰ ਨੇ ਦਸਿਆ ਕਿ ਕੇਂਦਰ ਸਰਕਾਰ ਤੋਂ ਮਿਲੀ ਗਰਾਂਟ ਰਾਹੀਂ ਨਗਰ ਨਿਗਮ ਵੱਲੋਂ ਬੱਸਾਂ ਲੈ ਕੇ ਕਿਸੇ ਵੀ ਵਿਅਕਤੀ ਜਾਂ ਸੰਸਥਾਂ ਵੱਲੋਂ ਮੁਫਤ ਚਲਾਉਣ ਲਈ ਵੀ ਕਿਹਾ ਗਿਆ ਸੀ। ਪਰੰਤੂ ਕਿਸੇ ਦੇ ਵੀ ਨਾ ਮੰਨਣ ਤੇ ਆਖੀਰ ਇਹ ਸਿਟੀ ਬੱਸਾਂ ਪੀ.ਆਰ.ਟੀ.ਸੀ. ਨੂੰ ਚਲਾਉਣ ਖਾਤਰ ਦੇਣੀਆਂ ਪਈਆਂ। ਉਹਨਾਂ ਕਿਹਾ ਕਿ ਨਗਰ ਨਿਗਮ ਬਠਿੰਡਾ ਇੰਨ੍ਹੀ ਵੱਡੀ ਨਗਰ ਨਿਗਮ ਨਹੀਂ ਹੈ ਕਿ ਸ਼ਹਿਰ ਵਿੱਚ ਮੁਫਤ ਸ਼ਟਲ ਬੱਸਾਂ ਚਲਾਵੇ। ਉਹਨਾਂ ਇਸ ਸਬੰਧੀ ਮਤਾ ਪਾ ਕੇ ਭੇਜਣ ਦੀ ਬੇਨਤੀ ਕੀਤੀ ਕਿ ਜਿਸ ਜਗ੍ਹਾ ਲਈ ਪਹਿਲਾਂ ਬੱਸ ਸਟੈਂਡ ਬਨਾਉਣ ਖਾਤਰ ਐਨ.ਓ.ਸੀ. ਪ੍ਰਾਪਤ ਹੋ ਚੁੱਕੀ ਹੈ, ਨਵਾਂ ਬੱਸ ਸਟੈਂਡ ਉਸੇ ਜਗ੍ਹਾ ਤੇ ਹੀ ਬਣਾਇਆ ਜਾਵੇ। ਇਸਤੇ ਹਾਊਸ ਵਿੱਚ ਮੋਜੂਦ ਜਿਆਦਾਤਰ ਮੈਂਬਰਾਂ ਵੱਲੋਂ ਆਪਣੇ ਹੱਥ ਖੜ੍ਹੇ ਕਰਕੇ ਸਹਿਮਤੀ ਜਤਾਈ ਗਈ ਅਤੇ ਮਤਾ ਪਾਸ ਕਰਕੇ ਸਰਕਾਰ ਪਾਸ ਭੇਜਣ ਦੀ ਪ੍ਰਵਾਨਗੀ ਦਿੱਤੀ ਗਈ।ਇਸਤੇ ਸ੍ਰ: ਬਲਜੀਤ ਸਿੰਘ ਸਰਾਂ, ਕੌਂਸਲਰ ਵਾਰਡ ਨੰਬਰ 10 ਨੇ ਕਿਹਾ ਕਿ ਉਹ ਇਸ ਗੱਲ ਨਾਲ ਸਹਿਮਤ ਨਹੀਂ ਹਨ। ਨਵੇਂ ਬਣਨ ਜਾ ਰਹੇ ਬੱਸ ਸਟੈਂਡ ਸਬੰਧੀ ਹਰੇਕ ਗੱਲ ਨੂੰ ਵਿਸਥਾਰ ਨਾਲ ਸਮਝਾਉਂਦੇ ਹੋਏ ਪਹਿਲਾਂ ਹਰੇਕ ਕੌਂਸਲਰ ਦੀ ਰਾਏ ਲਈ ਜਾਵੇ ਅਤੇ ਇਸ ਉਪਰੰਤ ਹੀ ਮਤਾ ਪਾਇਆ ਜਾਵੇ। ਕੋਈ ਵੀ ਮਤਾ ਦਬਾਅ ਹੇਠ ਆ ਕੇ ਨਾ ਕੀਤਾ ਜਾਵੇ। ਇਹ ਸ਼ਹਿਰ ਲਈ ਬਹੁਤ ਅਹਿਮ ਫੈਸਲਾ ਹੈ। ਇਸ ਲਈ ਮਤਾ ਵੀ ਸੋਚ ਸਮਝ ਕੇ ਪਾਇਆ ਜਾਵੇ। ਇਸ ਲਈ ਇਸ ਸਬੰਧੀ ਅੱਜ ਕੋਈ ਮਤਾ ਨਾ ਪਾਇਆ ਜਾਵੇ।

ਸ੍ਰ: ਹਰਮੰਦਰ ਸਿੰਘ, ਡਿਪਟੀ ਮੇਅਰ ਨੇ ਕਿਹਾ ਕਿ ਐਮ.ਐਲ.ਏ ਸਾਹਿਬ ਵੱਲੋਂ ਨਗਰ ਨਿਗਮ ਤੇ ਇਲਜ਼ਾਮ ਲਗਾਇਆ ਗਿਆ ਹੈ ਕਿ ਸਿਰਕੀ ਬਾਜਾਰ ਵਿੱਚੋਂ ਬਰਸਾਤੀ ਪਾਣੀ ਕੱਢਣ ਦਾ ਕੋਈ ਇੰਤਜ਼ਾਮ ਨਹੀਂ ਕੀਤਾ ਗਿਆ। ਉਹਨਾਂ ਦਸਿਆ ਕਿ ਬਰਸਾਤੀ ਪਾਣੀ ਦੀ ਨਿਕਾਸੀ ਲਈ ਨੈਚੁਰਲ ਗਰੈਵਿਟੀ ਨਾਲ ਪਾਣੀ ਦੀ ਨਿਕਾਸੀ ਕਰਨ ਖਾਤਰ ਪਾਈਪ ਪਾਉਣ ਲਈ ਟੈਂਡਰ ਕਰਕੇ ਵਰਕ ਆਰਡਰ ਵੀ ਦੇ ਦਿੱਤਾ ਗਿਆ ਸੀ। ਪਰੰਤੂ ਇਹ ਸ਼ਰਤ ਵੀ ਲਗਾਈ ਗਈ ਸੀ ਕਿ ਪਾਣੀ ਦਾ ਨਿਕਾਸ ਕਰਨ ਲਈ ਲੇਵਲ ਸਹੀ ਹੈ ਜਾਂ ਨਹੀਂ ਪਹਿਲਾਂ ਇਸ ਸਬੰਧੀ ਟੈਕਨੀਕਲ ਰਿਪੋਰਟ ਪੇਸ਼ ਕੀਤੀ ਜਾਵੇ। ਪਰੰਤੂ ਕੋਈ ਵੀ ਫਿਜ਼ੀਬਿਲਟੀ ਜਾਂ ਟੈਕਨੀਕਲ ਰਿਪੋਰਟ ਪੇਸ਼ ਨਹੀਂ ਕੀਤੀ ਗਈ। ਨਗਰ ਨਿਗਮ ਦਾ ਕੋਈ ਕਸੂਰ ਨਹੀਂ ਹੈ। ਸ਼ਹਿਰ ਦੇ ਵਿਕਾਸ ਲਈ ਅਸੀ ਹਰ ਪੱਖੋਂ ਸਾਥ ਦੇਣ ਲਈ ਤਿਆਰ ਹਾਂ। ਐਮ.ਐਲ.ਏ. ਸਾਹਿਬ ਵੀ ਹਾਊਸ ਦੇ ਐਕਸ ਆਫੀਸ਼ਿਓ ਮੈਂਬਰ ਹਨ। ਉਹ ਜੱਦ ਵੀ ਨਗਰ ਨਿਗਮ ਵਿਖੇ ਆ ਕੇ ਕੋਈ ਵੀ ਕੰਮ ਕਰਵਾਉਣ ਖਾਤਰ ਤਜਵੀਜ ਪੇਸ਼ ਕਰ ਸਕਦੇ ਹਨ।

ਸ੍ਰ: ਹਰਮੰਦਰ ਸਿੰਘ, ਡਿਪਟੀ ਮੇਅਰ ਨੇ ਦਸਿਆ ਕਿ ਪਿਛਲੇ ਦਿਨੀ ਸ਼ਹਿਰ ਦੀ ਹੱਦਬੰਦੀ ਵਧਾ ਕੇ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਗਿਆ ਹੈ। ਪਰੰਤੂ ਹਾਊਸ ਵੱਲੋਂ ਵਾਰ-ਵਾਰ ਇਹ ਮੰਗ ਕੀਤੀ ਜਾ ਰਹੀ ਹੈ ਕਿ ਹੱਦਬੰਦੀ ਵਧਾਉਣ ਸਬੰਧੀ ਪਹਿਲਾਂ ਲੋਕਾਂ ਦੇ ਇਤਰਾਜ਼ ਲਏ ਜਾਣ ਹਾਊਸ ਤੋਂ ਮੰਨਜ਼ੂਰੀ ਲੈਣ ਉਪਰੰਤ ਹੀ ਸਰਕਾਰ ਪਾਸ ਹੱਦਬੰਦੀ ਵਧਾਉਣ ਸਬੰਧੀ ਕੇਸ ਭੇਜਿਆ ਜਾਵੇ। ਪਰੰਤੂ ਹਾਊਸ ਤੋਂ ਮੰਨਜ਼ੂਰੀ ਲਏ ਬਿਨ੍ਹਾਂ ਹੀ ਕੇਸ ਸਰਕਾਰ ਪਾਸ ਭੇਜ ਦਿੱਤਾ ਗਿਆ ਜੋ ਕਿ ਗੈਰ ਕਾਨੂੰਨੀ ਹੈ। ਸਰਕਾਰ ਵੱਲੋਂ ਹੁਣ ਇਸ ਸਬੰਧੀ ਨੋਟੀਫਿਕੇਸ਼ਨ ਵੀ ਜਾਰੀ ਕਰ ਦਿੱਤਾ ਗਿਆ ਹੈ। ਪਰੰਤੂ ਅਜੇ ਤੱਕ ਵੀ ਹਾਊਸ ਨੂੰ ਇਸ ਬਾਰੇ ਜਾਣੂ ਨਹੀਂ ਕਰਵਾਇਆ ਗਿਆ। ਉਹਨਾਂ ਪੁੱਛਿਆ ਕਿ ਅਜਿਹਾ ਕਿਉਂ ਕੀਤਾ ਗਿਆ?

ਸ੍ਰ: ਹਰਮੰਦਰ ਸਿੰਘ, ਡਿਪਟੀ ਮੇਅਰ ਨੇ ਕਿਹਾ ਕਿ ਨਗਰ ਨਿਗਮ ਵੱਲੋਂ ਆਪਣੀ ਬਲਿਊ ਫੌਕਸ ਵਾਲੀ ਜਮੀਨ ਨਗਰ ਸੁਧਾਰ ਟਰੱਸਟ, ਬਠਿੰਡਾ ਨੂੰ ਤਕਰੀਬਨ 85.00 ਕਰੋੜ੍ਹ ਰੁਪਏ ਵਿੱਚ ਦਿੱਤੀ ਸੀ। ਉਸ ਜਮੀਨ ਦੇ ਬਦਲੇ ਨਗਰ ਨਿਗਮ ਨੂੰ ਹੁਣ ਤੱਕ ਸਿਰਫ 23.00 ਕਰੋੜ੍ਹ ਰੁਪਏ ਹੀ ਪ੍ਰਾਪਤ ਹੋਏ ਹਨ। ਹੁਣ ਇੱਕ ਪਾਸੇ ਤਾਂ ਨਗਰ ਨਿਗਮ ਵੱਲੋਂ ਆਪਣੇ ਪੈਸਿਆਂ ਦੀ ਮੰਗ ਕੀਤੀ ਜਾ ਰਹੀ ਹੈ, ਜਦਕਿ ਦੂਸਰੇ ਪਾਸੇ ਨਗਰ ਸੁਧਾਰ ਟਰੱਸਟ ਵੱਲੋਂ ਜਮੀਨ ਵਾਪਸ ਨਗਰ ਨਿਗਮ ਨੂੰ ਦੇਣ ਅਤੇ ਆਪਣੇ ਪੈਸੇ ਵਾਪਸ ਕਰਨ ਲਈ ਕਿਹਾ ਜਾ ਰਿਹਾ ਹੈ। ਇਸ ਸਬੰਧੀ ਹਾਊਸ, ਨਗਰ ਨਿਗਮ ਬਠਿੰਡਾ ਵਿਖੇ ਬਲਿਊ ਫੌਕਸ ਵਾਲੀ ਜਮੀਨ ਸਬੰਧੀ ਜੋ ਏਜੰਡਾ ਪੇਸ਼ ਕੀਤਾ ਗਿਆ ਸੀ, ਉਹ ਪਾਸ ਨਹੀਂ ਸੀ ਕੀਤਾ ਗਿਆ। ਸਿਰਫ ਇਹ ਪਾਸ ਕੀਤਾ ਗਿਆ ਸੀ ਕਿ ਇਸ ਸਬੰਧੀ ਕੋਈ ਵੀ ਫੈਸਲਾ ਲੈਣ ਖਾਤਰ ਪਹਿਲਾਂ ਸਬ-ਕਮੇਟੀ ਬਣੇਗੀ। ਸਬ-ਕਮੇਟੀ ਵੱਲੋਂ ਹਰ ਪਹਿਲੂ ਤੇ ਵਿਚਾਰ ਕਰਨ ਉਪਰੰਤ ਆਪਣੀ ਰਿਪੋਰਟ ਹਾਊਸ ਵਿੱਚ ਪੇਸ਼ ਕੀਤੀ ਜਾਵੇਗੀ। ਇਸ ਉਪਰੰਤ ਹੀ ਹਾਊਸ ਵੱਲੋਂ ਕੋਈ ਫੈਸਲਾ ਲਿਆ ਜਾਵੇਗਾ। ਇਹ ਤਕਰੀਬਨ 100.00 ਕਰੋੜ੍ਹ ਰੁਪਏ ਦਾ ਮਸਲਾ ਹੈ। ਇਸ ਲਈ ਸਬ-ਕਮੇਟੀ ਵੱਲੋਂ ਵਿਚਾਰਨ ਉਪਰੰਤ ਹੀ ਕੋਈ ਫੈਸਲਾ ਲਿਆ ਜਾਵੇਗਾ। ਤੱਦ ਤੱਕ ਲਈ ਉਸ ਪਹਿਲਾਂ ਪਾਏ ਮਤੇ ਨੂੰ ਪਾਸ ਨਾ ਮੰਨਿਆ ਜਾਵੇ।

ਸ੍ਰ: ਹਰਮੰਦਰ ਸਿੰਘ, ਡਿਪਟੀ ਮੇਅਰ ਨੇ ਦਸਿਆ ਕਿ ਥਰਮਲ ਪਲਾਂਟ ਦੀ ਝੀਲ ਨੰਬਰ 1 ਜੋ ਕਿ ਨਹਿਰ ਬੰਦੀ ਦੋਰਾਨ ਪੀਣ ਵਾਲੇ ਪਾਣੀ ਦੀ ਵਰਤੋਂ ਕਰਨ ਲਈ ਵਰਤੀ ਜਾਣ ਦੀ ਤਜਵੀਜ ਹੈ, ਉਸਦਾ ਰਕਬਾ ਤਕਰੀਬਨ 30-40 ਏਕੜ੍ਹ ਹੈ। ਪ੍ਰੈਕਟਿਲ ਤੋਰ ਤੇ ਇਸਦੀ ਪਹਿਲਾਂ ਡੀ-ਸਿਲਟਿੰਗ ਕਰਵਾਉਣ ਤੇ ਹੀ ਤਕਰੀਬਨ 32.00 ਕਰੋੜ੍ਹ ਰੁਪਏ ਖਰਚਾ ਆਵੇਗਾ। ਇਹ ਠੀਕ ਹੈ ਕਿ ਨਗਰ ਨਿਗਮ ਵੱਲੋਂ ਇਸ ਝੀਲ ਨੂੰ ਟੇਕ ਓਵਰ ਕਰਨ ਤੇ ਜਮੀਨ ਅਤੇ ਪਾਣੀ ਦੀ ਸੁਵਿਧਾ ਵੀ ਮਿਲੇਗੀ। ਪਰੰਤੂ ਇਸ ਵਿੱਚ ਜਮਾਂ ਹੋਏ ਪਾਣੀ ਦਾ ਸਿਰਫ 5% ਜਾਂ 10% ਪਾਣੀ ਹੀ ਵਰਤੋਂ ਵਿੱਚ ਲਿਆ ਜਾਵੇਗਾ। ਇਸ ਝੀਲ ਵਿੱਚੋਂ ਪਾਣੀ ਲੈਣ ਲਈ ਚੁੱਕ ਕੇ ਪਾਣੀ ਲੈਣ ਦਾ ਪ੍ਰਬੰਧ ਕਰਨਾ ਪਊਗਾ। ਇਸ ਤੋਂ ਇਲਾਵਾ ਹਰ ਪੰਜ ਸਾਲਾਂ ਬਾਅਦ ਡੀ-ਸਿਲਟਿੰਗ ਕਰਵਾਉਣ ਤੇ ਵੀ ਤਕਰੀਬਨ 5-7 ਕਰੋੜ੍ਹ ਰੁਪਏ ਖਰਚ ਹੋਣਗੇ। ਇਸ ਲਈ ਇਸ ਝੀਲ ਨੂੰ ਟੇਕ ਓਵਰ ਕਰਨ ਤੋਂ ਪਹਿਲਾਂ ਇਸ ਸਬੰਧੀ ਵਿਸਥਾਰਪੂਰਵਕ ਵਿਚਾਰ ਕਰ ਲਿਆ ਜਾਵੇ।

ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਕਿਹਾ ਕਿ ਨਵੇਂ ਬਣਨ ਜਾ ਰਹੇ ਬੱਸ ਸਟੈਂਡ ਸਬੰਧੀ ਡਿਪਟੀ ਮੇਅਰ ਨੇ ਜੋ ਮੁੱਦਾ ਉਠਾਇਆ ਹੈ ਉਸ ਬਾਰੇ ਆਰਮੀ ਵਾਲਿਆਂ ਨੇ ਪਹਿਲਾਂ ਪਟੇਲ ਨਗਰ ਵਿਖੇ ਬੱਸ ਸਟੈਂਡ ਬਨਾਉਣ ਖਾਤਰ ਐਨ.ਓ.ਸੀ ਦਿੱਤੀ ਗਈ ਸੀ। ਥਰਮਲ ਪਲਾਂਟ ਵਾਲੀ ਜਗ੍ਹਾ ਤੇ ਬੱਸ ਸਟੈਂਡ ਬਨਾਉਣ ਖਾਤਰ ਫਿਜ਼ੀਬਿਲਟੀ ਸਟੱਡੀ ਨਗਰ ਸੁਧਾਰ ਟਰੱਸਟ ਵੱਲੋਂ ਆਈ.ਆਈ.ਟੀ. ਰੂੜਕੀ ਪਾਸੋਂ ਕਰਵਾਈ ਜਾ ਰਹੀ ਹੈ। ਡਿਪਟੀ ਕਮਿਸ਼ਨਰ, ਬਠਿੰਡਾ ਜੀ ਨੇ ਵੀ ਇਹ ਗੱਲ ਕਹੀ ਹੈ ਕਿ ਟੈਕਨੀਕਲ/ਫਿਜ਼ੀਬਿਲਟੀ ਰਿਪੋਰਟ ਆਉਣ ਉਪਰੰਤ ਇਹ ਰਿਪੋਰਟ ਨਗਰ ਨਿਗਮ ਹਾਊਸ ਵਿੱਚ ਪੇਸ਼ ਕੀਤੀ ਜਾਵੇ। ਇਸ ਉਪਰੰਤ ਹੀ ਇਸ ਸਬੰਧੀ ਕੋਈ ਵਿਚਾਰ ਕੀਤਾ ਜਾਵੇਗਾ। ਇਸਤੇ ਡਿਪਟੀ ਮੇਅਰ ਨੇ ਕਿਹਾ ਕਿ ਟੈਕਨੀਕਲ/ਫਿਜ਼ੀਬਿਲਟੀ ਰਿਪੋਰਟ ਹਾਊਸ ਵਿੱਚ ਭੇਜਣ ਖਾਤਰ ਡਿਪਟੀ ਕਮਿਸ਼ਨਰ, ਬਠਿੰਡਾ ਜੀ ਨੂੰ ਲਿਖ ਵੀ ਦਿੱਤਾ ਜਾਵੇ। ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਕਿਹਾ ਕਿ ਡਿਪਟੀ ਕਮਿਸ਼ਨਰ, ਬਠਿੰਡਾ ਜੀ ਨੂੰ ਕੋਂਸਲਰ ਸਾਹਿਬਾਨ ਨਾਲ ਇਸ ਸਬੰਧੀ ਮੀਟਿੰਗ ਕਰਨ ਖਾਤਰ ਬੇਨਤੀ ਕੀਤੀ ਜਾਵੇਗੀ।

ਹੱਦ ਬੰਦੀ ਵਧਾਉਣ ਦੇ ਮਸਲੇ ਸਬੰਧੀ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਜਾਣੂ ਕਰਵਾਇਆ ਕਿ ਪਹਿਲਾਂ ਇਸ ਸਬੰਧੀ ਤਜਵੀਜ ਹਾਊਸ ਵਿੱਚ ਰੱਖ ਕੇ ਸਬ-ਕਮੇਟੀ ਬਣਾਈ ਗਈ ਸੀ। ਇਸ ਉਪਰੰਤ ਹੀ ਮਤਾ ਪਾਸ ਕਰਕੇ ਸਰਕਾਰ ਪਾਸ ਭੇਜਿਆ ਗਿਆ ਸੀ। ਉਹਨਾਂ ਕਿਹਾ ਕਿ ਹੱਦ ਬੰਦੀ ਸਬੰਧੀ ਨਕਸ਼ਾ ਇਸ ਮੀਟਿੰਗ ਦੀ ਕਾਰਵਾਈ ਨਾਲ ਨੱਥੀ ਕਰਕੇ ਹਰੇਕ ਕੋਂਸਲਰ ਸਾਹਿਬਾਨ ਨੂੰ ਭੇਜ ਦਿੱਤਾ ਜਾਵੇਗਾ।

ਬਲਿਊ ਫੌਕਸ ਵਾਲੀ ਜਗ੍ਹਾ ਦੇ ਮਸਲੇ ਸਬੰਧੀ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਦਸਿਆ ਕਿ ਅੱਜ ਦੇ ਸਮੇਂ ਇਹ ਜਮੀਨ ਨਗਰ ਸੁਧਾਰ ਟਰੱਸਟ ਬਠਿੰਡਾ ਪਾਸ ਹੈ। ਇਹ ਜਮੀਨ 85.00 ਕਰੋੜ੍ਹ ਰੁਪਏ ਵਿੱਚ ਦਿੱਤੀ ਗਈ ਸੀ, ਜਿਸਦੇ ਅਜੇ ਤੱਕ ਨਗਰ ਨਿਗਮ ਬਠਿੰਡਾ ਨੂੰ 23.00 ਕਰੋੜ੍ਹ ਰੁਪਏ ਹੀ ਪ੍ਰਾਪਤ ਹੋਏ ਹਨ। ਇਸ ਸਬੰਧੀ ਡਿਪਟੀ ਕਮਿਸ਼ਨਰ, ਬਠਿੰਡਾ ਜੀ ਵੱਲੋਂ ਇੱਕ ਟੀਮ ਬਣਾਈ ਗਈ ਹੈ, ਜਿਸ ਵਿੱਚ ਮਿਊਂਸਪਲ ਕੋਂਸਲਰ ਵੀ ਮੈਂਬਰ ਹਨ। ਜਮੀਨ ਸਬੰਧੀ ਪ੍ਰਪੋਜ਼ਲ ਕਮੇਟੀ ਦੇ ਸਨਮੁੱਖ ਰੱਖੀ ਜਾਵੇਗੀ। ਕਮੇਟੀ ਦੀ ਰਿਪੋਰਟ ਆਉਣ ਉਪਰੰਤ ਹੀ ਇਸਤੇ ਹਾਊਸ ਵੱਲੋਂ ਵਿਚਾਰ ਕੀਤਾ ਜਾਵੇਗਾ। ਉਸ ਅਨੁਸਾਰ ਹੀ ਬਲਿਊ ਫੌਕਸ ਦੀ ਜਗ੍ਹਾ ਸਬੰਧੀ ਪਹਿਲਾਂ ਪਾਇਆ ਮਤਾ ਅਮੈਂਡ ਕੀਤਾ ਜਾਵੇਗਾ।

ਥਰਮਲ ਪਲਾਂਟ ਦੀ ਝੀਲ ਨੰਬਰ 1 ਟੇਕ ਓਵਰ ਕਰਨ ਸਬੰਧੀ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਦਸਿਆ ਕਿ ਇਸ ਜਗ੍ਹਾ ਵਾਟਰ ਟਰੀਟਮੈਂਟ ਪਲਾਂਟ ਲਗਾਉਣ ਸਬੰਧੀ ਭੋਪਾਲ ਦਾ ਮਾਡਲ ਸਟੱਡੀ ਕਰਕੇ ਅਡਾਪਟ ਕਰਨ ਦਾ ਵਿਚਾਰ ਕੀਤਾ ਗਿਆ ਹੈ। ਇਹ ਕੰਮ ਅਜੇ initial stage ਤੇ ਹੈ। ਝੀਲ ਨੰਬਰ 1,2 ਅਤੇ 3 ਦੀ ਬਾਊਂਡਰੀ ਵਾਲ ਵੀ ਬਣਾਈ ਜਾਣੀ ਹੈ। ਇਸ ਜਗ੍ਹਾ 5 MGD ਦਾ ਪਲਾਂਟ ਲਗਾਇਆ ਜਾ ਰਿਹਾ ਹੈ, ਜਦਕਿ ਝੀਲ਼ ਦੀ ਸਮੱਰਥਾ 52 MLD ਦੀ ਹੈ।ਇਹ ਵਿਚਾਰ ਕੀਤਾ ਗਿਆ ਹੈ ਕਿ ਝੀਲ਼ ਵਿੱਚ ਪਾਣੀ ਦਾ ਲੇਵਲ ਵੀ ਮੈਨਟੇਨ ਰਹੇ। ਇਸ ਤੋਂ ਪਹਿਲਾਂ ਪਾਣੀ ਵਾਟਰ ਟਰੀਟਮੈਂਟ ਪਲਾਂਟ ਤੱਕ ਜਾਵੇਗਾ। ਬਚਦਾ ਪਾਣੀ ਝੀਲ ਵਿੱਚ ਹੀ ਰਹੇਗਾ ਤਾਂ ਜੋ ਨਹਿਰ ਬੰਦੀ ਦੋਰਾਨ ਪਾਣੀ ਦੀ ਵਰਤੋਂ ਕਰਕੇ ਸ਼ਹਿਰ ਵਾਸੀਆਂ ਨੂੰ ਪੀਣ ਵਾਲਾ ਪਾਣੀ ਮਿਲਦਾ ਰਹੇ। ਇਹ ਇੱਕ ਵੱਡਾ ਪ੍ਰੋਜੈਕਟ ਹੈ। ਇਸਤੋਂ ਇਲਾਵਾ ਉਹਨਾਂ ਦਸਿਆ ਕਿ ਆਪਾਂ ਪਹਿਲਾਂ ਕਿਸੇ ਇੱਕ ਵਾਰਡ ਨੂੰ ਰੋਜ਼ਾਨਾ 24 ਘੰਟੇ ਪੀਣ ਵਾਲਾ ਪਾਣੀ ਦੇਣ ਦੀ ਤਜਵੀਜ ਕਰ ਰਹੇ ਹਾਂ। ਇਸ ਉਪਰੰਤ ਇੱਕ-ਇੱਕ ਵਾਰਡ ਨੂੰ ਕਵਰ ਕਰਦੇ ਹੋਏ ਸਾਰੇ ਸ਼ਹਿਰ ਵਿੱਚ 24x7 ਪੀਣ ਵਾਲੇ ਪਾਣੀ ਦੀ ਸਪਲਾਈ ਅਗਲੇ 5-7 ਸਾਲਾਂ ਵਿੱਚ ਦਿੱਤੀ ਜਾਵੇਗੀ। ਉਸ ਉਪਰੰਤ ਸ਼ਹਿਰ ਵਿੱਚ ਪੀਣ ਵਾਲੇ ਪਾਣੀ ਦੀ ਕਮੀ ਖਤਮ ਹੋ ਜਾਵੇਗੀ।

ਸ਼੍ਰੀ ਅਸ਼ੋਕ ਕੁਮਾਰ, ਸੀਨੀਅਰ ਡਿਪਟੀ ਮੇਅਰ ਨੇ ਤੇਜ਼ਾਬ ਫੈਕਟਰੀ ਤੋਂ ਡਿਸਪੋਜ਼ਲ ਤੱਕ ਐਮ.ਐਲ.ਏ ਸਾਹਿਬ ਦੇ ਸੁਝਾਅ ਸਬੰਧੀ ਬੋਲਦੇ ਹੋਏ ਕਿਹਾ ਕਿ ਨਗਰ ਨਿਗਮ ਵੱਲੋਂ ਪਹਿਲਾਂ ਹੀ ਇਸ ਜਗ੍ਹਾ ਪਾਈਪ ਲਾਈਨ ਪਾਈ ਜਾ ਚੁੱਕੀ ਹੈ।

ਸ਼੍ਰੀ ਅਸ਼ੋਕ ਕੁਮਾਰ, ਸੀਨੀਅਰ ਡਿਪਟੀ ਮੇਅਰ ਨੇ ਦਸਿਆ ਕਿ ਬਰਸਾਤਾਂ ਦੋਰਾਨ ਕਰਮਚਾਰੀਆਂ ਦੀਆਂ ਡਿਊਟੀਆਂ ਮੋਟਰਾਂ ਚਲਾਉਣ ਲਈ ਲਗਾਈਆਂ ਗਈਆਂ ਹਨ। ਇਹ ਕਰਮਚਾਰੀ ਬਰਸਾਤਾਂ ਦੋਰਾਨ ਹਾਜ਼ਰ ਰਹਿਣੇ ਯਕੀਨੀ ਵੀ ਬਣਾਏ ਜਾਣ। ਉਹਨਾਂ ਸ਼ਿਵ ਕਲੋਨੀ ਵਿਖੇ ਪਿਛਲੇ ਕਾਫੀ ਲੰਬੇ ਸਮੇਂ ਤੋਂ ਬੰਦ ਪਏ ਸੀਵਰ ਬਾਰੇ ਜਾਣੂ ਕਰਵਾਇਆ ਅਤੇ ਜਲਦ ਤੋਂ ਜਲਦ ਸੀਵਰ ਖੁਲਵਾਉਣ ਦੀ ਮੰਗ ਕੀਤੀ। ਸ਼੍ਰੀ ਇੰਦਰਜੀਤ ਸਿੰਘ, ਕੋਂਸਲਰ ਨੇ ਕਿਹਾ ਕਿ ਕੱਲ ਮਿਤੀ 06.07.2023 ਨੂੰ ਹੋਈ ਬਰਸਾਤ ਦੋਰਾਨ ਮੋਟਰਾਂ ਚਲਾਉਣ ਲਈ ਕਰਮਚਾਰੀ ਤਕਰੀਬਨ ਦੋ ਘੰਟੇ ਬਾਅਦ ਆਏ ਸਨ। ਇਸ ਉਪਰੰਤ ਪਾਣੀ ਦੀ ਨਿਕਾਸੀ ਕਰ ਦਿੱਤੀ ਗਈ।

ਸ਼੍ਰੀਮਤੀ ਸ਼ੀਲਾ ਰਾਣੀ, ਕੋਂਸਲਰ ਵਾਰਡ ਨੰਬਰ 19 ਨੇ ਦਸਿਆ ਕਿ ਉਹਨਾਂ ਦੇ ਵਾਰਡ ਵਿੱਚ ਬਰਸਾਤੀ ਪਾਣੀ ਨਾਲ ਸਾਰੀਆਂ ਸੜ੍ਹਕਾਂ ਅਤੇ ਗਲੀਆਂ ਭਰੀਆਂ ਹੋਈਆਂ ਹਨ। ਉਹਨਾਂ ਜਲਦ ਤੋਂ ਜਲਦ ਪਾਣੀ ਦੀ ਨਿਕਾਸੀ ਕਰਵਾਉਣ ਦੀ ਮੰਗ ਕੀਤੀ। ਇਸਤੇ ਕਿਹਾ ਗਿਆ ਕਿ ਜਲਦ ਹੀ ਕੰਮ ਕਰਵਾ ਦਿੱਤਾ ਜਾਵੇਗਾ।

ਸ਼੍ਰੀ ਸੁਖਰਾਜ ਸਿੰਘ ਔਲਖ, ਕੋਂਸਲਰ ਨੇ ਦਸਿਆ ਕਿ ਕੱਲ ਮਿਤੀ 06.07.2023 ਨੂੰ ਉਹਨਾਂ ਦੇ ਵਾਰਡ ਵਿੱਚ ਸੀਵਰ ਬੰਦ ਹੋਣ ਕਾਰਨ ਪਾਣੀ ਭਰਨਾ ਸ਼ੁਰੂ ਹੋ ਗਿਆ ਅਤੇ ਇਹ ਪਾਣੀ ਲੋਕਾਂ ਦੇ ਘਰਾਂ ਵਿੱਚ ਵੜ੍ਹਨ ਲੱਗਾ। ਉਨ੍ਹਾਂ ਵੱਲੋਂ ਇਸ ਸਬੰਧੀ ਤ੍ਰਿਵੇਣੀ ਕੰਪਨੀ ਅਤੇ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਦੇ ਅਧਿਕਾਰੀਆਂ/ਕਰਮਚਾਰੀਆਂ ਨੂੰ ਜਾਣੂ ਕਰਵਾਇਆ ਸੀ। ਪਰੰਤੂ ਕਰਮਚਾਰੀਆਂ ਵੱਲੋਂ ਕੋਈ ਵੀ ਹੱਲ ਨਾ ਕਰਨ ਕਾਰਨ ਲੋਕਾਂ ਨੂੰ ਬਹੁਤ ਜਿਆਦਾ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਹਨਾਂ ਪੰਜਾਬ ਵਾਟਰ ਸਪਲਾਈ ਅਤੇ

ਸੀਵਰੇਜ਼ ਬੋਰਡ ਦੇ ਅਧਿਕਾਰੀ ਸ੍ਰੀ ਅਭਿਸ਼ੇਕ, ਜੂਨੀਅਰ ਇੰਜੀਨੀਅਰ ਨੂੰ ਵੀ ਕਿਹਾ ਸੀ। ਪਰੰਤੂ ਉਸ ਵੱਲੋਂ ਜਵਾਬ ਦਿੱਤਾ ਗਿਆ ਕਿ 5.00 ਵਜੇ ਤੋਂ ਬਾਅਦ ਮੇਰੀ ਕੋਈ ਡਿਊਟੀ ਨਹੀਂ ਹੈ। ਹਾਊਸ ਵਿੱਚ ਇਸ ਸਬੰਧੀ ਅਭਿਸ਼ੇਕ, ਜੂਨੀਅਰ ਇੰਜੀਨੀਅਰ ਪਾਸੋਂ ਪੁੱਛਣ ਤੇ ਉਸ ਵੱਲੋਂ ਕਿਹਾ ਗਿਆ ਕਿ ਕੋਂਸਲਰ ਸਾਹਿਬ ਦਾ ਤਕਰੀਬਨ 6.00 ਵਜੇ ਫੋਨ ਆਇਆ ਸੀ। ਉਸ ਸਮੇਂ ਤੱਕ ਲੇਬਰ ਜਾ ਚੁੱਕੀ ਸੀ। ਮੈਂ ਉਹਨਾਂ ਨੂੰ ਕੱਲ ਸਵੇਰ ਤੱਕ ਕੰਮ ਕਰਾਉਣ ਲਈ ਕਿਹਾ ਸੀ। ਇਸਤੇ ਬਲਜੀਤ ਸਿੰਘ ਸਰਾਂ, ਕੌਂਸਲਰ ਨੇ ਕਿਹਾ ਕਿ ਇਸ ਕਰਮਚਾਰੀ ਵੱਲੋਂ ਚੁਣੇ ਹੋਏ ਨੁਮਾਇੰਦੇ ਨਾਲ 5.00 ਵਜੇ ਤੋਂ ਬਾਅਦ ਕੰਮ ਨਾ ਕਰਨ ਸਬੰਧੀ ਜਵਾਬ ਲਿਆ ਜਾਵੇ। ਸ੍ਰੀ ਇੰਦਰਜੀਤ ਸਿੰਘ, ਕੌਂਸਲਰ ਨੇ ਕਿਹਾ ਕਿ ਜੇਕਰ ਹਾਊਸ ਵਿੱਚ ਹੀ ਇਸ ਕਰਮਚਾਰੀ ਵੱਲੋਂ 5.00 ਵਜੇ ਤੋਂ ਬਾਅਦ ਕੰਮ ਨਾ ਕਰਨ ਲਈ ਕਿਹਾ ਜਾ ਰਿਹਾ ਹੈ ਤਾਂ ਸੋਚੋ ਕਿ ਇਹ ਸਾਨੂੰ ਬਾਹਰ ਕੀ ਜਵਾਬ ਦਿੰਦੇ ਹੋਣਗੇ। ਸ੍ਰੀ ਬਲਜੀਤ ਸਿੰਘ ਸਰਾਂ, ਸ੍ਰੀ ਇੰਦਰਜੀਤ ਸਿੰਘ ਅਤੇ ਸ੍ਰੀ ਸੁਖਰਾਜ ਸਿੰਘ ਔਲਖ ਨੇ ਇਸ ਕਰਮਚਾਰੀ ਖਿਲਾਫ ਮਤਾ ਪਾਸ ਕਰਨ ਅਤੇ ਬਣਦੀ ਕਾਰਵਾਈ ਕਰਨ ਦੀ ਮੰਗ ਕੀਤੀ। ਇਸ ਸਬੰਧੀ ਡਾਇਰੈਕਟਰ, ਸਥਾਨਕ ਸਰਕਾਰ ਵਿਭਾਗ, ਪੰਜਾਬ, ਚੰਡੀਗੜ੍ਹ ਜੀ ਪਾਸ ਇਸ ਕਰਮਚਾਰੀ ਵੱਲੋਂ ਆਪਣੀ ਡਿਊਟੀ ਨਾ ਨਿਭਾਉਣ ਅਤੇ ਸਮੁੱਚੇ ਹਾਊਸ ਨੂੰ ਗਲਤ ਜਾਣਕਾਰੀ ਦੇਣ ਖਾਤਰ ਇਸਦੇ ਖਿਲਾਫ ਬਣਦੀ ਕਾਰਵਾਈ ਕਰਨ ਲਈ ਲਿਖਿਆ ਜਾਵੇ।

ਸ੍ਰੀਮਤੀ ਕੁਲਵਿੰਦਰ ਕੌਰ, ਕੌਂਸਲਰ ਵਾਰਡ ਨੰਬਰ 41 ਨੇ ਲਿਖਤੀ ਬੇਨਤੀ ਕੀਤੀ ਕਿ ਉਹਨਾਂ ਦੇ ਵਾਰਡ ਲਈ ਜੋ ਪਹਿਲਾਂ ਕੰਮ ਪਾਸ ਕੀਤੇ ਹੋਏ ਹਨ, ਉਹਨਾਂ ਨੂੰ ਜਲਦ ਚਾਲੂ ਕਰਵਾਇਆ ਜਾਵੇ। ਉਹਨਾਂ ਪ੍ਰਤਾਪ ਨਗਰ, ਪਰਸ ਨਗਰ ਦੀਆਂ ਗਲੀਆਂ ਵਿੱਚ ਪ੍ਰੀਮਿਕਸ ਅਤੇ ਇੰਟਰਲਾਕਿੰਗ ਟਾਇਲਾਂ ਲਗਾਉਣ, ਗਲੀ ਨੰਬਰ 32-ਏ, 33,34 ਅਤੇ 34-ਏ ਨੇੜੇ ਐਮ.ਐਚ.ਆਰ ਸਕੂਲ, ਵਿਸ਼ਵਕਰਮਾ ਮੰਦਿਰ ਤੋਂ ਅੱਗੇ ਅਤੇ ਗਲੀ ਨੰਬਰ 33/4 ਪਰਸ ਰਾਮ ਨਗਰ, ਜੋ ਕਿ ਗਲੀ ਨੰਬਰ 35 ਨੂੰ ਜੋੜਦੀ ਹੈ, ਵਿਖੇ ਲਗਭਗ 200 ਫੁੱਟ ਇੰਟਰਲਾਕਿੰਗ ਟਾਇਲਾਂ ਅਤੇ 38-1/2 ਅਤੇ ਕੁੱਝ ਹੋਰ ਛੋਟੀਆਂ-ਛੋਟੀਆਂ ਗਲੀਆਂ ਅਤੇ ਹੰਸ ਨਗਰ ਦੀਆਂ ਗਲੀਆਂ ਵਿੱਚ ਵੀ ਕੰਮ ਸ਼ੁਰੂ ਕਰਵਾਇਆ ਜਾਵੇ।

ਸ੍ਰੀਮਤੀ ਕਮਲਜੀਤ ਕੌਰ, ਕੌਂਸਲਰ ਨੇ ਉਹਨਾਂ ਦੇ ਵਾਰਡ ਦੀ ਚਾਚਾ ਜੀਤ ਮੱਲ ਵਾਲੀ ਗਲੀ ਵਿੱਚ ਗੇਟ ਲਗਾਉਣ ਦੀ ਲਿਖਤੀ ਬੇਨਤੀ ਕੀਤੀ, ਕਿਉਂ ਜੋ ਇਸ ਗਲੀ ਵਿੱਚ ਰਾਤ ਸਮੇਂ ਮੋਟਰ ਸਾਈਕਲਾਂ, ਸਕੂਟਰਾਂ ਵਿੱਚੋਂ ਰਾਤ ਸਮੇਂ ਰੋਜ਼ਾਨਾ ਪੈਟ੍ਰੋਲ ਚੋਰੀ ਹੋ ਰਿਹਾ ਹੈ।

ਸ੍ਰੀਮਤੀ ਸ਼ੀਲਾ ਰਾਣੀ, ਕੌਂਸਲਰ ਵਾਰਡ ਨੰਬਰ 19 ਨੇ ਹੇਠ ਲਿਖੇ ਅਨੁਸਾਰ ਲਿਖਤੀ ਬੇਨਤੀ ਕੀਤੀ:

1. ਸੰਤ ਕਬੀਰ ਨਗਰ, ਗਲੀ ਨੰਬਰ 1 ਤੋਂ 8 ਤੱਕ ਅਤੇ ਬੰਗੀ ਨਗਰ ਗਲੀ ਨੰਬਰ 1 ਤੋਂ 6 ਤੱਕ ਸਾਰੀਆਂ ਗਲੀਆਂ ਦੇ ਸੀਵਰ ਦੇ ਢੱਕਣ ਉੱਚੇ ਚੁੱਕੇ ਜਾਣ ਕਿਉਂ ਜੋ ਇਸ ਜਗ੍ਹਾ ਸੀਵਰ ਪੈਣ ਤੋਂ ਬਾਅਦ ਦੋ ਵਾਰ ਸੜ੍ਹਕਾਂ ਉੱਚੀਆਂ ਕੀਤੀਆਂ ਗਈਆਂ ਹਨ ਅਤੇ ਸੀਵਰ ਦੇ ਢੱਕਣ ਨੀਵੇਂ ਹਨ। ਇਸ ਲਈ ਇੰਨ੍ਹਾਂ ਦੀ ਸਫਾਈ ਨਹੀਂ ਹੋ ਸਕਦੀ ਅਤੇ ਗਲੀਆਂ ਦਾ ਬੁਰਾ ਹਾਲ ਹੈ।
2. ਸੰਤ ਕਬੀਰ ਨਗਰ, ਗਲੀ ਨੰਬਰ 1 ਤੋਂ 8 ਅਤੇ ਬੰਗੀ ਨਗਰ ਗਲੀ ਨੰਬਰ 1 ਤੋਂ 6 ਤੱਕ ਸਾਰੀਆਂ ਗਲੀਆਂ ਨੂੰ ਉੱਚਾ ਕੀਤਾ ਜਾਵੇ।
3. ਅਮਰਪੁਰਾ ਬਸਤੀ ਗਲੀ ਨੰਬਰ 1,2,2-1/2, 3, ਸੰਤ ਕਬੀਰ ਨਗਰ ਗਲੀ ਨੰਬਰ 1 ਤੋਂ 8 ਤੱਕ ਅਤੇ ਬੰਗੀ ਨਗਰ ਗਲੀ ਨੰਬਰ 1 ਤੋਂ 6 ਤੱਕ ਦੀਆਂ ਸਾਰੀਆਂ ਗਲੀਆਂ ਦੇ ਸਾਈਨ ਬੋਰਡਾਂ ਦਾ ਨਵੀਨੀਕਰਨ ਕੀਤਾ ਜਾਵੇ।
4. ਅਮਰਪੁਰਾ ਬਸਤੀ ਗਲੀ ਨੰਬਰ 1,2,2-1/2, 3 ਸੰਤ ਕਬੀਰ ਨਗਰ ਗਲੀ ਨੰਬਰ 1 ਤੋਂ 8 ਅਤੇ ਬੰਗੀ ਨਗਰ ਗਲੀ ਨੰਬਰ 1 ਤੋਂ 6 ਤੱਕ ਦੀਆਂ ਸਾਰੀਆਂ ਗਲੀਆਂ ਵਿੱਚ ਕੁੱਝ ਲੋਕਾਂ ਵੱਲੋਂ ਲੱਕੜ੍ਹ, ਮਿੱਟੀ, ਬਜਰੀ ਅਤੇ ਮਲਬਾ ਆਦਿ ਰੱਖਿਆ ਹੋਇਆ ਹੈ। ਇੰਨ੍ਹਾਂ ਦੀ ਸਫਾਈ ਕਰਵਾਈ ਜਾਵੇ।

ਇਸ ਉਪਰੰਤ ਮੀਟਿੰਗ ਦੀ ਕਾਰਵਾਈ ਸ਼ੁਰੂ ਕੀਤੀ ਗਈ।

**ਏਜੰਡਾ ਨੰਬਰ 1 :**

ਜਨਰਲ ਹਾਊਸ ਦੀ ਮੀਟਿੰਗ ਮਿਤੀ 20.03.2023 ਦੀ ਕਾਰਵਾਈ ਦੀ ਪਕਿਆਈ।

| | |
|---|---|
| ਮਤਾ ਨੰਬਰ 198: | **ਮਤਾ ਨੰਬਰ 158 ਮਿਤੀ 20.03.2023 ਨੂੰ ਨਾਂ-ਪ੍ਰਵਾਨ ਕਰਦੇ ਹੋਏ ਬਾਕੀ ਦੀ ਮੀਟਿੰਗ ਦੀ ਕਾਰਵਾਈ ਦੀ ਪਕਿਆਈ ਕੀਤੀ ਜਾਂਦੀ ਹੈ।** |

**ਏਜੰਡਾ ਨੰ: 2:**

ਰਿਪੋਰਟ ਸਿਹਤ ਸ਼ਾਖਾ ਕਿ ਮਿਤੀ 17.04.2023 ਨੂੰ ਮਾਨਯੋਗ ਡਿਪਟੀ ਕਮਿਸ਼ਨਰ ਜੀ ਦੀ ਪ੍ਰਧਾਨਗੀ ਵਿਚ ਸੋਸਾਇਟੀ ਫਾਰ ਪ੍ਰੀਵੈਨਸ਼ਨ ਆਫ ਕਰੂਆਲਟੀ ਟੂ ਐਨੀਮਲਜ਼ (S.P.C.A) ਦੀ ਮੀਟਿੰਗ ਕੀਤੀ ਗਈ, ਜਿਸ ਵਿੱਚ ਡਿਪਟੀ ਕਮਿਸ਼ਨਰ ਜੀ ਵੱਲੋਂ ਆਖਿਆ ਗਿਆ ਕਿ ਉਕਤ ਸੋਸਾਇਟੀ ਜਾਨਵਰਾਂ ਤੇ ਹੋ ਰਹੇ ਅਤਿਆਚਾਰਾਂ ਨੂੰ ਰੋਕਣ ਅਤੇ ਜਖਮੀ ਜਾਨਵਰਾਂ ਦੀ ਦੇਖਭਾਲ ਲਈ ਬਣਾਈ ਗਈ ਹੈ। ਇਸ ਵਿੱਚ ਸਰਕਾਰ/ ਮਾਨਯੋਗ ਅਦਾਲਤ ਦੇ ਹੁਕਮਾਂ ਦੀ ਪਾਲਣਾਂ ਕਰਦੇ ਜਖਮੀ ਜਾਨਵਰਾਂ (ਵੱਡੇ ਜਾਨਵਰਾਂ) ਨੂੰ ਇੱਕ ਜਗ੍ਹਾ ਤੋਂ ਦੂਜੀ ਜਗ੍ਹਾ ਲੈ ਕੇ ਜਾਣ ਲਈ ਇੱਕ ਵਹੀਕਲ/ਐਂਬੂਲੈਂਸ ਦੀ ਲੋੜ੍ਹ ਹੈ, ਜੋ ਕਿ ਮੋਡੀਫਾਈ ਕਰਕੇ ਨਗਰ ਨਿਗਮ ਬਠਿੰਡਾ ਵੱਲੋਂ ਮੁੱਹਈਆ ਕਰਵਾਇਆ ਜਾਣਾ ਹੈ। ਇਸ ਲਈ ਇਹ ਕੰਮ The Prevention of Cruelty to Animals Act ਦੀ ਪਾਲਣਾਂ ਹਿੱਤ ਅਤੇ ਮਾਨਯੋਗ

ਅਦਾਲਤ ਦੇ ਹੁਕਮਾਂ ਦੀ ਪਾਲਣਾਂ ਹਿੱਤ ਜਲਦੀ ਕਰਵਾਇਆ ਜਾਣਾ ਅਤਿ ਜਰੂਰੀ ਹੈ। ਇਸ ਲਈ ਮਾਨਯੋਗ ਡਿਪਟੀ ਕਮਿਸ਼ਨਰ, ਬਠਿੰਡਾ ਜੀ ਵੱਲੋਂ ਹੁਕਮ ਕੀਤੇ ਗਏ ਹਨ ਕਿ ਇੱਕ ਪੁਰਾਣੇ ਵਹੀਕਲ (ਟਾਟਾ 407 ਜਾਂ ਹੋਰ) ਦੀ ਖਰੀਦ ਕਰਕੇ ਇਸਨੂੰ ਮੋਡੀਫਾਈ ਕਰਵਾਇਆ ਜਾਵੇ। ਸੋਸਾਇਟੀ ਫਾਰ ਪ੍ਰੀਵੈਨਸ਼ਨ ਆਫ ਕਰੂਆਲਟੀ ਟੂ ਐਨੀਮਲਜ਼ (S.P.C.A.) ਦੇ ਸਮੂਹ ਮੈਂਬਰਾਨ ਨਾਲ ਹੋਏ ਵਿਚਾਰ ਵਟਾਂਦਰੇ ਅਨੁਸਾਰ ਇੱਕ ਪੁਰਾਣਾ ਵਹੀਕਲ (ਟਾਟਾ 407 ਜਾਂ ਹੋਰ) ਖਰੀਦ ਕਰਕੇ ਇਸ ਨੂੰ ਲੋੜ ਅਨੁਸਾਰ ਮੋਡੀਫਾਈ ਕਰਕੇ ਐਂਬੂਲੈਸ ਤਿਆਰ ਕਰਨ ਤੇ ਲਗਭਗ 5.00 ਲੱਖ ਰੁਪਏ (ਪੰਜ ਲੱਖ ਰੁਪਏ) ਖਰਚ ਆਉਣ ਦੀ ਸੰਭਾਵਨਾਂ ਹੈ।

ਉਕਤ ਸਬੰਧੀ ਦਫਤਰ ਵੱਲੋਂ ਰਿਪੋਰਟ ਕੀਤੀ ਗਈ ਹੈ ਕਿ "Mowgli/Aid Welfare Society V/s. State of Punjab and others (Bunch Court Case 5068 of 2022 and 22 CWPs) ਵਿੱਚ ਦਿੱਤੇ ਦਿਸ਼ਾ ਨਿਰਦੇਸ਼ਾਂ ਦੀ ਪਾਲਣਾਂ ਅਤਿ ਜਰੂਰੀ ਹੈ। ਇਸ ਲਈ ਹਾਊਸ ਤੋਂ ਪੂਰਵ ਪ੍ਰਵਾਨਗੀ ਦੀ ਆਸ ਵਿੱਚ ਕਰਨ ਹਿੱਤ ਰਿਪੋਰਟ ਕੀਤੀ ਗਈ ਹੈ।

ਕੰਮ ਦੀ ਮਹਤੱਤਾ ਨੂੰ ਮੁੱਖ ਰੱਖਦੇ ਹੋਏ ਐਫ.ਐਂਡ ਸੀ.ਸੀ. ਦੀ ਮੀਟਿੰਗ ਮਿਤੀ 28.04.2023 ਦੇ ਮਤਾ ਨੰਬਰ 432 ਰਾਹੀਂ ਇੱਕ ਪੁਰਾਣੇ ਵਹੀਕਲ (ਟਾਟਾ 407 ਜਾਂ ਹੋਰ) ਦੀ ਖਰੀਦ ਕਰਕੇ ਇਸਨੂੰ ਲੋੜ ਅਨੁਸਾਰ ਮੋਡੀਫਾਈ ਕਰਕੇ ਐਂਬੂਲੈਂਸ ਤਿਆਰ ਕਰਨ ਤੇ ਆਉਣ ਵਾਲੇ ਖਰਚੇ ਮੁਬਲਿਗ 5.00 ਲੱਖ ਰੁਪਏ ਦੀ ਹਾਊਸ ਤੋਂ ਪ੍ਰਵਾਨਗੀ ਦੀ ਆਸ ਵਿੱਚ ਮਾਨਯੋਗ ਮੇਅਰ, ਨਗਰ ਨਿਗਮ ਬਠਿੰਡਾ ਜੀ ਵੱਲੋਂ ਪ੍ਰਵਾਨਗੀ ਦੇਣਾ ਪਾਸ ਕੀਤਾ ਗਿਆ, ਜਿਸਦੇ ਮੱਦੇ ਨਜ਼ਰ ਮਿਤੀ 28.04.2023 ਨੂੰ ਇਸਦੀ ਹਾਊਸ ਤੋਂ ਪ੍ਰਵਾਨਗੀ ਦੀ ਆਸ ਵਿੱਚ ਮੰਨਜ਼ੂਰੀ ਦਿੱਤੀ ਗਈ।

ਰਿਪੋਰਟ ਹਾਊਸ ਦੀ ਜਾਣਕਾਰੀ ਅਤੇ ਪ੍ਰਵਾਨਗੀ ਹਿੱਤ।

| | |
|---|---|
| ਮਤਾ ਨੰਬਰ 199: | **ਪ੍ਰਵਾਨ ਹੈ।** |

**ਏਜੰਡਾ ਨੰ: 3:**

ਰਿਪੋਰਟ ਵਰਕਸ ਸ਼ਾਖਾ ਕਿ ਮੈਰੀਟੋਰੀਅਸ ਸਕੂਲ ਬਠਿੰਡਾ ਦੇ ਨਜ਼ਦੀਕ Dog Sterlization Centre ਬਨਾਉਣ ਦਾ ਤਖਮੀਨਾ ਮੁਬਲਿਗ 43.25 ਲੱਖ ਰੁਪਏ ਦਾ ਤਿਆਰ ਕੀਤਾ ਗਿਆ ਹੈ। ਇਸ ਸਬੰਧੀ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਰਿਪੋਰਟ ਕੀਤੀ ਹੈ ਕਿ "Considering the problem of stray dogs in the city, it is recommended to approve the estimate at an early date in anticipation of approval of House".

ਕੰਮ ਦੀ ਮਹਤੱਤਾ ਨੂੰ ਮੁੱਖ ਰੱਖਦੇ ਹੋਏ ਐਫ.ਐਂਡ ਸੀ.ਸੀ. ਦੀ ਮੀਟਿੰਗ ਮਿਤੀ 28.04.2023 ਦੇ ਮਤਾ ਨੰਬਰ 432 ਰਾਹੀਂ ਮੈਰੀਟੋਰੀਅਸ ਸਕੂਲ, ਬਠਿੰਡਾ ਦੇ ਨੇੜੇ Dog Sterlisation Centre ਬਨਾਉਣ ਦੇ ਤਖਮੀਨੇ ਮੁਬਲਿਗ 43.25 ਲੱਖ ਰੁਪਏ ਦੀ ਹਾਊਸ ਤੋਂ ਪ੍ਰਵਾਨਗੀ ਦੀ ਆਸ ਵਿੱਚ ਮਾਨਯੋਗ ਮੇਅਰ, ਨਗਰ ਨਿਗਮ ਬਠਿੰਡਾ ਜੀ ਵੱਲੋਂ ਪ੍ਰਵਾਨਗੀ ਦੇਣਾ ਪਾਸ ਕੀਤਾ ਗਿਆ, ਜਿਸਦੇ ਮੱਦੇ ਨਜ਼ਰ ਮਿਤੀ 28.04.2023 ਨੂੰ ਇਸਦੀ ਹਾਊਸ ਤੋਂ ਪ੍ਰਵਾਨਗੀ ਦੀ ਆਸ ਵਿੱਚ ਮੰਨਜ਼ੂਰੀ ਦਿੱਤੀ ਗਈ।

ਰਿਪੋਰਟ ਹਾਊਸ ਦੀ ਜਾਣਕਾਰੀ ਅਤੇ ਪ੍ਰਵਾਨਗੀ ਹਿੱਤ।

| | |
|---|---|
| ਮਤਾ ਨੰਬਰ 200: | **ਪ੍ਰਵਾਨ ਹੈ। ਮਜ਼ੀਦ ਪਾਸ ਕੀਤਾ ਗਿਆ ਕਿ ਇਸ ਕੰਮ ਖਾਤਰ ਕਾਊ ਸੈਸ ਅਧੀਨ ਫੰਡਾਂ ਦੀ ਵਰਤੋਂ ਕੀਤੀ ਜਾਵੇ।** |

**ਏਜੰਡਾ ਨੰ: 4:**

ਰਿਪੋਰਟ ਸਿਹਤ ਸ਼ਾਖਾ ਕਿ 26 ਮਿੰਨੀ ਟਿੱਪਰਾਂ ਲਈ ਟਾਇਰ-ਟਿਊਬ ਸੈਟ Gem-Portal ਤੋਂ ਖਰੀਦ ਕਰਨ ਸਬੰਧੀ ਸਿਹਤ/ਸੈਨੀਟੇਸ਼ਨ ਸ਼ਾਖਾ ਵੱਲੋਂ ਮਿਤੀ 28.03.2023 ਨੂੰ ਬੇਨਤੀ ਕੀਤੀ ਗਈ ਸੀ, ਜਿਸਤੇ ਲਗਭਗ 5,38,070/- ਰੁਪਏ ਖਰਚ ਆਉਣ ਦੀ ਸੰਭਾਵਨਾਂ ਹੈ। ਮਾਨਯੋਗ ਕਮਿਸ਼ਨਰ ਜੀ ਦੀ ਪ੍ਰਵਾਨਗੀ ਉਪਰੰਤ ਇਸਨੂੰ ਨਿਗਮ ਦੇ ਹਾਊਸ ਦੀ ਪ੍ਰਵਾਨਗੀ ਲਈ ਭੇਜਿਆ ਗਿਆ ਹੈ। ਇਹ ਕਿ ਮਿੰਨੀ ਟਿੱਪਰਾਂ ਨਾਲ ਘਰਾਂ/ਦੁਕਾਨਾਂ ਦਾ ਕੂੜਾ ਚੁੱਕਿਆ ਜਾ ਰਿਹਾ ਹੈ। ਗਰਮੀ ਦਾ ਮੌਸਮ ਹੋਣ ਕਾਰਨ ਟਾਇਰ/ਟਿਊਬਾਂ ਅਕਸਰ ਹੀ ਪੈਂਚਰ ਹੋ ਜਾਂਦੇ ਹਨ, ਜਿਸ ਕਾਰਨ ਕਾਫੀ ਸਮਾਂ ਬਰਬਾਦ ਹੋ ਜਾਂਦਾ ਹੈ ਅਤੇ ਕਿਸੇ ਹਾਦਸੇ ਦਾ ਖਦਸ਼ਾ ਵੀ ਬਣਿਆ ਰਹਿੰਦਾ ਹੈ। ਇਹ ਕਿ ਹਾਊਸ ਦੀ ਅਗਲੇਰੀ ਮੀਟਿੰਗ ਅਤੇ ਟਾਇਰ-ਟਿਊਬਾਂ ਖਰੀਦ ਕਰਨ ਤੇ ਕਾਫੀ ਸਮਾਂ ਲੱਗ ਸਕਦਾ ਹੈ। ਜੇਕਰ ਟਾਇਰ-ਟਿਊਬਾਂ ਦੀ ਖਰੀਦ ਨਾ ਕੀਤੀ ਗਈ ਤਾਂ ਇਸ ਨਾਲ ਡੋਰ-ਟੂ-ਡੋਰ ਗਾਰਬੇਜ਼ ਕੁਲੈਕਸ਼ਨ ਦੇ ਕੰਮ ਵਿੱਚ ਵਿਘਣ ਪੈ ਸਕਦਾ ਹੈ। ਰਿਪੋਰਟ ਉਕਤ 26 ਮਿੰਨੀ ਟਿੱਪਰਾਂ ਲਈ ਟਾਇਰ-ਟਿਊਬ ਸੈਟ Gem-Portal ਤੋਂ ਖਰੀਦ ਕਰਨ ਲਈ ਹਾਊਸ ਤੋਂ ਪ੍ਰਵਾਨਗੀ ਦੀ ਆਸ ਵਿੱਚ ਰਿਪੋਰਟ ਕੀਤੀ ਗਈ ਹੈ, ਜਿਸਦੇ ਮੱਦੇ ਨਜ਼ਰ ਕੰਮ ਦੀ ਮਹਤੱਤਾ ਨੂੰ ਮੁੱਖ ਰੱਖਦੇ ਹੋਏ ਮਾਨਯੋਗ ਮੇਅਰ, ਨਗਰ ਨਿਗਮ ਬਠਿੰਡਾ ਜੀ ਵੱਲੋਂ ਮਿਤੀ 06.06.2023 ਨੂੰ ਹਾਊਸ ਤੋਂ ਪ੍ਰਵਾਨਗੀ ਦੀ ਆਸ ਵਿੱਚ ਮੰਨਜ਼ੂਰੀ ਦਿੱਤੀ ਗਈ ਹੈ।

ਰਿਪੋਰਟ ਹਾਊਸ ਦੀ ਜਾਣਕਾਰੀ ਅਤੇ ਪ੍ਰਵਾਨਗੀ ਹਿੱਤ।

| | |
|---|---|
| ਮਤਾ ਨੰਬਰ 201: | **ਪ੍ਰਵਾਨ ਹੈ।** |

**ਏਜੰਡਾ ਨੰ: 5:**

ਰਿਪੋਰਟ ਬਿਲਡਿੰਗ ਸ਼ਾਖਾ ਕਿ ਮੰਤਰੀ, ਸਥਾਨਕ ਸਰਕਾਰ ਵਿਭਾਗ, ਪੰਜਾਬ ਜੀ ਵੱਲੋਂ ਪਹਿਲ ਕਦਮੀ ਕਰਦਿਆਂ ਹੋਇਆ ਆਮ ਜਨਤਾ ਨੂੰ ਰਿਹਾਇਸ਼ੀ ਨਕਸ਼ਿਆਂ ਦੀ ਪ੍ਰਵਾਨਗੀ ਸੈਲਫ ਸਰਟੀਫਾਇਡ ਕਰਨ ਦੇ ਪ੍ਰਾਵਧਾਨ ਸਬੰਧੀ ਮਾਨਯੋਗ ਪ੍ਰਮੁੱਖ ਸਕੱਤਰ, ਸਥਾਨਕ ਸਰਕਾਰ ਜੀ ਦੀ ਯੋਗ ਅਗਵਾਈ ਹੇਠ ਇਸ ਦਾ ਖਰੜਾ ਤਿਆਰ ਕੀਤਾ ਗਿਆ ਸੀ। ਇਸ ਖਰਵੇ ਪਰ ਸਰਕਾਰ ਵੱਲੋਂ ਵੱਖ-ਵੱਖ ਨਗਰ ਨਿਗਮਾਂ ਅਤੇ ਨਗਰ ਕੋਸਲਾਂ ਪਾਸੋਂ ਖਰੜੇ ਦੇ ਇਤਰਾਜ਼

ਵਾ ਸੁਝਾਅ ਮੰਗੇ ਗਏ ਸਨ। ਭੇਜੇ ਗਏ ਸੁਝਾਅ ਇਤਰਾਜ਼ਾਂ ਉਪਰੰਤ ਮਿਤੀ 28.03.2023 ਨੂੰ ਵੀਡਿਓ ਕਾਨਫਰੰਸ ਰਾਹੀਂ ਮੀਟਿੰਗ ਕੀਤੀ ਗਈ ਸੀ ਅਤੇ ਇਸ ਮੀਟਿੰਗ ਵਿੱਚ ਇਹ ਫੈਸਲਾ ਲਿਆ ਗਿਆ ਸੀ ਕਿ ਵੱਖ-ਵੱਖ ਨਗਰ ਨਿਗਮਾਂ ਨਗਰ ਕੌਂਸਲਾਂ ਅਜਿਹੀ ਸੁਖਾਲੀ ਪ੍ਰਕੀਰਿਆ ਨੂੰ ਅਪਨਾਉਣ ਵਾਸਤੇ ਆਪਣੇ ਜਨਰਲ ਹਾਊਸ ਦੀ ਪ੍ਰਵਾਨਗੀ ਲੈਣਗੇ।

ਉਪਰੋਕਤ ਦਰਸਾਈ ਪਾਲਿਸੀ ਜੇਕਟ ਲਾਗੂ ਹੋ ਜਾਂਦੀ ਹੈ ਤਾਂ ਇਸ ਨਾਲ ਰਿਹਾਇਸ਼ੀ ਨਕਸ਼ਾ ਪਾਸ ਕਰਵਾਉਣ ਵਾਲੇ ਆਮ ਲੋਕਾਂ ਨੂੰ ਦਫਤਰੀ ਗੇੜਿਆਂ ਤੋਂ ਰਾਹਤ ਮਿਲੇਗੀ ਅਤੇ ਉਹ ਆਪਣਾ ਨਕਸ਼ਾ ਸਿੱਧੇ ਤੋਰ ਤੇ ਆਰਕੀਟੈਕਟ ਤੋਂ ਪਾਸ ਕਰਵਾ ਸਕਣਗੇ। ਪਰੰਤੂ ਆਮ ਤੋਰ ਤੇ ਇਹ ਖਦਸ਼ਾ ਰਹਿੰਦਾ ਹੈ ਕਿ ਕੋਈ ਵਿਅਕਤੀ ਸਰਕਾਰੀ ਜਮੀਨ ਜਾਂ ਟਾਊਨ ਪਲੈਨਿੰਗ ਸਕੀਮਾਂ ਵਿੱਚ ਛੱਡੇ ਰਕਬੇ ਦਾ ਨਕਸ਼ਾ ਆਰਕੀਟੈਕਟ ਤੋਂ ਸਿੱਧਾ ਹੀ ਪਾਸ ਨਾ ਕਰਵਾ ਲਵੇ, ਇਸ ਗੱਲ ਨੂੰ ਸਰਕਾਰ ਨੇ ਧਿਆਨ ਵਿੱਚ ਰੱਖਦਿਆਂ ਨਗਰ ਨਿਗਮ ਦੇ ਟਾਊਨ ਪਲੈਨਿੰਗ ਵਿੰਗ ਵਿੱਚ ਕੰਮ ਕਰ ਰਹੇ ਅਧਿਕਾਰੀਆਂ ਕਰਮਚਾਰੀਆਂ ਨੂੰ ਸਮਾਂ ਬੱਧ ਮੌਕਾ ਦੇਖਣ ਦੇ ਅਧਿਕਾਰ ਦਿੱਤੇ ਹਨ। ਇੱਥੋਂ ਤੱਕ ਜੇਕਰ ਕੋਈ ਆਰਕੀਟੈਕਟ ਜਾਂ ਮਾਲਕ ਤੱਥ ਛੁਪਾ ਕੇ ਕੋਈ ਨਕਸ਼ਾ ਪਾਸ ਕਰਵਾ ਲੈਂਦਾ ਹੈ ਤਾਂ ਜਿੱਥੇ ਮਾਲਕ ਖਿਲਾਫ ਸਖਤ ਕਾਰਵਾਈ ਕਰਨ ਦਾ ਪ੍ਰਾਵਧਾਨ ਹੈ, ਉੱਥੇ ਸਬੰਧਤ ਆਰਕੀਟੈਕਟ ਦਾ ਲਾਇਸੰਸ ਵੀ ਰੱਦ ਕੀਤਾ ਜਾ ਸਕਦਾ ਹੈ।

ਨਗਰ ਨਿਗਮ ਬਠਿੰਡਾ ਆਪਣੇ ਸ਼ਹਿਰ ਦੇ ਵਸਨੀਕਾਂ ਨੂੰ ਅਜੀਹਿਆਂ ਸੁਖਾਲੀਆਂ ਪਾਲਿਸੀਆਂ ਦੇਣ ਲਈ ਵਚਨ ਬੱਧ ਹੈ। ਇਸ ਲਈ ਉਚਿਤ ਹੋਵੇਗਾ ਕਿ ਇਸ ਪਾਲਿਸੀ ਨੂੰ ਲਾਗੂ ਕਰਨ ਲਈ ਮਾਨਯੋਗ ਜਨਰਲ ਹਾਊਸ ਦੀ ਪ੍ਰਵਾਨਗੀ ਲੈ ਲਈ ਜਾਵੇ ਜੀ।

ਕੇਸ ਹਾਊਸ ਦੇ ਵਿਚਾਰ ਹਿੱਤ।

ਇਸ ਮੱਦ ਤੇ ਵਿਚਾਰ ਕਰਦੇ ਹੋਏ ਸ਼੍ਰੀ ਅਸ਼ੋਕ ਕੁਮਾਰ, ਸੀਨੀਅਰ ਡਿਪਟੀ ਮੇਅਰ ਨੇ ਕਿਹਾ ਕਿ ਆਰਕੀਟੈਕਟ ਵੱਲੋਂ ਕੋਈ ਵੀ ਰਿਹਾਇਸ਼ੀ ਨਕਸ਼ਾ ਪਾਸ ਕਰਨ ਖਾਤਰ ਉਸਦੀ ਫੀਸ ਨਗਰ ਨਿਗਮ ਵੱਲੋਂ ਨਿਰਧਾਰਤ ਕੀਤੀ ਜਾਵੇ, ਤਾਂ ਜੋ ਆਮ ਪਬਲਿਕ ਨੂੰ ਫੀਸਾਂ ਦਾ ਪਤਾ ਚੱਲ ਸਕੇ।

ਸ੍ਰ: ਹਰਮੰਦਰ ਸਿੰਘ, ਡਿਪਟੀ ਮੇਅਰ ਨੇ ਕਿਹਾ ਕਿ ਰਿਹਾਇਸ਼ੀ ਮਕਾਨ ਬਨਾਉਣ ਸਮੇਂ ਜਿਆਦਾਤਰ violation ਛੋਟੇ ਘਰਾਂ ਵਾਲਿਆਂ ਵੱਲੋਂ ਹੀ ਕੀਤੀ ਜਾਂਦੀ ਹੈ। ਲੋਕਾਂ ਦੀ ਇਹ ਪਰਮਾਨੈਂਟ ਆਦਤ ਬਣ ਚੁੱਕੀ ਹੈ ਕਿ ਉਹ ਅੱਗੇ ਪਿੱਛੇ ਛੱਡੀ ਜਾਣ ਵਾਲੀ ਜਗ੍ਹਾ ਵਿੱਚ ਜਿਆਦਾਤਰ ਬਾਥਰੂਮ ਵਗੈਰਾ ਬਣਾ ਲੈਂਦੇ ਹਨ। ਇਸ ਪਾਲਿਸੀ ਵਿੱਚ ਲੋਕਾਂ ਵੱਲੋਂ violation ਕਰਨ ਤੇ ਸਬੰਧਤ ਆਰਕੀਟੈਕਟ ਦਾ ਲਾਇਸੰਸ ਰੱਦ ਕਰਨ ਦਾ ਪ੍ਰਾਵਧਾਨ ਹੈ। ਇਸਨੂੰ ਦੇਖਦੇ ਹੋਏ ਸ਼ਹਿਰ ਦਾ ਕੋਈ ਵੀ ਆਰਕੀਟੈਕਟ ਇਸ ਪਾਲਿਸੀ ਨੂੰ ਸਵੀਕਾਰ ਨਹੀਂ ਕਰੇਗਾ। ਇਸ ਲਈ ਇਸਨੂੰ ਵਿਸਥਾਰ ਪੂਰਵਕ ਵਿਚਾਰਨ ਦੀ ਜਰੂਰਤ ਹੈ। ਉਹਨਾਂ ਵੀ ਨਗਰ ਨਿਗਮ ਵੱਲੋਂ ਆਰਕੀਟੈਕਟਾਂ ਦੀ ਫੀਸ ਨਿਰਧਾਰਤ ਕਰਨ ਦੀ ਮੰਗ ਕੀਤੀ। ਉਹਨਾਂ ਇਹ ਵੀ ਡਰ ਜਤਾਇਆ ਕਿ ਸ਼ਹਿਰ ਵਿੱਚ ਗਲਤ ਤਰੀਕੇ ਨਾਲ ਪਾਈਆਂ ਜਾਣ ਵਾਲੀਆਂ ਬਿਲਡਿੰਗਾਂ ਵਿੱਚ ਕਿਤੇ ਇੱਕ ਕੜੀ ਹੋਰ ਨਾ ਜੁੜ ਜਾਵੇ। ਉਹਨਾਂ ਇਸ ਸਬੰਧੀ ਡਰਾਫਟ ਸਕੀਮ ਸਮੂਹ ਕੌਂਸਲਰ ਸਾਹਿਬਾਨ ਪਾਸ ਭੇਜਣ ਅਤੇ ਇਸ ਸਬੰਧੀ ਵਿਸਥਾਰ ਵਿੱਚ ਜਾਣਕਾਰੀ ਦੇਣ ਦੀ ਮੰਗ ਕੀਤੀ।

ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਦਸਿਆ ਕਿ ਸਰਕਾਰ ਵੱਲੋਂ ਇਸ ਪਾਲਿਸੀ ਸਬੰਧੀ ਹਾਊਸ ਦੀ ਜਨਰਲ ਸਹਿਮਤੀ ਮੰਗੀ ਹੈ। ਇਸ ਉਪਰੰਤ ਹੀ ਸਰਕਾਰ ਵੱਲੋਂ ਡਰਾਫਟ ਪਾਲਿਸੀ ਬਣਾਈ ਜਾਵੇਗੀ। ਇਸ ਸਬੰਧੀ ਮਾਮਲਾ ਵਿਚਾਰ ਅਧੀਨ ਹੈ। ਹਾਊਸ ਵੱਲੋਂ ਆਪਣੇ observationsਅਤੇ ਸੁਝਾਅ ਸਰਕਾਰ ਪਾਸ ਭੇਜੇ ਜਾਣੇ ਹਨ। ਇਸ ਮੱਦ ਰਾਹੀਂ ਹਾਊਸ ਦੀ ਜਨਰਲ ਸਹਿਮਤੀ ਲਈ ਜਾਣੀ ਹੈ।

ਸ੍ਰ: ਹਰਮੰਦਰ ਸਿੰਘ, ਡਿਪਟੀ ਮੇਅਰ ਨੇ ਕਿਹਾ ਕਿ ਰਿਹਾਇਸ਼ੀ ਬਿਲਡਿੰਗਾਂ ਸਬੰਧੀ ਕੰਪਲੀਸ਼ਨ ਸਰਟੀਫਿਕੇਟ ਵੀ ਸਬੰਧਤ ਆਰਕੀਟੈਕਟ ਵੱਲੋਂ ਜਾਰੀ ਕੀਤਾ ਜਾਣਾ ਹੈ। ਪਰੰਤੂ ਕੋਈ ਵੀ ਆਰਕੀਟੈਕਟ ਅਜਿਹਾ ਕਰਨ ਲਈ ਤਿਆਰ ਨਹੀਂ ਹੈ।

ਸ੍ਰੀ ਹਰਵਿੰਦਰ ਸਿੰਘ, ਕੌਂਸਲਰ ਨੇ ਮੰਗ ਕੀਤੀ ਕਿ ਸ਼ਹਿਰ ਵਿੱਚ ਅਜਿਹਾ ਕੰਮ ਕਰਨ ਵਾਲੇ ਸਾਰੇ ਆਰਕੀਟੈਕਟਾਂ ਦੀ ਲਿਸਟ ਦਿੱਤੀ ਜਾਵੇ ਤਾਂ ਜੋ ਆਮ ਪਬਲਿਕ ਨੂੰ ਜਾਣੂ ਕਰਵਾਇਆ ਜਾ ਸਕੇ। ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਬਿਲਡਿੰਗ ਸ਼ਾਖਾ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਸਾਰੇ ਆਰਕੀਟੈਕਟਾਂ ਦੀ ਲਿਸਟ ਨਗਰ ਨਿਗਮ ਦੀ ਵੈਬਸਾਇਟ ਤੇ ਪਾ ਦਿੱਤੀ ਜਾਵੇ। ਉਹਨਾਂ ਇਹ ਵੀ ਜਾਣੂ ਕਰਵਾਇਆ ਕਿ ਆਰਕੀਟੈਕਟਾਂ ਵੱਲੋਂ ਇਹ ਨਕਸ਼ਾ ਸਰਕਾਰ ਦੀ ਈ-ਨਕਸ਼ਾ ਪੋਰਟਲ ਤੇ ਅਪਲਾਈ ਕੀਤਾ ਜਾਵੇਗਾ। ਉਹਨਾਂ ਪੋਰਟਲ ਤੇ ਹੀ ਬਣਦੀਆਂ ਫੀਸਾਂ ਅਪਲੋਡ ਕਰਨ ਦੀ ਹਦਾਇਤ ਕੀਤੀ।

ਹਾਊਸ ਵਿੱਚ ਕੁੱਝ ਕੌਂਸਲਰ ਸਾਹਿਬਾਨ ਨੇ ਮੰਗ ਕੀਤੀ ਕਿ 250 ਵ: ਗੱਜ਼ ਦੀ ਬਜਾਏ 500 ਵ: ਗੱਜ਼ ਤੱਕ ਦੇ ਰਿਹਾਇਸ਼ੀ ਮਕਾਨਾਂ ਨੂੰ ਇਸ ਪਾਲਿਸੀ ਵਿੱਚ ਸ਼ਾਮਲ ਕੀਤਾ ਜਾਵੇ। ਇਸਤੇ ਸਹਿਮਤੀ ਜਤਾਈ ਗਈ।

| | |
|---|---|
| ਮਤਾ ਨੰਬਰ 202: | **ਪਾਸ ਕੀਤਾ ਜਾਂਦਾ ਹੈ ਕਿ 250 ਵ: ਗੱਜ਼ ਦੀ ਬਜਾਏ 500 ਵ: ਗੱਜ਼ ਦੇ ਰਿਹਾਇਸ਼ੀ ਮਕਾਨਾਂ ਨੂੰ ਇਸ ਪਾਲਿਸੀ ਵਿੱਚ ਸ਼ਾਮਲ ਕਰਦੇ ਹੋਏ ਹਾਊਸ ਵੱਲੋਂ ਜਨਰਲ ਸਹਿਮਤੀ ਦਿੱਤੀ ਜਾਂਦੀ ਹੈ।ਮਜ਼ੀਦ ਪਾਸ ਕੀਤਾ ਗਿਆ ਕਿ ਆਰਕੀਟੈਕਟਾਂ ਦੀ ਫੀਸ ਵੀ ਨਿਰਧਾਰਤ ਕੀਤੀ ਜਾਵੇ।** |

**ਏਜੰਡਾ ਨੰ: 6:**

ਰਿਪੋਰਟ ਬਿਲਡਿੰਗ ਸ਼ਾਖਾ ਕਿ ਸਥਾਨਕ ਸਰਕਾਰ ਵਿਭਾਗ, ਪੰਜਾਬ ਵੱਲੋਂ ਟਾਊਨ ਪਲੈਨਿੰਗ ਸਕੀਮਾਂ ਵਿੱਚ Adjusted, Exempted, Reserved for Special Purpose ਰਕਬਿਆਂ ਅਤੇ ਸਕੀਮ ਏਰੀਏ ਨਾਨ ਸਕੀਮਾਂ ਵਿੱਚ ਇੱਕਸਾਰਤਾ ਲਿਆਉਣ ਵਾਸਤੇ Parity in Scheme Areas and non-scheme areas – conversion of land use of sites falling in Town Planning Scheme/ Building Schemes from adjusted/ exempted/ area reserved for special purpose to other conforming uses ਅਧੀਨ ਡਰਾਫਟ ਪਾਲਿਸੀ ਮਿਤੀ 03.03.2023 ਨੂੰ ਵੱਖ-ਵੱਖ ਨਗਰ ਨਿਗਮਾਂ ਅਤੇ ਨਗਰ ਕੌਂਸਲਾਂ ਵਿੱਚੋਂ ਇਤਰਾਜ਼ ਵਾ ਸੁਝਾਅ ਦੀ ਮੰਗ ਕੀਤੀ ਗਈ

ਸੀ। ਮਿਤੀ 07.03.2023 ਨੂੰ ਟਾਊਨ ਪਲੈਨਿੰਗ ਵਿੰਗ ਦੇ ਸਮੂਹ ਅਧਿਕਾਰੀਆਂ ਕਰਮਚਾਰੀਆਂ ਨਾਲ ਮੀਟਿੰਗ ਲੈਣ ਉਪਰੰਤ ਉਕਤ ਪਾਲਿਸੀ ਡਰਾਫਟ ਦੇ ਇਤਰਾਜ਼ ਵਾ ਸੁਝਾਅ ਸਰਕਾਰ ਨੂੰ ਭੇਜਣ ਦੀ ਪ੍ਰਵਾਨਗੀ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਵੱਲੋਂ ਮਿਤੀ 09.03.2023 ਨੂੰ ਦੇਣ ਉਪਰੰਤ ਪੱਤਰ ਮਾਨਯੋਗ ਡਾਇਰੈਕਟਰ, ਸਥਾਨਕ ਸਰਕਾਰ ਜੀ ਪਾਸ ਮਿਤੀ 15.03.2023 ਨੂੰ ਭੇਜ ਦਿੱਤਾ ਗਿਆ ਸੀ।

ਨਗਰ ਨਿਗਮ ਵੱਲੋਂ ਭੇਜੇ ਸੁਝਾਅ/ ਕਲੈਰੀਫਿਕੇਸ਼ਨ ਵਿੱਚ ਉਚੇਚੇ ਤੋਰ ਤੇ ਸਰਕਾਰ ਨੂੰ ਲਿਖਿਆ ਗਿਆ ਸੀ ਕਿ ਰੇਟਾਂ ਵਿੱਚ ਸਪਸ਼ਟੱਤਾ ਦਿੱਤੀ ਜਾਵੇ, ਡਬਲ ਡੈਬਥ ਦੇ ਪਲਾਟਾਂ ਵਿਚ ਜੇਕਰ ਕੋਈ ਕੰਡੀਸ਼ਨ ਹੋਵੇ ਤਾਂ ਉਸਨੂੰ ਵੀ ਸਪਸ਼ਟ ਕੀਤਾ ਜਾਵੇ, ਰਕਬਾ ਜੋ ਸਪੈਸ਼ਲ ਪਰਪਜ਼ ਲਈ ਨਿਰਧਾਰਤ ਸੀ ਉਸ ਰਕਬੇ ਵਿੱਚ ਸੀ.ਐਲ.ਯੂ. ਕਿਹੜਾ ਅਤੇ ਕਿਵੇਂ ਕੀਤਾ ਜਾ ਸਕਦਾ ਹੈ, ਕੀ ਡਰਾਫਟ ਸਕੀਮਾਂ ਵਾਲੀਆਂ ਸੜ੍ਹਕਾਂ ਤੋਂ ਵੀ ਸੜ੍ਹਕ ਦੀ ਚੌੜਾਈ ਵਾਲਾ ਰਕਬਾ ਲਿਆ ਜਾ ਸਕਦਾ ਹੈ ਅਤੇ ਇਸ ਸੱਭ ਤੋਂ ਇਲਾਵਾ ਨਗਰ ਨਿਗਮ ਵੱਲੋਂ ਆਪਣੇ ਸੁਝਾਅ ਵਿੱਚ ਉਚੇਚੇ ਪੱਧਰ ਤੇ ਸਰਕਾਰ ਨੂੰ ਲਿਖਿਆ ਹੈ ਕਿ ਉਹ ਸਾਰੀਆਂ ਡਰਾਫਟ ਸਕੀਮਾਂ ਜਿੰਨ੍ਹਾਂ ਦਾ ਜਾਂ ਤਾਂ ਅਣ-ਬਿਲਟ ਨੋਟੀਫਿਕੇਸ਼ਨ ਹੋ ਚੁੱਕਾ ਹੈ ਅਤੇ ਜਾਂ ਫਿਰ ਸਕੀਮ ਦੇ ਲੇ-ਆਊਟ ਤਿਆਰ ਹੋ ਕੇ ਕਈ ਸਾਲਾਂ ਤੋਂ ਪੈਡਿੰਗ ਪਏ ਹਨ ਨੂੰ ਖਤਮ ਕਰਕੇ ਉਨ੍ਹਾਂ ਦੇ ਲੇ-ਆਊਟਸ ਵਿੱਚ ਦਰਸਾਏ ਪਾਰਕ, ਕੰਮਿਊਨਿਟੀ ਸੈਂਟਰ ਆਦਿ ਜਨਤਕ ਰਕਬਿਆਂ ਨੂੰ ਬਚਾਉਣ ਦੀ ਖਾਤਰ ਪੀ.ਐਮ.ਸੀ. ਐਕਟ 1976 ਦੀ ਧਾਰਾ 242(2) ਤਹਿਤ ਕਬਜੇ ਅਧੀਨ ਲੈਂਦਿਆਂ ਪਬਲਿਕ ਸਟਰੀਟ ਘੋਸ਼ਿਤ ਕਰ ਦਿੱਤਾ ਜਾਵੇ ਅਤੇ ਜੋ ਸੜ੍ਹਕਾਂ ਮਾਸਟਰ ਪਲੈਨ ਦੇ ਉਪਬੰਧਾਂ ਨੂੰ ਪੂਰੀਆਂ ਕਰਦੀਆਂ ਹੋਣ ਨੂੰ ਨਗਰ ਨਿਗਮ ਦੇ ਪੱਧਰ ਤੇ ਹੀ ਕਾਰੋਬਾਰੀ ਘੋਸ਼ਿਤ ਕੀਤਾ ਜਾਵੇ।

ਸਰਕਾਰ ਵੱਲੋਂ ਉਕਤ ਦਿੱਤੀ ਪ੍ਰੋਪੋਜ਼ਲ ਤੇ ਵਿਚਾਰ ਕਰਨ ਉਪਰੰਤ ਫਾਇਨਲ ਨੋਟੀਫਿਕੇਸ਼ਨ ਦਿੱਤਾ ਜਾਣਾ ਹੈ। ਇਸ ਲਈ ਇਹ ਉਚਿਤ ਹੋਵੇਗਾ ਕਿ ਸਰਕਾਰ ਪਾਸ ਇਹ ਮਤਾ ਪ੍ਰਵਾਨ ਕਰਕੇ ਭੇਜਿਆ ਜਾਵੇ ਤਾਂ ਜੋ ਆਮ ਜਨਤਾ ਨੂੰ ਰਾਹਤ ਮਿਲ ਸਕੇ। ਰਿਪੋਰਟ ਪ੍ਰਸ਼ਾਸਕੀ ਪ੍ਰਵਾਨਗੀ ਉਪਰੰਤ ਹਾਊਸ ਵਿੱਚ ਵਿਚਾਰ ਹਿੱਤ।

| | |
|---|---|
| **ਮਤਾ ਨੰਬਰ 203:** | **ਪ੍ਰਵਾਨ ਹੈ।** |

**ਏਜੰਡਾ ਨੰ: 7:**

ਰਿਪੋਰਟ ਬਿਲਡਿੰਗ ਸ਼ਾਖਾ ਕਿ ਨਿਗਮ ਦਫਤਰ ਦੀ ਬਿਲਡਿੰਗ ਸ਼ਾਖਾ ਵਿੱਚ ਸਾਰਾ ਰਿਕਾਰਡ ਬੇਤਰਤੀਬਾ ਵਾ ਕ੍ਰਮਵਾਰ ਨਹੀਂ ਹੈ, ਜਦਕਿ ਇਹ ਸਾਰਾ ਰਿਕਾਰਡ ਬਹੁਤ ਹੀ ਮਹਤੱਤਾ ਰੱਖਦਾ ਹੈ। ਟਾਊਨ ਪਲੈਨਿੰਗ ਸਕੀਮਾਂ ਜੋ ਪਾਸ ਹੋ ਚੁੱਕੀਆਂ ਹਨ, ਜਾਂ ਸਰਕਾਰ ਪਾਸ ਵਿਚਾਰ ਅਧੀਨ ਹਨ ਦੇ ਲੇਆਊਟਸ ਵਿੱਚ ਦਰਸਾਏ ਜਨਤਕ ਰਕਬਿਆਂ ਦਾ ਰਿਕਾਰਡ ਵੀ ਬਥੇਰੀ ਭਾਲ ਕਰਨ ਤੇ ਪ੍ਰਾਪਤ ਹੁੰਦਾ ਹੈ। ਰੈਗੂਲਰਾਇਜ਼ੇਸ਼ਨ ਪਾਲਿਸੀ ਦਾ ਰਿਕਾਰਡ ਅਜੇ ਤੱਕ ਸਕੈਨ ਨਹੀਂ ਕੀਤਾ ਜਾ ਸਕਿਆ। ਜੇਕਰ ਇਹ ਰਿਕਾਰਡ ਸਕੈਨ ਕੀਤਾ ਹੁੰਦਾ ਤਾਂ ਜਿੰਨ੍ਹਾਂ ਲੋਕਾਂ ਵੱਲੋਂ ਰੈਗੂਲਰਾਇਜ਼ੇਸ਼ਨ ਪਾਲਿਸੀ ਸਮੇਂ ਕੇਵਲ 25% ਜਮ੍ਹਾਂ ਕਰਵਾਇਆ ਗਿਆ ਸੀ, ਦੀ ਬਕਾਇਆ 75% ਰਾਸ਼ੀ ਵਸੂਲਣੀ ਸੌਖੀ ਹੋ ਸਕਦੀ ਸੀ, ਜੋ ਅਜੇ ਫਾਈਲਾਂ ਵਿੱਚ ਹੀ ਹੈ। ਅਜਿਹੇ ਸਾਰੇ ਕੰਮ ਕਰਨ ਵਾਸਤੇ ਇਸ ਦਫਤਰ ਨੂੰ ਇੱਕ ਪੜ੍ਹੇ ਲਿਖੇ ਕੰਪਿਊਟਰ ਦੀ ਜਾਣਕਾਰੀ ਰੱਖਦੇ ਹੋਏ ਕਰਮਚਾਰੀ ਦੀ ਜਰੂਰਤ ਹੈ।

ਉਕਤ ਸਬੰਧੀ ਮਿਉਂਸਪਲ ਟਾਊਨ ਪਲੈਨਰ ਨੇ ਰਿਪੋਰਟ ਕੀਤੀ ਹੈ ਕਿ ਉਪਰੋਕਤ ਸਬੰਧੀ ਬੇਨਤੀ ਹੈ ਕਿ ਬਿਲਡਿੰਗ ਬਰਾਂਚ ਦਾ ਰਿਕਾਰਡ ਬਹੁਤ ਹੀ ਅਹਿਮ ਰਿਕਾਰਡ ਹੈ। ਇਹ ਸਾਰਾ ਰਿਕਾਰਡ ਸਕੈਨ ਕੀਤਾ ਜਾਣਾ ਜਰੂਰੀ ਹੈ। ਅਜਿਹੇ ਕੰਮ ਵਾਸਤੇ ਇਸ ਬਰਾਂਚ ਨੂੰ ਵੱਖਰੇ ਕਰਮਚਾਰੀ ਦੀ ਜਰੂਰਤ ਹੈ ਜੋ ਅਜਿਹਾ ਸਾਰਾ ਕੰਮ ਕਰਨਾ ਜਾਣਦਾ ਹੋਵੇ। ਸਰਕਾਰ ਦੀਆਂ ਹਦਾਇਤਾਂ ਅਨੁਸਾਰ ਅਜਿਹੇ ਕੰਮ ਬੇਲਦਾਰ ਦੀ ਪੋਸਟ ਵਾਲਾ ਕਰਮਚਾਰੀ ਵੀ ਕਰ ਸਕਦਾ ਹੈ। ਜੇਕਰ ਆਪ ਉਚਿਤ ਸਮਝੋ ਤਾਂ ਅਜਿਹਾ ਕਰਮਚਾਰੀ/ ਬੇਲਦਾਰ ਡੀ.ਸੀ. ਰੇਟ ਤੇ ਰੱਖਣ ਦੀ ਆਗਿਆ ਦਿੱਤੀ ਜਾਵੇ ਜੀ। ਪ੍ਰਸ਼ਾਸਕੀ ਪ੍ਰਵਾਨਗੀ ਉਪਰੰਤ ਕੇਸ ਹਾਊਸ ਦੇ ਵਿਚਾਰ ਹਿੱਤ।

| | |
|---|---|
| **ਮਤਾ ਨੰਬਰ 204:** | **ਰੱਦ ਕੀਤਾ ਜਾਂਦਾ ਹੈ ਅਤੇ ਹਦਾਇਤ ਕੀਤੀ ਜਾਂਦੀ ਹੈ ਕਿ ਇਸ ਕੰਮ ਸਬੰਧੀ ਨਗਰ ਨਿਗਮ ਵਿਖੇ ਪਹਿਲਾਂ ਹੀ ਆਉਟਸੋਰਸ ਤੇ ਕੰਮ ਕਰ ਰਹੇ ਕਰਮਚਾਰੀਆਂ ਤੋਂ ਇਹ ਕੰਮ ਵੀ ਕਰਵਾ ਲਿਆ ਜਾਵੇ।** |

**ਏਜੰਡਾ ਨੰ: 8:**

ਰਿਪੋਰਟ ਦਫਤਰ ਅਤੇ ਵਰਕਸ ਸ਼ਾਖਾ ਕਿ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿੱਚ ਵਿਕਾਸ ਅਤੇ ਹੋਰ ਕੰਮ ਕਰਾਉਣ ਲਈ ਹੇਠ ਲਿਖੇ ਅਨੁਸਾਰ ਤਖਮੀਨੇ ਤਿਆਰ ਕੀਤੇ ਗਏ ਹਨ:-

| Sr. No. | Name of Work | Estimate (in lac) |
|---|---|---|
| 1 | P/Laying DB PAving in TP Scheme No. 15 in Lehra Colony | 3.23 |
| 2 | Supply of 2 No's Heavy Vehicle Drivers for Fire Brigade | 3.96 |
| 3 | Supply of labour for Sullage Carrier for one year | 6.36 |

ਕੇਸ ਹਾਊਸ ਦੇ ਵਿਚਾਰ ਹਿੱਤ।

| | |
|---|---|
| **ਮਤਾ ਨੰਬਰ 205:** | **ਪ੍ਰਵਾਨ ਹੈ।** |

**ਏਜੰਡਾ ਨੰਬਰ 9:**

ਦਫਤਰੀ ਰਿਪੋਰਟ ਕਿ ਕਰਮਚਾਰੀਆਂ ਨਾਲ ਸਬੰਧਤ ਸਬ-ਕਮੇਟੀ ਦੀ ਮਿਤੀ 16.05.2023 ਨੂੰ ਹੋਈ ਮੀਟਿੰਗ ਦੋਰਾਨ ਕਰਮਚਾਰੀਆਂ ਨਾਲ ਸਬੰਧਤ ਹੇਠ ਲਿਖੇ ਅਨੁਸਾਰ ਫੈਸਲੇ ਲਏ ਗਏ:

1 :

ਦਫਤਰੀ ਰਿਪੋਰਟ ਕਿ ਸਵ: ਮਨੋਹਰ ਪੁੱਤਰ ਹਰੀ ਨਗਰ ਨਿਗਮ ਬਠਿੰਡਾ ਵਿਖੇ ਬਤੋਰ ਸਫਾਈ ਸੇਵਕ ਕੰਮ ਕਰਦਾ ਸੀ । ਜਿਸ ਦੀ ਮੋਤ ਮਿਤੀ 17.01.2023 ਨੂੰ ਹੋ ਗਈ ਸੀ। ਮ੍ਰਿਤਕ ਕਰਮਚਾਰੀ ਦੇ ਪੁੱਤਰ ਸ਼੍ਰੀ ਸਤੀਸ਼ ਪੁੱਤਰ ਸਵ: ਮਨੋਹਰ ਨੇ ਦਰਖਾਸਤ ਰਾਂਹੀ ਬੇਨਤੀ ਕੀਤੀ ਹੈ ਕਿ ਉਸਨੂੰ ਉਸਦੇ ਪਿਤਾ ਦੀ ਮੌਤ ਤੋਂ ਬਾਅਦ ਖਾਲੀ ਹੋਈ ਆਸਾਮੀ ਤੇ ਤਰਸ ਦੇ ਆਧਾਰ ਤੇ ਨੌਕਰੀ ਦਿੱਤੀ ਜਾਵੇ। ਸ਼੍ਰੀ ਸਤੀਸ਼ ਪੁੱਤਰ ਸਵ: ਮਨੋਹਰ ਵਲੋ ਪੇਸ਼ ਹਲਫੀਆ ਬਿਆਨ ਅਨੁਸਾਰ ਉਸਦੇ ਪਰਿਵਾਰ ਵਿੱਚ ਉਸ ਤੋਂ ਇਲਾਵਾ ਉਸਦੀ ਮਾਤਾ, ਇਕ ਭਰਾ ਅਤੇ ਇਕ ਭੈਣ ਹੈ। ਉਸਦੀ ਮਾਤਾ, ਭੈਣ ਅਤੇ ਭਰਾ ਵੱਲੋਂ ਇਤਰਾਜਹੀਨਤਾ ਹਲਫੀਆ ਬਿਆਨ ਦਿੱਤਾ ਗਿਆ ਹੈ ਕਿ ਸ਼੍ਰੀ ਸਤੀਸ਼ ਨੂੰ ਉਸਦੇ ਪਿਤਾ ਦੀ ਮੋਤ ਤੋਂ ਬਾਅਦ ਤਰਸ ਦੇ ਆਧਾਰ ਤੇ ਨੋਕਰੀ ਦਿੱਤੀ ਜਾਵੇ। ਸ਼੍ਰੀ ਸਤੀਸ਼ ਅਤੇ ਉਸਦਾ ਪਰਿਵਾਰ ਪੁਰੀ ਤਰ੍ਹਾ ਆਪਣੇ ਪਿਤਾ ਤੇ ਨਿਰਭਰ ਸੀ। ਹਲਫੀਆ ਬਿਆਨ ਅਨੁਸਾਰ ਸ਼੍ਰੀ ਸਤੀਸ਼ ਬੇਰੁਜਗਾਰ ਹੈ ਅਤੇ ਇਸ ਪਾਸ ਕਮਾਈ ਦਾ ਕੋਈ ਸਾਧਨ ਨਹੀਂ ਹੈ ਅਤੇ ਇਹਨਾਂ ਦੇ ਘਰ ਦਾ ਗੁਜਾਰਾ ਬਹੁਤ ਮੁਸ਼ਕਲ ਨਾਲ ਚਲਦਾ ਹੈ। ਹਲਫੀਆ ਬਿਆਨ ਅਨੁਸਾਰ ਇਹਨਾਂ ਦੇ ਘਰ ਵਿਚ ਕੋਈ ਵੀ ਮੈਂਬਰ ਸਰਕਾਰੀ ਜਾਂ ਗੈਰ ਸਰਕਾਰੀ ਨੋਕਰੀ ਨਹੀਂ ਕਰਦਾ ਹੈ। ਇਸ ਤੋਂ ਇਲਾਵਾ ਇਸ ਪਾਸ ਕੋਈ ਚੱਲ ਅਚੱਲ ਸੰਪਤੀ ਨਹੀਂ ਹੈ। ਹਲਫੀਆ ਬਿਆਨ ਅਨੁਸਾਰ ਉਸਦੀ ਜਨਮ ਮਿਤੀ 30.12.1993 ਹੈ ਅਤੇ ਸ਼੍ਰੀ ਸਤੀਸ਼ ਪੜ੍ਹਨਾ ਲਿਖਣਾ ਜਾਣਦਾ ਹੈ।

ਪੰਜਾਬ ਮਿਊਂਸਪਲ ਦਰਜਾ ਚਾਰ ਕਰਮਚਾਰੀ ਰੂਲਜ 1984 ਅਨੁਸਾਰ ਸਫਾਈ ਸੇਵਕ ਦੀ ਆਸਾਮੀ ਲ਼ਈ ਵਿਦਿਅਕ ਯੋਗਤਾ ਪੜਨਾ-ਲਿਖਣਾ ਜਾਣਦਾ ਹੋਵੇ। ਤਰਸ ਦੇ ਆਧਾਰ ਤੇ ਨਿਯੁਕਤੀਆਂ ਸਬੰਧੀ ਸਰਕਾਰ ਵਲੋਂ ਜਾਰੀ ਹਦਾਇਤਾਂ ਪੱਤਰ ਨੰਬਰ 11/94/2002-4ਪੀਪੀ-11/650 ਮਿਤੀ 12.01.2004 ਅਤੇ ਪੱਤਰ ਨੰਬਰ 11/105/98/04ਪੀਪੀ-14420 ਮਿਤੀ 21.11.2002 ਅਨੁਸਾਰ ਇਹ ਕੇਸ ਤਰਸ ਦੇ ਆਧਾਰ ਤੇ ਨਿਯੁਕਤੀ ਲਈ ਕੇਸ ਵਿਚਾਰਿਆ ਜਾਣਾ ਹੈ। ਸਥਾਨਕ ਸਰਕਾਰ ਵਿਭਾਗ ਦੇ ਪੱਤਰ ਨੰਬਰ 2/65/2003-।ਸਸ।/9653 ਮਿਤੀ 12/14-6-2004 ਅਨੁਸਾਰ ਨਗਰ ਨਿਗਮਾਂ ਵਿਖੇ ਗੈਰ ਪ੍ਰਾਂਤੀਕਰਨ ਅਸਾਮੀਆਂ ਲਈ ਨਿਯੁੱਕਤੀ ਦਾ ਅਧਿਕਾਰ ਸੰਬਧਤ ਨਗਰ ਨਿਗਮ ਪਾਸ ਹੈ। ਇਸ ਲਈ ਸ਼੍ਰੀ ਸਤੀਸ਼ ਨੂੰ ਉਸਦੇ ਪਿਤਾ ਸਵ: ਮਨੋਹਰ ਪੁੱਤਰ ਹਰੀ ਸਫਾਈ ਸੇਵਕ ਦੀ ਮੌਤ ਕਾਰਨ ਖਾਲੀ ਹੋਈ ਆਸਾਮੀ ਤੇ ਤਰਸ ਦੇ ਆਧਾਰ ਤੇ ਸਫਾਈ ਸੇਵਕ ਨਿਯੁਕਤ ਕਰਨ ਵਾਸਤੇ ਕੇਸ ਵਿਚਾਰ ਕਰਨ ਅਤੇ ਫੈਸਲਾ ਲੈਣ ਲਈ ਕੇਸ ਸਬ-ਕਮੇਟੀ ਦੇ ਵਿਚਾਰ ਹਿੱਤ।

| | |
|---|---|
| ਸਬ-ਕਮੇਟੀ ਦਾ ਫੈਸਲਾ: | ਸਰਕਾਰ ਦੀਆਂ ਹਦਾਇਤਾਂ ਅਤੇ ਨਿਯਮਾਂ ਅਨੁਸਾਰ ਪਾਸ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ। |

2 :

ਦਫਤਰੀ ਰਿਪੋਰਟ ਕਿ ਸਵ: ਪ੍ਰਤਾਪ ਪੁੱਤਰ ਤਾਰਾ ਚੰਦ ਨਗਰ ਨਿਗਮ ਬਠਿੰਡਾ ਵਿਖੇ ਬਤੋਰ ਸਫਾਈ ਸੇਵਕ ਕੰਮ ਕਰਦਾ ਸੀ । ਜਿਸ ਦੀ ਮੋਤ ਮਿਤੀ 23.08.2022 ਨੂੰ ਹੋ ਗਈ ਸੀ। ਮ੍ਰਿਤਕ ਕਰਮਚਾਰੀ ਦੀ ਪਤਨੀ ਸ਼੍ਰੀਮਤੀ ਬੇਬੀ ਪਤਨੀ ਸਵ: ਪ੍ਰਤਾਪ ਨੇ ਦਰਖਾਸਤ ਰਾਂਹੀ ਬੇਨਤੀ ਕੀਤੀ ਹੈ ਕਿ ਉਸਨੂੰ ਉਸਦੇ ਪਤੀ ਦੀ ਮੌਤ ਤੋਂ ਬਾਅਦ ਖਾਲੀ ਹੋਈ ਆਸਾਮੀ ਤੇ ਤਰਸ ਦੇ ਆਧਾਰ ਤੇ ਨੌਕਰੀ ਦਿੱਤੀ ਜਾਵੇ। ਸ਼੍ਰੀਮਤੀ ਬੇਬੀ ਪਤਨੀ ਸਵ: ਪ੍ਰਤਾਪ ਵਲੋ ਪੇਸ਼ ਹਲਫੀਆ ਬਿਆਨ ਅਨੁਸਾਰ ਉਸਦੇ ਪਰਿਵਾਰ ਵਿੱਚ ਉਸ ਤੋਂ ਇਲਾਵਾ ਉਸਦੇ ਦੋ ਪੁੱਤਰ ਅਤੇ ਇਕ ਪੁੱਤਰੀ ਹੈ। ਉਸਦੀ ਪੁੱਤਰੀ ਵਿਆਹੀ ਹੋਈ ਹੈ। ਉਸਦੇ ਦੋਨੋ ਪੁੱਤਰਾਂ ਅਤੇ ਪੁੱਤਰੀ ਵੱਲੋਂ ਇਤਰਾਜਹੀਨਤਾ ਹਲਫੀਆ ਬਿਆਨ ਦਿੱਤਾ ਗਿਆ ਹੈ ਕਿ ਸ਼੍ਰੀਮਤੀ ਬੇਬੀ ਨੂੰ ਉਸਦੇ ਪਤੀ ਦੀ ਮੋਤ ਤੋਂ ਬਾਅਦ ਤਰਸ ਦੇ ਆਧਾਰ ਤੇ ਨੋਕਰੀ ਦਿੱਤੀ ਜਾਵੇ। ਸ਼੍ਰੀਮਤੀ ਬੇਬੀ ਪੂਰੀ ਤਰ੍ਹਾ ਆਪਣੇ ਪਤੀ ਤੇ ਨਿਰਭਰ ਸੀ। ਹਲਫੀਆ ਬਿਆਨ ਅਨੁਸਾਰ ਸ਼੍ਰੀਮਤੀ ਬੇਬੀ ਬੇਰੁਜਗਾਰ ਹੈ ਅਤੇ ਇਸ ਪਾਸ ਕਮਾਈ ਦਾ ਕੋਈ ਸਾਧਨ ਨਹੀਂ ਹੈ ਅਤੇ ਇਹਨਾਂ ਦੇ ਘਰ ਦਾ ਗੁਜਾਰਾ ਬਹੁਤ ਮੁਸ਼ਕਲ ਨਾਲ ਚਲਦਾ ਹੈ। ਹਲਫੀਆ ਬਿਆਨ ਅਨੁਸਾਰ ਇਹਨਾਂ ਦੇ ਘਰ ਵਿਚ ਕੋਈ ਵੀ ਮੈਂਬਰ ਸਰਕਾਰੀ ਜਾਂ ਗੈਰ ਸਰਕਾਰੀ ਨੋਕਰੀ ਨਹੀਂ ਕਰਦਾ ਹੈ। ਇਸ ਤੋਂ ਇਲਾਵਾ ਇਸ ਪਾਸ ਕੋਈ ਚੱਲ ਅਚੱਲ ਸੰਪਤੀ ਨਹੀਂ ਹੈ। ਹਲਫੀਆ ਬਿਆਨ ਅਨੁਸਾਰ ਉਸਦੀ ਜਨਮ ਮਿਤੀ 01.01.1977 ਹੈ ਅਤੇ ਸ਼੍ਰੀਮਤੀ ਬੇਬੀ ਪੜ੍ਹਨਾ ਲਿਖਣਾ ਜਾਣਦੀ ਹੈ।

ਪੰਜਾਬ ਮਿਊਂਸਪਲ ਦਰਜਾ ਚਾਰ ਕਰਮਚਾਰੀ ਰੂਲਜ 1984 ਅਨੁਸਾਰ ਸਫਾਈ ਸੇਵਕ ਦੀ ਆਸਾਮੀ ਲ਼ਈ ਵਿਦਿਅਕ ਯੋਗਤਾ ਪੜਨਾ-ਲਿਖਣਾ ਜਾਣਦਾ ਹੋਵੇ। ਤਰਸ ਦੇ ਆਧਾਰ ਤੇ ਨਿਯੁਕਤੀਆਂ ਸਬੰਧੀ ਸਰਕਾਰ ਵਲੋਂ ਜਾਰੀ ਹਦਾਇਤਾਂ ਪੱਤਰ ਨੰਬਰ 11/94/2002-4ਪੀਪੀ-11/650 ਮਿਤੀ 12.01.2004 ਅਤੇ ਪੱਤਰ ਨੰਬਰ 11/105/98/04ਪੀਪੀ-14420 ਮਿਤੀ 21.11.2002 ਅਨੁਸਾਰ ਇਹ ਕੇਸ ਤਰਸ ਦੇ ਆਧਾਰ ਤੇ ਨਿਯੁਕਤੀ ਲਈ ਕੇਸ ਵਿਚਾਰਿਆ ਜਾਣਾ ਹੈ। ਸਥਾਨਕ ਸਰਕਾਰ ਵਿਭਾਗ ਦੇ ਪੱਤਰ ਨੰਬਰ 2/65/2003-।ਸਸ।/9653 ਮਿਤੀ 12/14-6-2004 ਅਨੁਸਾਰ ਨਗਰ ਨਿਗਮਾਂ ਵਿਖੇ ਗੈਰ ਪ੍ਰਾਂਤੀਕਰਨ ਅਸਾਮੀਆਂ ਲਈ ਨਿਯੁੱਕਤੀ ਦਾ ਅਧਿਕਾਰ ਸੰਬਧਤ ਨਗਰ

ਨਿਗਮ ਪਾਸ ਹੈ। ਇਸ ਲਈ ਸ਼੍ਰੀਮਤੀ ਬੇਬੀ ਨੂੰ ਉਸਦੇ ਪਤੀ ਸਵ: ਪ੍ਰਤਾਪ ਪੁੱਤਰ ਤਾਰਾ ਚੰਦ ਸਫਾਈ ਸੇਵਕ ਦੀ ਮੌਤ ਕਾਰਨ ਖਾਲੀ ਹੋਈ ਆਸਾਮੀ ਤੇ ਤਰਸ ਦੇ ਆਧਾਰ ਤੇ ਸਫਾਈ ਸੇਵਿਕਾ ਨਿਯੁਕਤ ਕਰਨ ਵਾਸਤੇ ਕੇਸ ਵਿਚਾਰ ਕਰਨ ਅਤੇ ਫੈਸਲਾ ਲੈਣ ਲਈ ਕੇਸ ਸਬ-ਕਮੇਟੀ ਦੇ ਵਿਚਾਰ ਹਿੱਤ।

| | |
|---|---|
| ਸਬ-ਕਮੇਟੀ ਦਾ ਫੈਸਲਾ: | ਏਜੰਡਾ ਆਇਟਮ ਅਨੁਸਾਰ ਪ੍ਰਵਾਰਕ ਮੈਂਬਰਾਂ ਦੀ ਗਿਣਤੀ ਫਾਇਲ ਵਿੱਚ ਮੋਜੂਦ ਦਸਤਾਵੇਜ਼ਾਂ ਨਾਲ ਮੇਲ ਨਹੀਂ ਖਾਂਦੀ । ਇਸ ਲਈ ਇਸ ਆਇਟਮ ਨੂੰ ਦੁਬਾਰਾ ਚੈਕ ਕਰਕੇ ਕੇਸ ਨਵੇਂ ਸਿਰਿਓਂ ਪੇਸ਼ ਕੀਤਾ ਜਾਵੇ। ਤੱਦ ਤੱਕ ਲਈ ਇਸ ਮੱਦ ਨੂੰ ਪੈਡਿੰਗ ਰੱਖਿਆ ਜਾਂਦਾ ਹੈ। |

3 :

ਦਫਤਰੀ ਰਿਪੋਰਟ ਕਿ ਸਵ: ਨਵੀਨ ਪੁੱਤਰ ਅਮੀ ਚੰਦ ਨਗਰ ਨਿਗਮ ਬਠਿੰਡਾ ਵਿਖੇ ਬਤੌਰ ਸਫਾਈ ਸੇਵਕ ਕੰਮ ਕਰਦਾ ਸੀ । ਜਿਸ ਦੀ ਮੋਤ ਮਿਤੀ 15.08.2022 ਨੂੰ ਹੋ ਗਈ ਸੀ। ਮ੍ਰਿਤਕ ਕਰਮਚਾਰੀ ਦੇ ਪੁੱਤਰ ਸ਼੍ਰੀ ਗੌਰਵ ਪੁੱਤਰ ਸਵ: ਨਵੀਨ ਨੇ ਦਰਖਾਸਤ ਰਾਂਹੀ ਬੇਨਤੀ ਕੀਤੀ ਹੈ ਕਿ ਉਸਨੂੰ ਉਸਦੇ ਪਿਤਾ ਦੀ ਮੌਤ ਤੋਂ ਬਾਅਦ ਖਾਲੀ ਹੋਈ ਆਸਾਮੀ ਤੇ ਤਰਸ ਦੇ ਆਧਾਰ ਤੇ ਨੌਕਰੀ ਦਿੱਤੀ ਜਾਵੇ। ਸ਼੍ਰੀ ਗੋਰਵ ਪੁੱਤਰ ਸਵ: ਨਵੀਨ ਵਲੋ ਪੇਸ਼ ਹਲਫੀਆ ਬਿਆਨ ਅਨੁਸਾਰ ਉਸਦੇ ਪਰਿਵਾਰ ਵਿੱਚ ਉਸ ਤੋਂ ਇਲਾਵਾ ਉਸਦੀ ਮਾਤਾ ਅਤੇ ਦੋ ਭਰਾ ਹਨ। ਉਸਦੀ ਮਾਤਾ ਅਤੇ ਦੋਨੋ ਭਰਾਵਾਂ ਵੱਲੋਂ ਇਤਰਾਜਹੀਨਤਾ ਹਲਫੀਆ ਬਿਆਨ ਦਿੱਤਾ ਗਿਆ ਹੈ ਕਿ ਸ਼੍ਰੀ ਗੋਰਵ ਨੂੰ ਉਸਦੇ ਪਿਤਾ ਦੀ ਮੋਤ ਤੋਂ ਬਾਅਦ ਤਰਸ ਦੇ ਆਧਾਰ ਤੇ ਨੋਕਰੀ ਦਿੱਤੀ ਜਾਵੇ। ਸ਼੍ਰੀ ਗੋਰਵ ਅਤੇ ਉਸਦਾ ਪਰਿਵਾਰ ਪੁਰੀ ਤਰ੍ਹਾ ਆਪਣੇ ਪਿਤਾ ਤੇ ਨਿਰਭਰ ਸੀ। ਹਲਫੀਆ ਬਿਆਨ ਅਨੁਸਾਰ ਸ਼੍ਰੀ ਗੋਰਵ ਬੇਰੁਜਗਾਰ ਹੈ ਅਤੇ ਇਸ ਪਾਸ ਕਮਾਈ ਦਾ ਕੋਈ ਸਾਧਨ ਨਹੀਂ ਹੈ ਅਤੇ ਇਹਨਾਂ ਦੇ ਘਰ ਦਾ ਗੁਜਾਰਾ ਬਹੁਤ ਮੁਸ਼ਕਲ ਨਾਲ ਚਲਦਾ ਹੈ। ਹਲਫੀਆ ਬਿਆਨ ਅਨੁਸਾਰ ਇਹਨਾਂ ਦੇ ਘਰ ਵਿਚ ਕੋਈ ਵੀ ਮੈਂਬਰ ਸਰਕਾਰੀ ਜਾਂ ਗੈਰ ਸਰਕਾਰੀ ਨੋਕਰੀ ਨਹੀਂ ਕਰਦਾ ਹੈ। ਇਸ ਤੋਂ ਇਲਾਵਾ ਇਸ ਪਾਸ ਕੋਈ ਚੱਲ ਅਚੱਲ ਸੰਪਤੀ ਨਹੀਂ ਹੈ। ਹਲਫੀਆ ਬਿਆਨ ਅਨੁਸਾਰ ਉਸਦੀ ਜਨਮ ਮਿਤੀ 19.11.2004 ਹੈ ਅਤੇ ਸ਼੍ਰੀ ਗੋਰਵ ਪੜ੍ਹਣਾ ਲਿਖਣਾ ਜਾਣਦਾ ਹੈ।

ਪੰਜਾਬ ਮਿਊਂਸਪਲ ਦਰਜਾ ਚਾਰ ਕਰਮਚਾਰੀ ਰੂਲਜ 1984 ਅਨੁਸਾਰ ਸਫਾਈ ਸੇਵਕ ਦੀ ਆਸਾਮੀ ਲ਼ਈ ਵਿਦਿਅਕ ਯੋਗਤਾ ਪੜਨਾ-ਲਿਖਣਾ ਜਾਣਦਾ ਹੋਵੇ। ਤਰਸ ਦੇ ਆਧਾਰ ਤੇ ਨਿਯੁਕਤੀਆਂ ਸਬੰਧੀ ਸਰਕਾਰ ਵਲੋਂ ਜਾਰੀ ਹਦਾਇਤਾਂ ਪੱਤਰ ਨੰਬਰ 11/94/2002-4ਪੀਪੀ-11/650 ਮਿਤੀ 12.01.2004 ਅਤੇ ਪੱਤਰ ਨੰਬਰ 11/105/98/04ਪੀਪੀ-14420 ਮਿਤੀ 21.11.2002 ਅਨੁਸਾਰ ਇਹ ਕੇਸ ਤਰਸ ਦੇ ਆਧਾਰ ਤੇ ਨਿਯੁਕਤੀ ਲਈ ਕੇਸ ਵਿਚਾਰਿਆ ਜਾਣਾ ਹੈ। ਸਥਾਨਕ ਸਰਕਾਰ ਵਿਭਾਗ ਦੇ ਪੱਤਰ ਨੰਬਰ 2/65/2003-।ਸਸ।/9653 ਮਿਤੀ 12/14-6-2004 ਅਨੁਸਾਰ ਨਗਰ ਨਿਗਮਾਂ ਵਿਖੇ ਗੈਰ ਪ੍ਰਾਂਤੀਕਰਨ ਅਸਾਮੀਆਂ ਲਈ ਨਿਯੁੱਕਤੀ ਦਾ ਅਧਿਕਾਰ ਸੰਬਧਤ ਨਗਰ ਨਿਗਮ ਪਾਸ ਹੈ। ਇਸ ਲਈ ਸ਼੍ਰੀ ਗੋਰਵ ਨੂੰ ਉਸਦੇ ਪਿਤਾ ਸਵ: ਨਵੀਨ ਪੁੱਤਰ ਅਮੀ ਚੰਦ ਸਫਾਈ ਸੇਵਕ ਦੀ ਮੌਤ ਕਾਰਨ ਖਾਲੀ ਹੋਈ ਆਸਾਮੀ ਤੇ ਤਰਸ ਦੇ ਆਧਾਰ ਤੇ ਸਫਾਈ ਸੇਵਕ ਨਿਯੁਕਤ ਕਰਨ ਵਾਸਤੇ ਕੇਸ ਵਿਚਾਰ ਕਰਨ ਅਤੇ ਫੈਸਲਾ ਲੈਣ ਲਈ ਕੇਸ ਸਬ-ਕਮੇਟੀ ਦੇ ਵਿਚਾਰ ਹਿੱਤ।

| | |
|---|---|
| ਸਬ-ਕਮੇਟੀ ਦਾ ਫੈਸਲਾ: | ਦਰਖਾਸਤਕਰਤਾ/ਉਮੀਦਵਾਰ ਪਾਸੋਂ ਜਨਮ ਸਰਟੀਫਿਕੇਟ ਲਿਆ ਜਾਵੇ। ਤੱਦ ਤੱਕ ਲਈ ਕੇਸ ਪੈਡਿੰਗ ਰੱਖਿਆ ਜਾਂਦਾ ਹੈ। |

4 :

ਦਫਤਰੀ ਰਿਪੋਰਟ ਕਿ ਸ਼੍ਰੀ ਅਨਿਲ ਕੁਮਾਰ ਪੁੱਤਰ ਅਸ਼ੋਕ ਕੁਮਾਰ ਸੇਵਾਦਾਰ, ਸ਼੍ਰੀ ਨਾਇਬ ਸਿੰਘ ਪੁੱਤਰ ਕੋਰ ਸਿੰਘ ਸਫਾਈ ਸੇਵਕ ਅਤੇ ਸ੍ਰੀਮਤੀ ਗੁਰਪ੍ਰੀਤ ਕੋਰ ਪੁੱਤਰੀ ਗੁਰਦੇਵ ਸਿੰਘ ਸਫਾਈ ਸੇਵਿਕਾ ਨੇ ਵੱਖ ਵੱਖ ਦਰਖਾਸਤਾਂ ਰਾਹੀਂ ਬੇਨਤੀ ਕੀਤੀ ਹੈ ਕਿ ਉਹਨਾਂ ਨੇ ਮਹਿਕਮੇ ਤੋਂ ਇਜਾਜਤ ਲੈ ਕੇ ਆਲ ਇੰਡੀਆਂ ਇੰਸਟੀਚਿਊਟ ਆਫ ਲੋਕਲ ਸੈਲਫ ਗੋਰਮਿੰਟ ਮੁੰਬਈ ਰਿਜ਼ਨਲ ਸੈਂਟਰ, ਮਾਣਕਵਾਲ ਲੁਧਿਆਣਾ ਤੋ ਸੈਨੇਟਰੀ ਇੰਸਪੈਕਟਰ ਦਾ ਡਿਪਲੋਮਾ ਪਾਸ ਕਰ ਲਿਆ ਹੈ। ਅਤੇ ਕਰਮਚਾਰੀਆਂ ਵੱਲੋਂ ਬੇਨਤੀ ਕੀਤੀ ਗਈ ਹੈ ਕਿ ਉਹ ਸੈਨੇਟਰੀ ਸੁਪਰਵਾਈਜ਼ਰ ਦੀ ਪ੍ਰਮੋਸ਼ਨ ਲਈ ਸਾਰੀਆਂ ਯੋਗਤਾਵਾਂ ਪੂਰੀਆ ਕਰਦੇ ਹਨ। ਇਸ ਲਈ ਉਹਨਾਂ ਨੂੰ ਸਫਾਈ ਸੇਵਕ ਤੋਂ ਸੈਨੇਟਰੀ ਸੁਪਰਵਾਈਜ਼ਰ ਦੀ ਬਣਦੀ ਪ੍ਰਮੋਸ਼ਨ ਦਿੱਤੀ ਜਾਵੇ। ਇੱਥੇ ਇਹ ਦੱਸਣਯੋਗ ਹੈ ਕਿ ਸੈਨੇਟਰੀ ਸੁਪਰਵਾਈਜ਼ਰ ਦੀਆਂ ਤਿੰਨ ਆਸਾਮੀਆਂ ਖਾਲੀ ਹਨ। ਜਿਸ ਵਿਚ 2 ਆਸਾਮੀਆ ਐਸ.ਸੀ ਜਾਤੀ ਦੀਆਂ ਅਤੇ 1 ਆਸਾਮੀ ਜਨਰਲ ਜਾਤੀ ਦੀ ਹੈ। ਉਕਤ ਪ੍ਰਮੋਸ਼ਨ ਸਬੰਧੀ ਪਹਿਲਾਂ ਹੀ ਦੋ ਕੇਸ ਇਕ ਸ਼੍ਰੀ ਸੁਖਦੇਵ ਸਿੰਘ ਸਫਾਈ ਸੇਵਕ ਐਸ.ਸੀ ਜਾਤੀ ਦਾ ਅਤੇ ਇਕ ਸ੍ਰੀਮਤੀ ਪਰਮਜੀਤ ਕੋਰ ਜਨਰਲ ਜਾਤੀ ਦਾ ਹਾਊਸ ਦੀ ਮੀਟਿੰਗ ਵਿਚ ਲੱਗਿਆ ਹੋਇਆ ਹੈ। ਸੈਨੇਟਰੀ ਸੁਪਰਵਾਈਜ਼ਰ ਦੀ ਪ੍ਰਮੋਸ਼ਨ ਲਈ ਸੀਨੀਆਰਤਾ ਸੂਚੀ ਤਿਆਰ ਕਰਨ ਲਈ ਨਿਗਮ ਦਫਤਰ ਵੱਲੋਂ ਪੱਤਰ ਨੰ: 931/ਏ ਮਿਤੀ 12.01.2023 ਰਾਹੀਂ ਵੱਖ ਵੱਖ ਬਰਾਂਚਾਂ ਵਿਚੋਂ 7 ਦਿਨਾਂ ਦੇ ਅੰਦਰ-ਅੰਦਰ ਇਤਰਾਜ ਮੰਗੇ ਗਏ ਸੀ। ਜਿਸ ਵਿਚ ਸ਼੍ਰੀ ਅਨਿਲ ਕੁਮਾਰ ਪੁੱਤਰ ਅਸ਼ੋਕ ਕੁਮਾਰ ਅਤੇ ਸ੍ਰੀਮਤੀ ਗੁਰਪ੍ਰੀਤ ਕੋਰ ਪੁੱਤਰੀ ਗੁਰਦੇਵ ਸਿੰਘ ਵੱਲੋਂ ਇਤਰਾਜ ਦਰਜ਼ ਕੀਤੇ ਗਏ ਸੀ। ਇੱਥੇ ਇਹ ਦੱਸਣਯੋਗ ਹੈ ਕਿ ਸੀਨੀਆਰਤਾ ਸੂਚੀ ਅਨੁਸਾਰ ਸ਼੍ਰੀ ਅਨਿਲ ਕੁਮਾਰ ਪੁੱਤਰ ਅਸ਼ੋਕ ਕੁਮਾਰ ਦੀ ਜੁਆਈਨਿੰਗ ਮਿਤੀ 29.08.2016 ਦੀ ਹੈ, ਸ਼੍ਰੀ ਨਾਇਬ ਸਿੰਘ ਸਫਾਈ ਸੇਵਕ ਦੀ ਜੁਆਈਨਿੰਗ ਮਿਤੀ 19.05.2017 ਦੀ ਹੈ ਅਤੇ ਸ੍ਰੀਮਤੀ ਗੁਰਪ੍ਰੀਤ ਕੋਰ ਸਫਾਈ ਸੇਵਕ ਦੀ ਜੁਆਈਨਿੰਗ ਮਿਤੀ 26.05.2017 ਦੀ ਹੈ। ਸੀਨੀਆਰਤਾ ਸੂਚੀ ਅਨੁਸਾਰ ਸ੍ਰੀ ਅਨਿਲ ਕੁਮਾਰ ਪੁੱਤਰ ਅਸ਼ੋਕ ਕੁਮਾਰ ਸੇਵਾਦਾਰ ਦੀ ਜੁਆਈਨਿੰਗ ਮਿਤੀ ਸ਼੍ਰੀ ਨਾਇਬ ਸਿੰਘ ਪੁੱਤਰ ਕੋਰ ਸਿੰਘ ਦੀ

ਜੁਆਈਨਿੰਗ ਮਿਤੀ ਤੋਂ ਪਹਿਲਾ ਬਣਦੀ ਹੈ।ਪਰੰਤੂ ਸ੍ਰੀ ਨਾਇਬ ਸਿੰਘ ਵੱਲੋਂ ਹੈਂਡੀਕੈਪਟ ਕੋਟੇ ਅਧੀਨ ਪ੍ਰਮੋਸ਼ਨ ਦੀ ਮੰਗ ਕੀਤੀ ਗਈ ਹੈ। ਉਕਤ ਕਰਮਚਾਰੀਆਂ ਦਾ ਕੰਮ ਅਤੇ ਵਿਵਹਾਰ ਤੱਸਲੀਬਖਸ਼ ਹੈ। ਸੋ ਉਕਤ ਅਨੁਸਾਰ ਸਫਾਈ ਸੇਵਕ ਤੋਂ ਸੈਨੇਟਰੀ ਸੁਪਰਵਾਈਜ਼ਰ ਦੀ ਪ੍ਰਮੋਸ਼ਨ ਦੇਣ ਲਈ ਕੇਸ ਸਬ-ਕਮੇਟੀ ਦੇ ਵਿਚਾਰ ਹਿੱਤ।

| | |
|---|---|
| ਸਬ-ਕਮੇਟੀ ਦਾ ਫੈਸਲਾ: | ਸ਼੍ਰੀ ਨਾਇਬ ਸਿੰਘ, ਸਫਾਈ ਸੇਵਕ ਨੂੰ ਹੈਂਡੀਕੈਪ ਕੋਟੇ ਵਿਰੁੱਧ ਬਤੌਰ ਸੈਨਟਰੀ ਸੁਪਰਵਾਇਜ਼ਰ ਨਿਯਮਾਂ ਅਨੁਸਾਰ ਪਦ-ਉਨੱਤ ਕਰਨਾ ਪਾਸ ਕੀਤਾ ਜਾਂਦਾ ਹੈ। |

5:

ਰਿਪੋਰਟ ਸਿਹਤ ਸ਼ਾਖਾ ਕਿ ਕਿ ਸ੍ਰੀਮਤੀ ਬਾਲਾ ਪਤਨੀ ਸ੍ਰੀ ਗੋਗੀ ਸਾਲ 1991 ਵਿੱਚ ਨਗਰ ਨਿਗਮ ਬਠਿੰਡਾ ਵਿਖੇ ਬਤੌਰ ਸਫਾਈ ਸੇਵਿਕਾ ਭਰਤੀ ਹੋਈ ਸੀ। ਉਸ ਸਮੇਂ ਇਸਦੀ ਸੇਵਾ ਪੱਤਰੀ ਵਿੱਚ ਜਨਮ ਮਿਤੀ 22.08.1962 ਦਰਜ਼ ਕੀਤੀ ਗਈ ਸੀ। ਇਸ ਅਨੁਸਾਰ ਉਸਦੀ ਰਿਟਾਇਰਮੈਂਟ 60 ਸਾਲ ਦੀ ਉਮਰ ਪੂਰੀ ਹੋਣ ਉਪਰੰਤ ਮਿਤੀ 31.08.2022 ਸੀ ਅਤੇ ਮਿਤੀ 31.08.2022 ਨੂੰ ਹੀ ਉਹਨਾਂ ਨੂੰ ਸੇਵਾ ਮੁਕਤ ਕਰ ਦਿੱਤਾ ਗਿਆ ਸੀ। ਪਰੰਤੂ ਰਿਟਾਇਰਮੈਂਟ ਦੀ ਮਿਤੀ ਤੇ ਸ੍ਰੀਮਤੀ ਬਾਲਾ ਪਤਨੀ ਸ੍ਰੀ ਗੋਗੀ ਵੱਲੋਂ ਕਿਹਾ ਗਿਆ ਕਿ ਭਰਤੀ ਸਮੇਂ ਜੋ ਮੈਡੀਕਲ ਸਰਟੀਫਿਕੇਟ ਬਣਿਆ ਹੈ, ਉਸ ਅਨੁਸਾਰ ਉਸ ਸਮੇਂ ਉਸਦੀ ਉਮਰ 25 ਸਾਲ ਸੀ। ਇਸ ਤਰ੍ਹਾਂ ਉਸਦੀ ਜਨਮ ਮਿਤੀ ਸਾਲ 1966 ਬਣਦੀ ਹੈ। ਇਸ ਅਨੁਸਾਰ ਉਸ ਵੱਲੋਂ 4 ਸਾਲ ਦੀ ਹੋਰ ਸਰਵਿਸ ਦੀ ਮੰਗ ਕੀਤੀ ਗਈ ਹੈ।

ਦਸਣਯੋਗ ਹੈ ਕਿ ਸ੍ਰੀਮਤੀ ਬਾਲਾ ਪਤਨੀ ਸ੍ਰੀ ਗੋਗੀ ਵੱਲੋਂ ਰਿਟਾਇਰਮੈਂਟ ਤੋਂ ਬਾਅਦ ਦਰਖਾਸਤ ਦਿੱਤੀ ਗਈ ਕਿ ਉਸਦੀ ਜਨਮ ਮਿਤੀ 1966 ਬਣਦੀ ਹੈ, ਜਿਸ ਕਰਕੇ 4 ਸਾਲ ਪਹਿਲਾਂ ਹੀ ਉਨ੍ਹਾਂ ਨੂੰ ਸੇਵਾ ਮੁਕਤ ਕਰ ਦਿੱਤਾ ਗਿਆ ਹੈ।

ਹੁਣ ਦਰਖਾਸਤ ਕਰਤਾ ਵੱਲੋਂ ਨਵੀਂ ਦਰਖਾਸਤ ਦਿੱਤੀ ਗਈ ਹੈ ਕਿ ਉਸ ਵੱਲੋਂ ਕਿਹਾ ਗਿਆ ਹੈ ਕਿ ਉਸਦੀ ਜਨਮ ਮਿਤੀ 06.06.1970 ਹੈ। ਇਸ ਅਨੁਸਾਰ ਅਜਿਹਾ ਕੋਈ ਨਿਯਮ ਧਿਆਨ ਵਿੱਚ ਨਹੀਂ ਹਨ ਕਿ ਸੇਵਾ ਪੱਤਰੀ ਵਿੱਚ ਦਰਜ਼ ਜਨਮ ਮਿਤੀ ਨੂੰ ਬਦਲਿਆ ਜਾ ਸਕੇ।

ਵਰਨਣਯੋਗ ਹੈ ਕਿ ਦਰਖਾਸਤਕਰਤਾ ਵੱਲੋਂ ਪਹਿਲਾਂ ਜਨਮ ਮਿਤੀ 1966 ਹੋਣ ਦਾ ਦਾਅਵਾ ਕੀਤਾ ਜਾ ਰਿਹਾ ਸੀ। ਹੁਣ ਉਸ ਵੱਲੋਂ ਜਗਰਾਓਂ ਤੋਂ ਜਾਰੀ ਜਨਮ ਸਰਟੀਫਿਕੇਟ ਆਪਣੀ ਦਰਖਾਸਤ ਦੇ ਨਾਲ ਲਗਾਇਆ ਗਿਆ ਹੈ, ਜਿਸ ਵਿੱਚ ਜਨਮ ਮਿਤੀ 06.06.1970 ਦਰਸਾਈ ਗਈ ਹੈ।

ਸਾਰੀ ਸਰਵਿਸ ਦੌਰਾਨ ਦਰਖਾਸਤਕਰਤਾ ਵੱਲੋਂ ਰਿਟਾਇਰਮੈਂਟ ਦੀ ਮਿਤੀ ਜਾਂ ਜਨਮ ਮਿਤੀ ਸਬੰਧੀ ਕੋਈ ਇਤਰਾਜ਼ ਨਹੀਂ ਉਠਾਇਆ ਗਿਆ।

ਉਕਤ ਸਬੰਧੀ ਦਿਸ਼ਾ ਨਿਰਦੇਸ਼ ਪ੍ਰਾਪਤ ਕਰਨ ਲਈ ਡਾਇਰੈਕਟਰ, ਸਥਾਨਕ ਸਰਕਾਰ ਵਿਭਾਗ, ਪੰਜਾਬ, ਚੰਡੀਗੜ੍ਹ ਜੀ ਨੂੰ ਸ਼੍ਰੀਮਤੀ ਬਾਲਾ ਪਤਨੀ ਸ਼੍ਰੀ ਗੋਗੀ ਸਫਾਈ ਸੇਵਿਕਾ ਦੀ ਜਨਮ ਮਿਤੀ ਸਬੰਧੀ ਦਫਤਰ ਨਗਰ ਨਿਗਮ,ਬਠਿੰਡਾ ਵੱਲੋਂ ਪੱਤਰ ਨੰਬਰ 4604 ਮਿਤੀ 29.11.2022 ਰਾਹੀਂ ਭੇਜਿਆ ਗਿਆ ਸੀ। ਜਿਸ ਦੇ ਸਬੰਧ ਵਿੱਚ ਡਾਇਰੈਕਰ, ਸਥਾਨਕ ਸਰਕਾਰ ਵਿਭਾਗ, ਪੰਜਾਬ ਚੰਡੀਗੜ੍ਹ ਜੀ ਵੱਲੋਂ ਮੀਮੋ ਨੰਬਰ ਸ2-ਡਸਸ-ਮਸਸ-2022/52340 ਮਿਤੀ 22.12.2022 ਰਾਹੀਂ ਜਵਾਬ ਵੱਜੋਂ ਲਿਖਿਓ ਗਿਆ ਹੈ ਕਿ ਸਫਾਈ ਸੇਵਿਕਾ ਦੀ ਆਸਾਮੀ ਗੈਰ ਪ੍ਰਾਂਤੀਕਰਨ ਕਾਡਰ ਦੀ ਹੈ। ਇਸ ਲਈ ਕੇਸ ਦੇ ਸਾਰੇ ਤੱਥਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਆਪਣੇ ਪੱਧਰ ਤੇ ਫੈਸਲਾ ਲਿਆ ਜਾਵੇ। ਇਸਤੋਂ ਇਲਾਵਾ ਇਸ ਮਾਮਲੇ ਸਬੰਧੀ ਵਿਭਾਗ ਦੇ ਸੀਨੀਅਰ ਲਾਅ ਅਫਸਰ ਵੱਲੋਂ ਹੇਠ ਅਨੁਸਾਰ ਰਾਏ ਦਿੱਤੀ ਗਈ ਹੈ:-

"At time of first entry on Medical Certificate Date of birth was 06.06.1970 and in Service Book it is entered as 22.08.1962. Birth Certificate states 06.06.1970. As per employee she is illiterate. There appears fault of Municipal Corporation too. Decision is administrative issue, so far as generally correction is concerned, it should be in 5 years of entry in Service.

So, administrative decision is required to be taken on present factual position".

ਇਸ ਲਈ ਮਾਨਯੋਗ ਡਾਇਰੈਕਟਰ, ਸਥਾਨਕ ਸਰਕਾਰ ਵਿਭਾਗ, ਪੰਜਾਬ ਚੰਡੀਗੜ੍ਹ ਜੀ ਵੱਲੋਂ ਪ੍ਰਾਪਤ ਪੱਤਰ ਅਨੁਸਾਰ ਅਗਲੇਰੀ ਕਾਰਵਾਈ ਕਰਨ ਹਿੱਤ ਰਿਪੋਰਟ ਹਾਊਸ ਦੇ ਵਿਚਾਰ ਹਿੱਤ।

ਉਕਤ ਕੇਸ ਜਨਰਲ ਹਾਊਸ ਦੀ ਮੀਟਿੰਗ ਮਿਤੀ 20.03.2023 ਵਿੱਚ ਰੱਖਿਆ ਗਿਆ ਸੀ। ਹਾਊਸ ਦੇ ਮਤਾ ਨੰਬਰ 176 ਮਿਤੀ 20.03.2023 ਰਾਹੀਂ ਪਾਸ ਕੀਤਾ ਸੀ ਕਿ ਇਹ ਕੇਸ ਪਹਿਲਾਂ ਕਰਮਚਾਰੀਆਂ ਲਈ ਬਣੀ ਸਬ-ਕਮੇਟੀ ਵਿਖੇ ਪੇਸ਼ ਕੀਤਾ ਜਾਵੇ। ਸਬ-ਕਮੇਟੀ ਦਾ ਫੈਸਲਾ ਹਾਊਸ ਦੀ ਮੀਟਿੰਗ ਵਿੱਚ ਪੇਸ਼ ਕੀਤਾ ਜਾਵੇ ਤਾਂ ਜੋ ਉਸਤੇ ਵਿਚਾਰ ਕੀਤਾ ਜਾ ਸਕੇ। ਇਸ ਮੱਦ ਨੂੰ ਹਾਊਸ ਵੱਲੋਂ ਪੈਡਿੰਗ ਰੱਖਿਆ ਗਿਆ ਸੀ।

ਉਕਤ ਅਨੁਸਾਰ ਕੇਸ ਸਬ-ਕਮੇਟੀ ਦੇ ਵਿਚਾਰ ਹਿੱਤ।

| | |
|---|---|
| ਸਬ-ਕਮੇਟੀ ਦਾ ਫੈਸਲਾ: | ਰੱਦ ਕੀਤਾ ਜਾਂਦਾ ਹੈ। ਇਹ ਵੀ ਹਦਾਇਤ ਕੀਤੀ ਜਾਂਦੀ ਹੈ ਕਿ ਜੇਕਰ ਦਰਖਾਸਤਕਰਤਾ ਵੱਲੋਂ ਦੁਬਾਰਾ ਬੇਲੋੜੀਂਦੀਆਂ ਦਰਖਾਸਤਾਂ ਦਿੱਤੀਆਂ ਜਾਂਦੀਆਂ ਹਨ ਤਾਂ ਇਸਦੇ ਖਿਲਾਫ ਵਿਭਾਗੀ/ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇ। |

6 :

ਦਫਤਰੀ ਰਿਪੋਰਟ ਕਿ ਸਵ: ਬਾਬੂ ਪੁੱਤਰ ਪੂਰਨ ਰਾਮ, ਨਗਰ ਨਿਗਮ ਬਠਿੰਡਾ ਵਿਖੇ ਬਤੌਰ ਸਫਾਈ ਸੇਵਕ ਕੰਮ ਕਰਦਾ ਸੀ । ਜਿਸ ਦੀ ਮੌਤ ਮਿਤੀ 21.09.2021 ਨੂੰ ਹੋ ਗਈ ਸੀ। ਮੌਤ ਸਮੇਂ ਸ਼੍ਰੀ ਗਗਨ ਕੁਮਾਰ ਨਾ-ਬਾਲਗ ਸੀ ਅਤੇ ਉਸਦੀ ਮਾਤਾ ਵੱਲੋਂ ਮਿਤੀ 26.11.2021 ਨੂੰ ਨੋਕਰੀ ਰਾਖਵੀਂ ਰੱਖਣ ਲਈ ਦਫਤਰ ਵਿਚ ਦਰਖਾਸਤ

ਦਿੱਤੀ ਗਈ ਸੀ। ਹੁਣ ਗਗਨ ਕੁਮਾਰ ਬਾਲਗ ਹੋ ਗਿਆ ਹੈ ਅਤੇ ਉਸ ਵੱਲੋਂ ਦਰਖਾਸਤ ਰਾਂਹੀ ਬੇਨਤੀ ਕੀਤੀ ਹੈ ਕਿ ਉਸਨੂੰ ਉਸਦੇ ਪਿਤਾ ਦੀ ਮੌਤ ਤੋਂ ਬਾਅਦ ਖਾਲੀ ਹੋਈ ਆਸਾਮੀ ਤੇ ਤਰਸ ਦੇ ਆਧਾਰ ਤੇ ਨੌਕਰੀ ਦਿੱਤੀ ਜਾਵੇ। ਸ਼੍ਰੀ ਗਗਨ ਕੁਮਾਰ ਪੁੱਤਰ ਸਵ: ਬਾਬੂ ਵਲੋ ਪੇਸ਼ ਹਲਫੀਆ ਬਿਆਨ ਅਨੁਸਾਰ ਉਸਦੇ ਪਰਿਵਾਰ ਵਿੱਚ ਉਸ ਦੀ ਮਾਤਾ ਹਨ ਇਸ ਤੋਂ ਇਲਾਵਾ ਇਕ ਭਰਾ ਅਤੇ ਇਕ ਭੈਣ ਹੈ ਜੋ ਨਾ- ਬਾਲਗ ਹਨ। ਉਸਦੀ ਮਾਤਾ ਵੱਲੋਂ ਇਤਰਾਜਹੀਨਤਾ ਹਲਫੀਆ ਬਿਆਨ ਦਿੱਤਾ ਗਿਆ ਹੈ ਕਿ ਉਸਨੂੰ ਉਸਦੇ ਪਿਤਾ ਦੀ ਮੌਤ ਤੋਂ ਬਾਅਦ ਤਰਸ ਦੇ ਆਧਾਰ ਤੇ ਨੌਕਰੀ ਦਿੱਤੀ ਜਾਵੇ। ਸਾਰੇ ਪਰਿਵਾਰ ਦੇ ਮੈਂਬਰ ਉਸ ਦੇ ਪਿਤਾ ਤੇ ਨਿਰਭਰ ਸੀ ਅਤੇ ਇਹਨਾਂ ਘਰ ਵਿਚ ਕੋਈ ਵੀ ਮੈਂਬਰ ਸਰਕਾਰੀ ਜਾਂ ਗੈਰ ਸਰਕਾਰੀ ਨੌਕਰੀ ਨਹੀਂ ਕਰਦਾ ਹੈ। ਹਲਫੀਆ ਬਿਆਨ ਅਨੁਸਾਰ ਸ਼੍ਰੀ ਗਗਨ ਕੁਮਾਰ ਬੇਰੁਜਗਾਰ ਹੈ ਅਤੇ ਇਸ ਪਾਸ ਕਮਾਈ ਦਾ ਕੋਈ ਸਾਧਨ ਨਹੀਂ ਹੈ। ਇਹਨਾਂ ਦੇ ਘਰ ਦਾ ਗੁਜਾਰਾ ਬਹੁਤ ਮੁਸ਼ਕਲ ਨਾਲ ਚਲਦਾ ਹੈ ਅਤੇ ਆਰਥਿਕ ਹਾਲਤ ਬਹੁਤ ਮਾੜੀ ਹੈ। ਇਸ ਤੋਂ ਇਲਾਵਾ ਇਸ ਪਾਸ ਕੋਈ ਚੱਲ ਅਚੱਲ ਸੰਪਤੀ ਨਹੀਂ ਹੈ। ਹਲਫੀਆ ਬਿਆਨ ਅਨੁਸਾਰ ਸ੍ਰੀ ਗਗਨ ਕੁਮਾਰ ਆਪਣੀ ਮਾਤਾ ਅਤੇ ਨਾ-ਬਾਲਗ ਭੈਣ ਭਰਾ ਦੀ ਸੇਵਾ ਸੰਭਾਲ ਕਰੇਗਾ। ਆਧਾਰ ਕਾਰਡ ਅਨੁਸਾਰ ਉਸਦੀ ਜਨਮ ਮਿਤੀ 06.09.2004 ਹੈ ਅਤੇ ਸ਼੍ਰੀ ਗਗਨ ਕੁਮਾਰ ਬਾਰਵੀਂ ਜਮਾਤ ਪਾਸ ਹੈ।

ਪੰਜਾਬ ਮਿਊਂਸਪਲ ਦਰਜਾ ਚਾਰ ਕਰਮਚਾਰੀ ਰੂਲਜ 1984 ਅਨੁਸਾਰ ਸਫਾਈ ਸੇਵਕ ਦੀ ਆਸਾਮੀ ਲ਼ਈ ਵਿਦਿਅਕ ਯੋਗਤਾ ਪੜਨਾ-ਲਿਖਣਾ ਜਾਣਦਾ ਹੋਵੇ। ਤਰਸ ਦੇ ਆਧਾਰ ਤੇ ਨਿਯੁਕਤੀਆਂ ਸਬੰਧੀ ਸਰਕਾਰ ਵਲੋਂ ਜਾਰੀ ਹਦਾਇਤਾਂ ਪੱਤਰ ਨੰਬਰ 11/94/2002-4ਪੀਪੀ-11/650 ਮਿਤੀ 12.01.2004 ਅਤੇ ਪੱਤਰ ਨੰਬਰ 11/105/98/04ਪੀਪੀ-14420 ਮਿਤੀ 21.11.2002 ਅਨੁਸਾਰ ਇਹ ਕੇਸ ਤਰਸ ਦੇ ਆਧਾਰ ਤੇ ਨਿਯੁਕਤੀ ਲਈ ਕੇਸ ਵਿਚਾਰਿਆ ਜਾਣਾ ਹੈ। ਸਥਾਨਕ ਸਰਕਾਰ ਵਿਭਾਗ ਦੇ ਪੱਤਰ ਨੰਬਰ 2/65/2003-।ਸਸ।/9653 ਮਿਤੀ 12/14-6-2004 ਅਨੁਸਾਰ ਨਗਰ ਨਿਗਮਾਂ ਵਿਖੇ ਗੈਰ ਪ੍ਰਾਂਤੀਕਰਨ ਅਸਾਮੀਆਂ ਲਈ ਨਿਯੁੱਕਤੀ ਦਾ ਅਧਿਕਾਰ ਸੰਬਧਤ ਨਗਰ ਨਿਗਮ ਪਾਸ ਹੈ। ਇਸ ਲਈ ਸ਼੍ਰੀ ਗਗਨ ਕੁਮਾਰ ਨੂੰ ਉਸਦੇ ਪਿਤਾ ਸਵ: ਬਾਬੂ ਪੁੱਤਰ ਪੂਰਨ ਰਾਮ ਸਫਾਈ ਸੇਵਕ ਦੀ ਮੌਤ ਕਾਰਨ ਖਾਲੀ ਹੋਈ ਆਸਾਮੀ ਤੇ ਤਰਸ ਦੇ ਆਧਾਰ ਤੇ ਸਫਾਈ ਸੇਵਕ ਨਿਯੁਕਤ ਕਰਨ ਵਾਸਤੇ ਕੇਸ ਵਿਚਾਰ ਕਰਨ ਅਤੇ ਫੈਸਲਾ ਲੈਣ ਲਈ ਅਗਲੇਰੀ ਲੋੜੀਂਦੀ ਕਾਰਵਾਈ ਹਿੱਤ ਰਿਪੋਰਟ ਪੇਸ਼ ਹੈ ਜੀ।

ਕੇਸ ਸਬ-ਕਮੇਟੀ ਦੇ ਵਿਚਾਰ ਹਿੱਤ।

| | |
|---|---|
| ਸਬ-ਕਮੇਟੀ ਦਾ ਫੈਸਲਾ: | ਸਰਕਾਰ ਦੀਆਂ ਹਦਾਇਤਾਂ ਅਤੇ ਨਿਯਮਾਂ ਅਨੁਸਾਰ ਪਾਸ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ। |

7 :

ਦਫਤਰੀ ਰਿਪੋਰਟ ਕਿ ਸਵ: ਸੁਰੇਸ਼ ਪੁੱਤਰ ਫੂਲ ਚੰਦ ਨਗਰ ਨਿਗਮ ਬਠਿੰਡਾ ਵਿਖੇ ਬਤੌਰ ਸਫਾਈ ਸੇਵਕ ਕੰਮ ਕਰਦਾ ਸੀ । ਜਿਸ ਦੀ ਮੌਤ ਮਿਤੀ 26.09.2022 ਨੂੰ ਹੋ ਗਈ ਸੀ। ਮ੍ਰਿਤਕ ਕਰਮਚਾਰੀ ਦੇ ਪੁੱਤਰ ਸ਼੍ਰੀ ਆਕਾਸ਼ ਪੁੱਤਰ ਸਵ: ਸੁਰੇਸ਼ ਨੇ ਦਰਖਾਸਤ ਰਾਂਹੀ ਬੇਨਤੀ ਕੀਤੀ ਹੈ ਕਿ ਉਸਨੂੰ ਉਸਦੇ ਪਿਤਾ ਦੀ ਮੌਤ ਤੋਂ ਬਾਅਦ ਖਾਲੀ ਹੋਈ ਆਸਾਮੀ ਤੇ ਤਰਸ ਦੇ ਆਧਾਰ ਤੇ ਨੌਕਰੀ ਦਿੱਤੀ ਜਾਵੇ। ਸ਼੍ਰੀ ਆਕਾਸ਼ ਪੁੱਤਰ ਸਵ: ਸੁਰੇਸ਼ ਵਲੋ ਪੇਸ਼ ਹਲਫੀਆ ਬਿਆਨ ਅਨੁਸਾਰ ਉਸਦੇ ਪਰਿਵਾਰ ਵਿੱਚ ਉਸਦੀ ਮਾਤਾ ਅਤੇ ਇਕ ਭੈਣ ਹੈ। ਉਸਦੀ ਮਾਤਾ ਅਤੇ ਭੈਣ ਵੱਲੋਂ ਇਤਰਾਜਹੀਨਤਾ ਹਲਫੀਆ ਬਿਆਨ ਦਿੱਤਾ ਗਿਆ ਹੈ ਕਿ ਸ਼੍ਰੀ ਆਕਾਸ਼ ਨੂੰ ਉਸਦੇ ਪਿਤਾ ਦੀ ਮੌਤ ਤੋਂ ਬਾਅਦ ਤਰਸ ਦੇ ਆਧਾਰ ਤੇ ਨੌਕਰੀ ਦਿੱਤੀ ਜਾਵੇ। ਸ਼੍ਰੀ ਆਕਾਸ਼ ਪੁੱਤਰ ਸਵ: ਸੁਰੇਸ਼ ਪੂਰੀ ਤਰ੍ਹਾ ਆਪਣੇ ਪਿਤਾ ਤੇ ਨਿਰਭਰ ਸੀ ਅਤੇ ਇਹਨਾਂ ਦੇ ਘਰ ਵਿਚ ਕੋਈ ਵੀ ਮੈਂਬਰ ਸਰਕਾਰੀ ਜਾਂ ਗੈਰ ਸਰਕਾਰੀ ਨੌਕਰੀ ਨਹੀਂ ਕਰਦਾ ਹੈ। ਹਲਫੀਆ ਬਿਆਨ ਅਨੁਸਾਰ ਸ਼੍ਰੀ ਆਕਾਸ਼ ਬੇਰੁਜਗਾਰ ਹੈ ਅਤੇ ਇਸ ਪਾਸ ਕਮਾਈ ਦਾ ਕੋਈ ਸਾਧਨ ਨਹੀਂ ਹੈ। ਇਹਨਾਂ ਦੇ ਘਰ ਦਾ ਗੁਜਾਰਾ ਬਹੁਤ ਮੁਸ਼ਕਲ ਨਾਲ ਚਲਦਾ ਹੈ। ਇਸ ਤੋਂ ਇਲਾਵਾ ਇਸ ਪਾਸ ਕੋਈ ਚੱਲ ਅਚੱਲ ਸੰਪਤੀ ਨਹੀਂ ਹੈ। ਆਧਾਰ ਕਾਰਡ ਅਨੁਸਾਰ ਉਸਦੀ ਜਨਮ ਮਿਤੀ 01.11.2003 ਹੈ ਅਤੇ ਸ਼੍ਰੀ ਆਕਾਸ਼ ਪੜ੍ਹਨਾ ਲਿਖਣਾ ਜਾਣਦਾ ਹੈ।

ਪੰਜਾਬ ਮਿਊਂਸਪਲ ਦਰਜਾ ਚਾਰ ਕਰਮਚਾਰੀ ਰੂਲਜ 1984 ਅਨੁਸਾਰ ਸਫਾਈ ਸੇਵਕ ਦੀ ਆਸਾਮੀ ਲ਼ਈ ਵਿਦਿਅਕ ਯੋਗਤਾ ਪੜਨਾ-ਲਿਖਣਾ ਜਾਣਦਾ ਹੋਵੇ। ਤਰਸ ਦੇ ਆਧਾਰ ਤੇ ਨਿਯੁਕਤੀਆਂ ਸਬੰਧੀ ਸਰਕਾਰ ਵਲੋਂ ਜਾਰੀ ਹਦਾਇਤਾਂ ਪੱਤਰ ਨੰਬਰ 11/94/2002-4ਪੀਪੀ-11/650 ਮਿਤੀ 12.01.2004 ਅਤੇ ਪੱਤਰ ਨੰਬਰ 11/105/98/04ਪੀਪੀ-14420 ਮਿਤੀ 21.11.2002 ਅਨੁਸਾਰ ਇਹ ਕੇਸ ਤਰਸ ਦੇ ਆਧਾਰ ਤੇ ਨਿਯੁਕਤੀ ਲਈ ਕੇਸ ਵਿਚਾਰਿਆ ਜਾਣਾ ਹੈ। ਸਥਾਨਕ ਸਰਕਾਰ ਵਿਭਾਗ ਦੇ ਪੱਤਰ ਨੰਬਰ 2/65/2003-।ਸਸ।/9653 ਮਿਤੀ 12/14-6-2004 ਅਨੁਸਾਰ ਨਗਰ ਨਿਗਮਾਂ ਵਿਖੇ ਗੈਰ ਪ੍ਰਾਂਤੀਕਰਨ ਅਸਾਮੀਆਂ ਲਈ ਨਿਯੁੱਕਤੀ ਦਾ ਅਧਿਕਾਰ ਸੰਬਧਤ ਨਗਰ ਨਿਗਮ ਪਾਸ ਹੈ। ਇਸ ਲਈ ਸ਼੍ਰੀ ਆਕਾਸ਼ ਨੂੰ ਉਸਦੇ ਪਿਤਾ ਸਵ: ਸੁਰੇਸ਼ ਪੁੱਤਰ ਫੂਲ ਚੰਦ ਸਫਾਈ ਸੇਵਕ ਦੀ ਮੌਤ ਕਾਰਨ ਖਾਲੀ ਹੋਈ ਆਸਾਮੀ ਤੇ ਤਰਸ ਦੇ ਆਧਾਰ ਤੇ ਸਫਾਈ ਸੇਵਕ ਨਿਯੁਕਤ ਕਰਨ ਵਾਸਤੇ ਕੇਸ ਵਿਚਾਰ ਕਰਨ ਅਤੇ ਫੈਸਲਾ ਲੈਣ ਲਈ ਅਗਲੇਰੀ ਲੋੜੀਂਦੀ ਕਾਰਵਾਈ ਹਿੱਤ ਰਿਪੋਰਟ ਪੇਸ਼ ਹੈ ਜੀ।

ਕੇਸ ਸਬ-ਕਮੇਟੀ ਦੇ ਵਿਚਾਰ ਹਿੱਤ।

| | |
|---|---|
| ਸਬ-ਕਮੇਟੀ ਦਾ ਫੈਸਲਾ: | ਸਰਕਾਰ ਦੀਆਂ ਹਦਾਇਤਾਂ ਅਤੇ ਨਿਯਮਾਂ ਅਨੁਸਾਰ ਪਾਸ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ। |

ਕਰਮਚਾਰੀਆਂ ਦੇ ਕੇਸਾਂ ਨਾਲ ਸਬੰਧਤ ਸਬ-ਕਮੇਟੀ ਦੇ ਫੈਸਲੇ ਹਾਊਸ ਦੇ ਵਿਚਾਰ ਹਿੱਤ।

| | |
|---|---|
| ਮਤਾ ਨੰਬਰ 206: | **ਪਾਸ ਕੀਤਾ ਜਾਂਦਾ ਹੈ ਕਿ ਕਰਮਚਾਰੀਆਂ ਦੇ ਕੇਸਾਂ ਤੇ ਵਿਚਾਰ ਕਰਨ ਉਪਰੰਤ ਫੈਸਲਾ ਲੈਣ ਖਾਤਰ ਬਣੀ ਸਬ-ਕਮੇਟੀ ਵੱਲੋਂ ਕਰਮਚਾਰੀਆਂ ਸਬੰਧੀ ਲਏ ਗਏ ਫੈਸਲੇ ਜਨਰਲ ਹਾਊਸ ਦੀ ਮੀਟਿੰਗ ਵਿੱਚ ਪ੍ਰਵਾਨ ਹਨ।** |

**ਏਜੰਡਾ ਨੰਬਰ 10:**

ਰਿਪੋਰਟ ਸਿਹਤ ਸ਼ਾਖਾ ਕਿ ਗਊਸ਼ਾਲਾ ਸੰਤ ਮਹੇਸ਼ ਮੁੰਨੀ ਜੀ ਬੋਰੇ ਵਾਲੇ ਕਮੇਟੀ (ਰਜਿ:) ਬੀੜ੍ਹ ਸਿੱਖਾਂ ਵਾਲਾ (ਫਰੀਦਕੋਟ) ਦੇ ਮੁੱਖੀ ਸੰਤ ਬਾਬਾ ਮਲਕੀਤ ਦਾਸ ਜੀ ਨਾਲ ਹੋਈ ਮੀਟਿੰਗ ਮਿਤੀ 08.05.2023 ਦੋਰਾਨ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਵੱਲੋਂ ਬਾਬਾ ਜੀ ਨੂੰ ਪੁੱਛਿਆ ਕਿ ਆਪ ਕਿੰਨੇ ਪਸ਼ੂ ਸੰਭਾਲ ਸਕਦੇ ਹੋ ਤਾਂ ਬਾਬਾ ਜੀ ਨੇ ਇੱਕ ਵਾਰ 500 ਪਸ਼ੂ ਤੋਂ ਸ਼ੁਰੂਆਤ ਕਰਨ ਦੀ ਹਾਮੀ ਭਰੀ ਅਤੇ ਬਾਕੀ ਗਊਸ਼ਾਲਾਵਾਂ ਵਾਂਗ 35/- ਰੁਪਏ ਪ੍ਰਤੀ ਪਸ਼ੂ ਪ੍ਰਤੀ ਦਿਨ ਦੀ ਡਾਈਟਮਨੀ ਦੀ ਮੰਗ ਕੀਤੀ। ਉਹਨਾਂ ਕਿਹਾ ਕਿ ਇਹ 500 ਪਸ਼ੂ ਲੈ ਕੇ ਉਸਤੋਂ ਬਾਅਦ ਹੋਰ ਪਸ਼ੂ ਵੀ ਲੈ ਲੈਣਗੇ। ਉਕਤ ਮੀਟਿੰਗ ਵਿੱਚ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਤੋਂ ਇਲਾਵਾ ਚੀਫ ਸੈਨਟਰੀ ਇੰਸਪੈਕਟਰ ਅਤੇ ਸੈਨਟਰੀ ਇੰਸਪੈਕਟਰ ਸ਼ਾਮਲ ਸਨ। ਵਿਚਾਰ ਵਟਾਂਦਰਾ ਕਰਨ ਤੋਂ ਬਾਅਦ ਫੈਸਲਾ ਲਿਆ ਗਿਆ ਕਿ MOU ਕਰਨ ਉਪਰੰਤ 500 ਪਸ਼ੂ ਭੇਜੇ ਜਾਣ ਅਤੇ ਇਹਨਾਂ ਪਸ਼ੂਆਂ ਦੀ ਤਿੰਨ ਮਾਹ ਦੀ ਡਾਈਟ ਮਨੀ ਐਡਵਾਂਸ ਦੇਣ ਉਪਰੰਤ 500 ਪਸ਼ੂ ਹੋਰ ਭੇਜੇ ਜਾਣਗੇ। ਇਹਨਾਂ ਪਸ਼ੂਆਂ ਦੀ ਡਾਈਟ ਮਨੀ 35/- ਰੁਪਏ ਪ੍ਰਤੀ ਪਸ਼ੂ ਪ੍ਰਤੀ ਦਿਨ ਦੀ ਡਾਈਟ ਦਿੱਤੀ ਜਾਣੀ ਪ੍ਰਵਾਨ ਕਰਨ ਲਈ ਰਿਪੋਰਟ ਕੀਤੀ ਗਈ ਹੈ।

ਸ੍ਰ: ਹਰਪਾਲ ਸਿੰਘ ਢਿੱਲੋਂ, ਕੌਂਸਲਰ ਨੇ ਕਿਹਾ ਕਿ ਹਾਊਸ ਦੀ ਪਿਛਲੀ ਮੀਟਿੰਗ ਵਿੱਚ ਕੁੱਝ ਲੋਕਾਂ ਵੱਲੋਂ ਰਿਹਾਇਸ਼ੀ ਏਰੀਏ ਵਿੱਚ ਟਾਲਾਂ ਖੋਲਣ ਦਾ ਮਾਮਲਾ ਵਿਚਾਰਿਆ ਗਿਆ ਸੀ। ਉਹਨਾਂ ਜਲਦ ਤੋਂ ਜਲਦ ਇੰਨ੍ਹਾਂ ਟਾਲਾਂ ਵਾਲਿਆਂ ਖਿਲਾਫ ਕਾਰਵਾਈ ਕਰਨ ਦੀ ਮੰਗ ਕੀਤੀ। ਉਹਨਾਂ ਕਿਹਾ ਕਿ ਪਿਛਲੇ ਦਿਨੀ ਹਰਰਾਏਪੁਰ ਵਿਖੇ ਬਣੀ ਸਰਕਾਰੀ ਗਊਸ਼ਾਲਾ ਵਿੱਚ ਕੁੱਝ ਪਸ਼ੂਆਂ ਦੀ ਮੌਤ ਹੋ ਗਈ। ਪਰੰਤੂ ਕਿਸੇ ਵੀ ਕੌਂਸਲਰ ਨੂੰ ਇਸ ਸਬੰਧੀ ਪਤਾ ਕਰਨ ਖਾਤਰ ਉਸ ਗਊਸ਼ਾਲਾ ਦੇ ਅੰਦਰ ਨਹੀਂ ਜਾਣ ਦਿੱਤਾ ਗਿਆ। ਉਹਨਾਂ ਮੰਗ ਕੀਤੀ ਕਿ ਮਰ ਚੁੱਕੇ ਪਸ਼ੂਆਂ ਦੀ ਡਾਇਟ ਮਨੀ ਨਾ ਦਿੱਤ ਜਾਵੇ ਅਤੇ ਪਸ਼ੂਆਂ ਦੀ ਗਿਣਤੀ ਹਰ ਮਹੀਨੇ ਤਸਦੀਕ ਕਰਨ ਉਪਰੰਤ ਹੀ ਡਾਇਟ ਮਨੀ ਦੀ ਅਦਾਇਗੀ ਕੀਤੀ ਜਾਵੇ।

ਸ੍ਰ: ਹਰਮੰਦਰ ਸਿੰਘ, ਡਿਪਟੀ ਮੇਅਰ ਨੇ ਕਿਹਾ ਕਿ ਰਿਹਾਇਸ਼ੀ ਇਲਾਕਿਆਂ ਵਿੱਚ ਹਰਾ ਚਾਰਾ ਦੀਆਂ ਟਾਲਾਂ ਖੋਲਣ ਵਾਲਿਆਂ ਦੇ ਚਲਾਨ ਕੀਤੇ ਜਾਣ ਅਤੇ ਜੁਰਮਾਨੇ ਲਗਾਏ ਜਾਣ। ਉਹਨਾਂ ਇਹ ਵੀ ਕਿਹਾ ਕਿ ਜਿੰਨੀਆਂ ਵੀ ਗਊਸ਼ਾਲਾਵਾਂ ਵਿੱਚ ਨਗਰ ਨਿਗਮ ਵੱਲੋਂ ਪਸ਼ੂ ਛੱਡੇ ਗਏ ਹਨ, ਉਹਨਾਂ ਵਿੱਚ ਹਰ ਮਹੀਨੇ ਦੋ ਕੌਂਸਲਰ ਸਾਹਿਬਾਨ ਅਤੇ ਨਿਗਮ ਦੇ ਅਧਿਕਾਰੀਆਂ ਵੱਲੋਂ ਜਾਂਚ ਕਰਵਾ ਕੇ ਰਿਪੋਰਟ ਲਈ ਜਾਵੇ।

ਸ਼੍ਰੀ ਇੰਦਰਜੀਤ ਸਿੰਘ, ਕੌਂਸਲਰ ਨੇ ਦਸਿਆ ਕਿ ਇਸ ਸਬੰਧੀ ਪਹਿਲਾਂ ਬਣੀ ਸਬ-ਕਮੇਟੀ ਵੱਲੋਂ ਲਿਖ ਕੇ ਦਿੱਤਾ ਗਿਆ ਹੈ।

| | |
|---|---|
| ਮਤਾ ਨੰਬਰ 207: | **ਪ੍ਰਵਾਨ ਹੈ।**<br>**ਮਜ਼ੀਦ ਪਾਸ ਕੀਤਾ ਜਾਂਦਾ ਹੈ ਕਿ ਨਿਗਮ ਦੇ ਅਧਿਕਾਰੀਆਂ ਵੱਲੋਂ ਇਸ ਸਬੰਧੀ ਬਣਾਈ ਗਈ ਸਬ-ਕਮੇਟੀ ਦੇ ਮੈਂਬਰਾਂ ਨੂੰ ਨਾਲ ਲੈ ਕੇ ਹਰ ਮਹੀਨੇ ਸਾਰੀਆਂ ਗਊਸ਼ਾਲਾਵਾਂ ਵਿੱਚ ਰੱਖੇ ਪਸ਼ੂਆਂ ਦੀ ਜਾਂਚ ਕੀਤੀ ਜਾਵੇ। ਸਬ-ਕਮੇਟੀ ਵੱਲੋਂ ਤਸਦੀਕ ਕਰਨ ਉਪਰੰਤ ਹੀ ਕਿਸੇ ਗਊਸ਼ਾਲਾ ਨੂੰ ਡਾਇਟ ਮਨੀ ਦਿੱਤੀ ਜਾਵੇ।** |

**ਏਜੰਡਾ ਨੰਬਰ 11:**

ਰਿਪੋਰਟ ਸਿਹਤ ਸ਼ਾਖਾ ਕਿ ਸੁਆਮੀ ਜਗਰਾਜ ਸਿੰਘ (ਲੰਗਰਾਂ ਵਾਲੇ), ਪ੍ਰੈਜ਼ੀਡੈਂਟ ਸੰਤ ਬਾਬਾ ਜਮੀਤ ਸਿੰਘ ਜੀ, ਚੈਰੀਟੇਬਲ ਟਰੱਸਟ, ਲੋਪੋ (ਮੋਗਾ) ਦੇ ਪੱਤਰ ਨੰਬਰ SBJCT/05/36 ਮਿਤੀ 05.06.2023 ਰਾਹੀਂ ਲਿਖਿਆ ਗਿਆ ਹੈ ਕਿ ਸੁਆਮੀ ਜਗਰਾਜ ਸਿੰਘ (ਲੰਗਰਾਂ ਵਾਲੇ), ਪ੍ਰੈਜ਼ੀਡੈਂਟ ਸੰਤ ਬਾਬਾ ਜਮੀਤ ਸਿੰਘ ਜੀ, ਚੈਰੀਟੇਬਲ ਟਰੱਸਟ, ਲੋਪੋ (ਮੋਗਾ) ਵੱਲੋਂ ਸੁਆਮੀ ਮਹਿੰਦਰ ਸਿੰਘ ਭਗਤ ਜੀ ਗਊਸ਼ਾਲਾ ਪਿੰਡ ਲੋਪੋ ਵਿੱਚ ਚਲਾਈ ਜਾ ਰਹੀ ਹੈ। ਜਿਸਦਾ ਸਾਰਾ ਪ੍ਰਬੰਧ ਸੁਆਮੀ ਜਗਰਾਜ ਸਿੰਘ (ਲੰਗਰਾਂ ਵਾਲੇ), ਪ੍ਰੈਜ਼ੀਡੈਂਟ ਸੰਤ ਬਾਬਾ ਜਮੀਤ ਸਿੰਘ ਜੀ, ਚੈਰੀਟੇਬਲ ਟਰੱਸਟ, ਲੋਪੋ ਦੀ ਰਹਿਨੁਮਾਈ ਹੇਠ ਚੱਲ ਰਿਹਾ ਹੈ। ਉਹਨਾਂ ਵੱਲੋਂ ਹਵਾਲਾ ਲਿਖਿਆ ਗਿਆ ਹੈ ਕਿ ਉਹਨਾਂ ਦੀ ਸੰਸਥਾਂ ਵਿੱਚ 500 ਪਸ਼ੂ ਹਰ ਰੱਖਣ ਦੀ ਕਪੈਸਟੀ ਹੈ। ਉਹਨਾਂ ਵੱਲੋਂ ਸੰਸਥਾ ਨੂੰ 500 ਪਸ਼ੂ ਹੋਰ ਫੜ੍ਹਨ ਦੀ ਪ੍ਰਵਾਨਗੀ ਮੰਗੀ ਗਈ ਹੈ।

ਬੇਨਤੀ ਹੈ ਕਿ ਉਕਤ ਸੰਸਥਾ ਵਿੱਚ ਨਗਰ ਨਿਗਮ ਵੱਲੋਂ 287 ਪਸ਼ੂ ਛੱਡੇ ਗਏ ਸਨ, ਜਿੰਨ੍ਹਾਂ ਵਿੱਚੋਂ 107 ਪਸ਼ੂਆਂ ਦੀ ਮੌਤ ਹੋ ਚੁੱਕੀ ਹੈ। ਇਸ ਤਰ੍ਹਾਂ ਇਸ ਸੰਸਥਾਂ ਪਾਸ 180 ਪਸ਼ੂ ਬਾਕੀ ਹਨ, ਜਿੰਨ੍ਹਾਂ ਦੀ ਪ੍ਰਤੀ ਪਸ਼ੂ ਪ੍ਰਤੀ ਦਿਨ 24/- ਰੁਪਏ ਦੇ ਹਿਸਾਬ ਨਾਲ ਡਾਈਟ ਮਨੀ ਦਿੱਤੀ ਜਾ ਰਹੀ ਹੈ। ਇਸ ਲਈ ਉਕਤ ਸੰਸਥਾਂ ਪਾਸ 24/- ਰੁਪਏ ਪ੍ਰਤੀ ਪਸ਼ੂ ਪ੍ਰਤੀ ਦਿਨ ਦੇ ਹਿਸਾਬ ਨਾਲ 500 ਪਸ਼ੂ ਫੜ੍ਹ ਕੇ ਛੱਡਣ ਅਤੇ ਆਉਣ ਵਾਲੇ ਖਰਚੇ ਅਤੇ ਦੀ ਪ੍ਰਵਾਨਗੀ ਹਿੱਤ ਰਿਪੋਰਟ ਕੀਤੀ ਗਈ ਹੈ।

ਇਸ ਸਬੰਧੀ ਨਿਗਰਾਨ ਇੰਜੀਨੀਅਰ ਨੇ ਰਿਪੋਰਟ ਕੀਤੀ ਹੈ ਕਿ "Dropping of 500 more cattle may be allowed pl. @ Rs. 24/- per cattle per day".

ਉਕਤ ਸਬੰਧੀ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਰਿਪੋਰਟ ਕੀਤੀ ਹੈ ਕਿ "For approval in anticipation of the House considering the increasing number of cattle in the city and hot weather".

ਰਿਪੋਰਟ ਹਾਊਸ ਦੀ ਜਾਣਕਾਰੀ ਅਤੇ ਪ੍ਰਵਾਨਗੀ ਹਿੱਤ।

| | |
|---|---|
| **ਮਤਾ ਨੰਬਰ 208:** | **ਪ੍ਰਵਾਨ ਹੈ।**<br>**ਮਜ਼ੀਦ ਪਾਸ ਕੀਤਾ ਜਾਂਦਾ ਹੈ ਕਿ ਨਿਗਮ ਦੇ ਅਧਿਕਾਰੀਆਂ ਵੱਲੋਂ ਇਸ ਸਬੰਧੀ ਬਣਾਈ ਗਈ ਸਬ-ਕਮੇਟੀ ਦੇ ਮੈਂਬਰਾਂ ਨੂੰ ਨਾਲ ਲੈ ਕੇ ਹਰ ਮਹੀਨੇ ਸਾਰੀਆਂ ਗਊਸ਼ਾਲਾਵਾਂ ਵਿੱਚ ਰੱਖੇ ਪਸ਼ੂਆਂ ਦੀ ਜਾਂਚ ਕੀਤੀ ਜਾਵੇ। ਸਬ-ਕਮੇਟੀ ਵੱਲੋਂ ਤਸਦੀਕ ਕਰਨ ਉਪਰੰਤ ਹੀ ਕਿਸੇ ਗਊਸ਼ਾਲਾ ਨੂੰ ਡਾਇਟ ਮਨੀ ਦਿੱਤੀ ਜਾਵੇ।** |

**ਏਜੰਡਾ ਨੰਬਰ 12:**

ਰਿਪੋਰਟ ਵਰਕਸ ਸ਼ਾਖਾ ਕਿ ਮੈਸ: ਸਤੀਸ਼ ਕੁਮਾਰ ਅਗਰਵਾਲ ਐਂਡ ਕੰਪਨੀ ਬਨਾਮ ਮਿਉਂਸਪਲ ਕਾਰਪੋਰੇਸ਼ਨ ਬਠਿੰਡਾ Arbitration Case No. 103 of 2021 ਸਬੰਧੀ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਜੀ ਵੱਲੋਂ ਮਿਤੀ 17.03.2023 ਰਾਹੀਂ ਫੈਸਲਾ ਸੁਣਾਉਂਦੇ ਹੋਏ Mr. Mohinder Pal Singh Pahwa, Addl. Distrrict & Session Judge (Retd.) H.No. 35-36, Captain Karam Singh Nagar, Sangrur ਨੂੰ Sole Arbitrator ਨਿਯੁਕਤ ਕੀਤਾ ਗਿਆ ਸੀ। ਉਕਤ ਕੇਸ ਵਿੱਚ ਮਿਤੀ 02.05.2023 ਨੂੰ ਮੈਸ: ਸਤੀਸ਼ ਕੁਮਾਰ ਅਗਰਵਾਲ ਐਂਡ ਕੰਪਨੀ ਵੱਲੋਂ ਆਪਣੇ ਕਲੇਮ ਦੀ ਸਟੇਟਮੈਂਟ Sole Arbitrator ਪਾਸ ਫਾਇਲ ਕੀਤੀ ਗਈ। ਇਸ ਸਟੇਟਮੈਂਟ ਮੁਤਾਬਿਕ ਏਜੰਸੀ ਵੱਲੋਂ 5,16,91,005/- ਰੁਪਏ ਦਾ ਕਲੇਮ ਫਾਇਲ ਕੀਤਾ ਗਿਆ ਹੈ। ਇਸ ਸਬੰਧੀ ਨਗਰ ਨਿਗਮ ਦਫਤਰ ਦੁਆਰਾ ਕੰਪਨੀ ਵੱਲੋਂ ਕਲੇਮ ਦਾ ਪੈਰਾ ਵਾਇਜ਼ ਜਵਾਬਦਾਵਾ ਤਿਆਰ ਕੀਤਾ ਗਿਆ ਹੈ ਅਤੇ ਮਾਨਯੋਗ Sole Arbitrator ਪਾਸ ਇਸ ਕੇਸ ਦੀ ਅਗਲੀ ਤਾਰੀਖ ਤੇ ਪੇਸ਼ ਕੀਤਾ ਜਾਵੇਗਾ।

ਉਕਤ ਕਲੇਮ ਮੁਤਾਬਿਕ Sole Arbitrator ਵੱਲੋਂ Sole Arbitration and Canciliation Act 1996 ਅਧੀਨ Arbitration Fees 9,43,010/- ਰੁਪਏ ਤੈਅ ਕੀਤੀ ਗਈ ਹੈ। ਮਾਨਯੋਗ ਹਾਈਕੋਰਟ ਦੇ ਹੁਕਮਾਂ ਮੁਤਾਬਿਕ Arbitration Fees ਦਾ ਖਰਚਾ ਦੋਨਾਂ ਪਾਰਟੀਆਂ ਵੱਲੋਂ ਬਰਾਬਰ-ਬਰਾਬਰ ਹੋਵੇਗਾ। ਇਸ ਲਈ ਮਾਨਯੋਗ ਕੋਰਟ ਦੇ ਹੁਕਮਾਂ ਮੁਤਾਬਿਕ ਨਿਰਧਾਰਤ ਕੀਤੀ ਗਈ Arbitration Fees 9,43,010/- ਰੁਪਏ ਦਾ ਅੱਧਾ ਖਰਚਾ 4,71,505/- ਰੁਪਏ ਨਗਰ ਨਿਗਮ ਵੱਲੋਂ ਅਦਾ ਕੀਤਾ ਜਾਣਾ ਬਣਦਾ ਹੈ। ਇਹ ਫੀਸ ਇਸ ਕੇਸ ਦੀ ਅਗਲੀ ਸੁਣਵਾਈ ਤੇ Sole Arbitrator ਪਾਸ ਜਮ੍ਹਾਂ ਕਰਵਾਈ ਜਾਣੀ ਹੈ। ਇਸ ਕੇਸ ਵਿੱਚ ਅਗਲੀ ਤਾਰੀਖ ਪੇਸ਼ ਮਿਤੀ 22.06.2023 ਹੈ।ਨਗਰ ਨਿਗਮ ਹਾਊਸ ਪ੍ਰਵਾਨਗੀ ਦੇਣ ਲਈ ਕੇਸ ਵਿਚਾਰ ਹਿੱਤ।

| | |
|---|---|
| **ਮਤਾ ਨੰਬਰ 209:** | **ਪ੍ਰਵਾਨ ਹੈ।** |

**ਏਜੰਡਾ ਨੰਬਰ 13:**

ਰਿਪੋਰਟ ਸਟੋਰਕੀਪਰ ਕਿ ਨਿਗਮ ਦੀ ਹਦੂਦ ਅੰਦਰ ਤਹਿਬਾਜਾਰੀ ਸ਼ਾਖਾ ਅਤੇ ਮਸ਼ਹੂਰੀ ਸ਼ਾਖਾ ਦਾ ਕੰਮ ਸ਼ਹਿਰ ਦਾ ਏਰੀਆ ਵੱਧ ਹੋਣ ਕਾਰਨ ਕਾਫੀ ਵੱਧ ਗਿਆ ਹੈ।ਇਸ ਸ਼ਾਖਾ ਵਿੱਚ ਜੋ ਕੈਂਟਰ ਚੱਲ ਰਿਹਾ ਹੈ ਉਹ ਤਕਰੀਬਨ 20 ਸਾਲ ਤੋਂ ਜਿਆਦਾ ਪੁਰਾਣਾ ਹੋ ਚੁੱਕਾ ਹੈ। ਹੁਣ ਇਸ ਕੈਂਟਰ ਦੀ ਹਾਲਤ ਕਾਫੀ ਖਰਾਬ ਹੋ ਚੁੱਕੀ ਹੈ ਅਤੇ ਇਹ ਜਿਆਦਾਤਰ ਖਰਾਬ ਹੀ ਰਹਿੰਦਾ ਹੈ। ਇਸਤੋਂ ਇਲਾਵਾ ਸ਼ਹਿਰ ਦਾ ਕਾਫੀ ਏਰੀਆ ਤੰਗ ਹੋਣ ਕਾਰਨ ਕੈਂਟਰ ਗਲੀਆਂ ਵਿੱਚ ਨਹੀਂ ਜਾ ਸਕਦਾ। ਤਹਿਬਾਜਾਰੀ ਅਤੇ ਮਸ਼ਹੂਰੀ ਸ਼ਾਖਾ ਦੇ ਕੰਮ ਨੂੰ ਮੁੱਖ ਰੱਖਦੇ ਹੋਏ ਇੱਕ ਨਵਾਂ ਕੈਂਟਰ ਅਤੇ ਇੱਕ ਛੋਟਾ ਹਾਥੀ ਖਰੀਦ ਕਰਨ ਹਿੱਤ ਰਿਪੋਰਟ ਕੀਤੀ ਗਈ ਹੈ।

ਉਕਤ ਸਬੰਧੀ ਇੱਕ ਨਵਾਂ ਕੈਂਟਰ ਸਮੇਤ ਇੰਸ਼ੋਰੈਂਸ ਅਤੇ ਆਰ.ਸੀ. ਮੁਬਲਿਗ 16,69,000/- ਰੁਪਏ ਡੀਲਰ ਪਾਸੋਂ ਪ੍ਰਾਪਤ ਰੇਟ ਰਾਹੀਂ ਅਤੇ ਜੈਮ ਪੋਰਟਲ ਰਾਹੀਂ ਇੱਕ ਨਵੇਂ ਕੈਂਟਰ ਦੇ ਰੇਟ ਮੁਬਲਿਗ 21,50,000/- ਰੁਪਏ ਦਾ ਪ੍ਰਾਪਤ ਹੋ ਰਿਹਾ ਹੈ। ਇਸ ਤਰ੍ਹਾਂ ਇੱਕ ਛੋਟਾ ਹਾਥੀ TATA ACE GOLD ਦੇ ਜੈਮ ਪੋਰਟਲ ਰਾਹੀਂ ਪ੍ਰਾਪਤ ਕੀਤਾ ਰੇਟ ਮੁਬਲਿਗ 5,01,800/- ਰੁਪਏ ਦਾ ਹੈ। ਇਸ ਤਰ੍ਹਾਂ ਤਹਿਬਾਜਾਰੀ ਸ਼ਾਖਾ ਲਈ ਇੱਕ ਕੈਂਟਰ ਅਤੇ ਇੱਕ ਛੋਟਾ ਹਾਥੀ ਦੀ ਖਰੀਦ ਕਰਨ ਤੇ ਆਉਣ ਵਾਲੇ ਖਰਚੇ ਦੀ ਪ੍ਰਵਾਨਗੀ ਹਿੱਤ ਰਿਪੋਰਟ ਕੀਤੀ ਗਈ ਹੈ।

ਉਕਤ ਸਬੰਧੀ ਨਿਗਰਾਨ ਇੰਜੀਨੀਅਰ ਨੇ ਰਿਪੋਰਟ ਕੀਤੀ ਹੈ ਕਿ A/A for expense of Rs. 21.80 lakh may be accorded for purchase of a Canter and One Chhota Hathi, for Tehbazari Branch. The purchase shall be made through GEM Portal.

ਰਿਪੋਰਟ ਹਾਊਸ ਦੇ ਵਿਚਾਰ ਹਿੱਤ।

| | |
|---|---|
| **ਮਤਾ ਨੰਬਰ 210:** | **ਪ੍ਰਵਾਨ ਹੈ।** |

**ਏਜੰਡਾ ਨੰਬਰ 14:**

ਸਥਾਨਕ ਸਰਕਾਰ ਵਿਭਾਗ, ਪੰਜਾਬ, ਚੰਡੀਗੜ੍ਹ ਵੱਲੋਂ ਕਲੱਰਕਾਂ ਦੀਆਂ ਆਸਾਮੀਆਂ ਤੇ ਸਿਲੈਕਟ ਕੀਤੇ ਉਮੀਦਵਾਰਾਂ ਦੀ ਨਗਰ ਨਿਗਮ ਬਠਿੰਡਾ ਵਿਖੇ ਤੈਨਾਤੀ ਸਬੰਧੀ ਮਿਉਂਸਪਲ ਵਰਕਰਜ਼ ਯੂਨੀਅਨ, ਨਗਰ ਨਿਗਮ ਬਠਿੰਡਾ ਨੇ ਭੇਜੀ ਲਿਸਟ ਰੱਦ ਕਰਨ ਬਾਰੇ ਪੱਤਰ ਨੰਬਰ 2167 ਮਿਤੀ 12.05.2023 ਲਿਖਿਆ ਗਿਆ ਸੀ, ਜਿਸ ਸਬੰਧੀ ਮੇਅਰ, ਨਗਰ ਨਿਗਮ ਬਠਿੰਡਾ ਜੀ ਵੱਲੋਂ ਪੱਤਰ ਨੰਬਰ 2782 ਮਿਤੀ 26.05.2023 ਲਿਖ ਕੇ ਇਸ ਸਬੰਧੀ ਵਿਸਥਾਰਪੂਰਵਕ ਰਿਪੋਰਟ ਤਿਆਰ ਕਰਕੇ ਹਾਊਸ ਦੀ ਅਗਲੀ ਮੀਟਿੰਗ ਵਿੱਚ ਪੇਸ਼ ਕਰਨ ਬਾਰੇ ਲਿਖਿਆ ਗਿਆ ਸੀ। ਇਸ ਸਬੰਧੀ ਦਫਤਰ ਵੱਲੋਂ ਹੇਠ ਲਿਖੇ ਅਨੁਸਾਰ ਰਿਪੋਰਟ ਪ੍ਰਾਪਤ ਹੋਈ ਹੈ:

"ਇਹ ਸਿਲੈਕਸ਼ਨ ਪੰਜਾਬ ਸਰਕਾਰ ਵੱਲੋਂ ਕੀਤੀ ਗਈ ਹੈ ਅਤੇ ਅਧੀਨ ਸੇਵਾਵਾਂ ਸਿਲੈਕਸ਼ਨ ਬੋਰਡ ਰਾਹੀਂ ਇੰਨ੍ਹਾਂ ਦੇ ਟੈਸਟ ਅਤੇ ਟਾਇਪ ਟੈਸਟ ਹੋਏ ਸਨ। ਇੰਨ੍ਹਾਂ ਨੂੰ ਨਿਯੁਕਤੀ ਪੱਤਰ ਕਮਿਸ਼ਨਰ, ਨਗਰ ਨਿਗਮ ਜੀ ਵੱਲੋਂ ਜਾਰੀ ਕੀਤੇ ਗਏ ਸਨ। ਸਾਰੇ ਵਿਭਾਗਾਂ ਵਿਖੇ ਨਿਯੁਕਤੀਆਂ ਪੰਜਾਬ ਸਰਕਾਰ ਵੱਲੋਂ ਅਧੀਨ ਸੇਵਾਵਾਂ ਸਿਲੈਕਸ਼ਨ ਬੋਰਡ ਜਾਂ ਪੀ.ਪੀ.ਐਸ.ਈ. ਰਾਹੀਂ ਕੀਤੀਆਂ ਜਾ ਰਹੀਆਂ ਹਨ।ਸਥਾਨਕ ਸਰਕਾਰਾਂ ਵਿੱਚ ਇਸਤੋਂ ਪਹਿਲਾਂ ਹੈਂਡੀਕੈਪ ਕੋਟੇ ਦਾ ਬੈਕਲਾਗ ਪੂਰਾ ਕਰਨ ਲਈ ਸਿਲੈਕਸ਼ਨ ਵੀ ਪੰਜਾਬ ਸਰਕਾਰ ਦੇ ਪੱਧਰ ਤੇ ਕੀਤੀ ਗਈ ਸੀ। ਹੁਣ ਫਾਇਰ ਬ੍ਰਿਗੇਡ ਲਈ ਸਟਾਫ ਦੀ ਨਿਯੁਕਤੀ ਸਬੰਧੀ ਵੀ ਪ੍ਰਕ੍ਰਿਆ ਚੱਲ ਰਹੀ ਹੈ। ਵਰਨਣਯੋਗ ਹੈ ਕਿ ਇਹ ਸਿਲੈਕਸ਼ਨ ਤਕਰੀਬਨ ਸਾਰੀਆਂ ਹੀ ਸਥਾਨਕ ਸੰਸਥਾਵਾਂ ਲਈ ਕੀਤੀਆਂ ਗਈਆਂ ਹਨ। ਨਗਰ ਨਿਗਮ ਬਠਿੰਡਾ ਲਈ ਇਹ ਨਿਯੁਕਤੀਆਂ ਨਗਰ ਨਿਗਮ ਵਿਖੇ ਖਾਲੀ ਆਸਾਮੀਆਂ ਵਿਰੁੱਧ ਕੀਤੀਆਂ ਗਈਆਂ ਹਨ। ਇਹ ਆਸਾਮੀਆਂ Direct Recruitment ਕੋਟੇ ਵਿਰੁੱਧ ਕੀਤੀਆਂ ਗਈਆਂ ਹਨ ਅਤੇ ਇਸ ਵਿੱਚ ਰਿਜ਼ਰਵੇਸ਼ਨ ਨਿਯਮਾਂ ਦੀ ਪਾਲਣਾਂ ਵੀ ਕੀਤੀ ਗਈ ਹੈ। ਪ੍ਰਮੋਸ਼ਨ ਕੋਟੇ ਦੀਆਂ ਪੋਸਟਾਂ ਨਗਰ ਨਿਗਮ ਵਿਖੇ ਕੰਮ ਕਰ ਰਹੇ ਮੋਜੂਦਾ ਦਰਜ਼ਾ ਚਾਰ ਕਰਮਚਾਰੀਆਂ ਵਿੱਚੋਂ ਹੀ ਭਰੀਆਂ ਜਾਂਦੀਆਂ ਹਨ। ਨਗਰ ਨਿਗਮ ਵੱਲੋਂ ਕੋਈ ਵੀ ਤਰਸ ਦੇ ਆਧਾਰ ਤੇ ਨਿਯੁਕਤੀ ਜਾਂ ਪਦ-ਉਨੱਤੀ ਕੀਤੀ ਜਾਂਦੀ ਹੈ ਤਾਂ ਉਸਦੀ ਪ੍ਰਵਾਨਗੀ ਵੀ ਸਰਕਾਰ ਪਾਸੋਂ ਲੈਣੀ ਜਰੂਰੀ ਹੁੰਦੀ ਹੈ।

ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਵੱਲੋਂ ਰਿਪੋਰਟ ਕੀਤੀ ਗਈ ਹੈ ਕਿ "The selection of candidates are done by Govt. of Punjab through Service Selection Board and upon such selection the list of selected candidates are recommended to the Municipal Corporations for appointment. The MCs as per PMC Act 1976 are the Appointing Authority but selection is done by the Govt. through fair & transparent way. For information, please".

ਉਕਤ ਅਨੁਸਾਰ ਰਿਪੋਰਟ ਹਾਊਸ ਦੀ ਜਾਣਕਾਰੀ ਹਿੱਤ ਪੇਸ਼ ਹੈ ਜੀ।

ਸ੍ਰ: ਹਰਪਾਲ ਸਿੰਘ ਢਿੱਲੋ, ਕੋਂਸਲਰ ਨੇ ਕਿਹਾ ਕਿ ਇਹ ਕਰਮਚਾਰੀ ਨਿਯੁਕਤ ਨਾ ਕਰਕੇ ਨਗਰ ਨਿਗਮ ਵਿਖੇ ਪਹਿਲਾਂ ਹੀ ਆਉਟਸੋਰਸ ਤੇ ਕੰਮ ਕਰ ਰਹੇ ਕਰਮਚਾਰੀਆਂ ਨੂੰ ਰੈਗੂਲਰ ਕੀਤਾ ਜਾਵੇ।

ਸ੍ਰੀ ਅਸ਼ੋਕ ਕੁਮਾਰ, ਸੀਨੀਅਰ ਡਿਪਟੀ ਮੇਅਰ ਨੇ ਕਿਹਾ ਕਿ ਸਥਾਨਕ ਸੰਸਥਾਂਵਾਂ ਦੇ ਕੰਮਕਾਜ਼ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਮੁਲਾਜ਼ਮਾਂ ਦੀਆਂ ਨਿਯੁਕਤੀਆਂ ਨੂੰ ਦੋ ਸ਼੍ਰੇਣੀਆਂ ਵਿਚ ਵੰਡਿਆ ਹੋਇਆ ਹੈ:

1. ਪ੍ਰਾਂਤੀਕਰਨ
2. ਗੈਰ-ਪ੍ਰਾਂਤੀਕਰਨ

ਪ੍ਰਾਂਤੀਕਰਨ ਆਸਾਮੀਆਂ ਦੀਆਂ ਨਿਯੁਕਤੀਆਂ ਰਾਜ ਸਰਕਾਰ ਕਰਦੀ ਹੈ, ਜਦਕਿ ਗੈਰ- ਪ੍ਰਾਂਤੀਕਰਨ ਆਸਾਮੀਆਂ ਦੀਆਂ ਨਿਯੁਕਤੀਆ ਕਰਨ ਦੀ ਸ਼ਕਤੀ ਨਗਰ ਨਿਗਮ ਐਕਟ 1976 ਦੀ ਧਾਰਾ 71(7) ਅਧੀਨ ਨਿਗਮ ਨੂੰ ਦਿੱਤੀ ਹੋਈ ਹੈ। ਗੈਰ-ਪ੍ਰਾਂਤੀਕਰਨ ਸ਼੍ਰੇਣੀ ਅਧੀਨ ਕਲੈਰੀਕਲ ਸਟਾਫ, ਡਰਾਈਵਰ, ਸੁਪਰਵਾਇਜ਼ਰ, ਅਤੇ ਸਾਰੇ ਦਰਜ਼ਾ-4 ਕਰਮਚਾਰੀਆਂ ਆਉਂਦੇ ਹਨ। ਬਠਿੰਡਾ ਨਗਰ ਨਿਗਮ ਵਿਖੇ ਕੰਮ ਕਰਨ ਲਈ ਕਾਫੀ ਸਟਾਫ ਆਉਟਸੋਰਸ ਸਿਸਟਮ ਰਾਹੀਂ ਠੇਕੇ ਤੇ ਰੱਖਿਆ ਹੋਇਆ ਹੈ। ਇਹ ਕਰਮਚਾਰੀ ਕਾਫੀ ਲੰਬੇ ਸਮੇਂ ਤੋਂ ਨਗਰ ਨਿਗਮ ਬਠਿੰਡਾ ਵਿਖੇ ਕੰਮ ਕਰਦੇ ਆ ਰਹੇ ਹਨ। ਪਰ ਹੁਣ ਇੰਨ੍ਹਾਂ ਦਿਨਾਂ ਵਿੱਚ ਰਾਜ ਸਰਕਾਰ ਨੇ ਐਸ.ਐਸ. ਬੋਰਡ ਰਾਹੀਂ ਨਿਯੁਕਤੀਆਂ ਕਰਕੇ 19 ਕਲੱਰਕ ਨਗਰ ਨਿਗਮ ਬਠਿੰਡਾ ਵਿਖੇ ਭੇਜ ਦਿੱਤੇ ਗਏ ਹਨ, ਜਦਕਿ ਨਗਰ ਨਿਗਮ ਐਕਟ 1976 ਦੀ ਧਾਰਾ 71(7) ਅਧੀਨ ਨਿਯੁਕਤੀਆਂ ਕਰਨ ਦੀ ਸ਼ਕਤੀ ਸਥਾਨਕ ਸੰਸਥਾਂਵਾਂ ਪਾਸ ਖੁੱਦ ਹੈ। ਇਸ ਤਰ੍ਹਾਂ ਨਿਗਮ ਐਕਟ ਨੂੰ ਅੱਖੋ-ਪਰੋਖੇ ਕਰਕੇ ਸਥਾਨਕ ਸੰਸਥਾਂਵਾਂ ਵਿੱਚ ਗੈਰ-ਪ੍ਰਾਂਤੀਕਰਨ ਆਸਾਮੀਆਂ ਦੀਆਂ ਨਿਯੁਕਤੀਆਂ ਕਰਨਾ ਰਾਜ ਸਰਕਾਰ ਦਾ ਸਥਾਨਕ ਸੰਸਥਾਂਵਾਂ ਦੀਆਂ ਸ਼ਕਤੀਆਂ ਤੇ ਡਾਕਾ ਮਾਰਨ ਦੇ ਸਮਾਨ ਹੈ। ਕਲੱਰਕ, ਚਪੜਾਸੀ, ਦਰਜ਼ਾ-4 ਕਰਮਚਾਰੀਆਂ ਦੀ ਭਰਤੀ ਕਰਨ ਦਾ ਅਧਿਕਾਰ ਨਗਰ ਨਿਗਮ ਹਾਊਸ ਪਾਸ ਹੈ। ਸਰਕਾਰ ਸਿੱਧੀ ਭਰਤੀ ਕਰਕੇ ਨਗਰ ਨਿਗਮ ਹਾਊਸ ਦੇ ਅਧਿਕਾਰ ਖਤਮ ਕਰਨਾ ਚਾਹੁੰਦੀ ਹੈ। ਇਹ ਲੋਕਤੰਤਰ ਅਤੇ ਚੁਣੇ ਹੋਏ ਨੁਮਾਇੰਦਿਆਂ ਨਾਲ ਸਰਾਸਰ ਧੱਕਾ ਹੈ। ਸਰਕਾਰ ਵੱਲੋਂ ਨਗਰ ਨਿਗਮ ਬਠਿੰਡਾ ਵਿੱਚ ਭੇਜੇ (ਨਵੀਂ ਭਰਤੀ ਕੀਤੇ) ਕਲੱਰਕਾਂ ਨੂੰ ਸਰਕਾਰ ਕਿਸੇ ਹੋਰ ਅਦਾਰੇ ਵਿੱਚ ਭੇਜੇ। ਨਗਰ ਨਿਗਮ ਬਠਿੰਡਾ ਵਿੱਚ ਪਿਛਲੇ ਲੰਬੇ ਸਮੇਂ ਤੋਂ ਕੰਮ ਕਰ ਰਹੇ ਡਾਟਾ-ਐਂਟਰੀ ਆਪਰੇਟਰਾਂ ਵਿੱਚੋਂ ਹੀ ਜਿੰਨ੍ਹਾਂ ਨੂੰ ਘੱਟੋ-ਘੱਟ 05 ਸਾਲ ਹੋ ਚੁੱਕੇ ਹਨ, ਉਨ੍ਹਾਂ ਦਾ ਕੋਈ ਵੀ ਟਾਇਪ ਟੈਸਟ ਲੈਣ ਉਪਰੰਤ ਭਰਤੀ ਕੀਤੀ ਜਾਵੇ।

ਸ਼੍ਰੀ ਹਰਵਿੰਦਰ ਸਿੰਘ, ਕੋਂਸਲਰ ਨੇ ਕਿਹਾ ਕਿ ਦਰਜ਼ਾ 1 ਅਤੇ 2 ਦੀ ਨਿਯੁਕਤੀ ਕਰਨ ਦਾ ਅਧਿਕਾਰੀ ਪੰਜਾਬ ਸਰਕਾਰ ਪਾਸ ਹੈ, ਜਦਕਿ ਦਰਜ਼ਾ 3 ਅਤੇ 4 ਦੀ ਨਿਯੁਕਤੀ ਨਗਰ ਨਿਗਮ ਹਾਊਸ ਵੱਲੋਂ ਹੀ ਕੀਤੀ ਜਾਣੀ ਹੈ। ਰਾਜ ਸਰਕਾਰ ਵੱਲੋਂ ਨਵੀਂ ਭਰਤੀ ਕਰਕੇ ਨਗਰ ਨਿਗਮ ਬਠਿੰਡਾ ਵਿਖੇ ਕਲੱਰਕ ਭੇਜਣਾ ਕੋਂਸਲਰ ਸਾਹਿਬਾਨ ਦੇ ਹੱਕਾਂ ਤੇ ਡਾਕਾ ਮਾਰਨ ਦੇ ਸਮਾਨ ਹੈ। ਉਹਨਾਂ ਹਾਊਸ ਵਿੱਚ ਇੱਕ ਕਵਿਤਾ ਪੜੀ ਕਿ "ਅਸੀ ਸੋਚਿਆ ਸੀ ਇਨਕਲਾਬ ਆਊਗਾ,

ਜਦੋਂ ਸੁਣਿਆ ਤੁਹਾਡੇ ਵਿਚਾਰਾਂ ਨੂੰ, ਹਰਾ ਪੈਨ ਸਾਡੇ ਲਈ ਕਦੋਂ ਚਲੂਗਾ, ਆਉਟਸੋਰਸ ਤੇ ਕੱਚੇ ਕਾਮੇ ਪੁੱਛਦੇ ਸਰਕਾਰਾਂ ਨੂੰ। ਉਹਨਾਂ ਆਉਟਸੋਰਸ ਅਤੇ ਕੱਚੇ ਕਾਮਿਆਂ ਨੂੰ ਪੱਕਾ ਕਰਨ ਦੀ ਬਜਾਏ ਨਵੇਂ ਕਲੱਰਕ ਭਰਤੀ ਕਰਕੇ ਨਗਰ ਨਿਗਮ ਬਠਿੰਡਾ ਵਿਖੇ ਭੇਜਣ ਸਬੰਧੀ ਪੰਜਾਬ ਸਰਕਾਰ ਦੀ ਨਿੰਦਾ ਕੀਤੀ, ਜਿਸਦੀ ਸਮੁੱਚੇ ਹਾਊਸ ਵੱਲੋਂ ਖੜੇ ਹੋ ਕੇ ਤਾਇਦ ਕੀਤੀ ਗਈ। ਹਾਊਸ ਵਿੱਚ ਮੌਜੂਦ ਸਮੂਹ ਮੈਂਬਰ ਸਾਹਿਬਾਨ ਨੇ ਰਾਜ ਸਰਕਾਰ ਵੱਲੋਂ ਨਵੇਂ ਭਰਤੀ ਕੀਤੇ ਕਲੱਰਕ ਨਗਰ ਨਿਗਮ ਬਠਿੰਡਾ ਵਿਖੇ ਭੇਜਣ ਦਾ ਖੜੇ ਹੋ ਕੇ ਵਿਰੋਧ ਕੀਤਾ।

ਸ਼੍ਰੀ ਹਰਮੰਦਰ ਸਿੰਘ, ਡਿਪਟੀ ਮੇਅਰ ਨੇ ਕਿਹਾ ਕਿ ਨਗਰ ਨਿਗਮ ਐਕਟ 1976 ਅਨੁਸਾਰ ਰਾਜ ਸਰਕਾਰ ਪਾਸ ਇਹ ਸ਼ਕਤੀ ਨਹੀਂ ਹੈ ਕਿ ਉਹ ਦਰਜ਼ਾ 3 ਅਤੇ 4 ਕਰਮਚਾਰੀਆਂ ਦੀ ਭਰਤੀ ਕਰਕੇ ਨਗਰ ਨਿਗਮ ਬਠਿੰਡਾ ਵਿਖੇ ਭੇਜੇ। ਜੇਕਰ ਇਸ ਸਬੰਧੀ ਐਕਟ ਵਿੱਚ ਕੋਈ ਅਮੈਂਡਮੈਂਟ ਕੀਤੀ ਗਈ ਹੈ ਤਾਂ ਉਸ ਸਬੰਧੀ ਜਾਣਕਾਰੀ ਦਿੱਤੀ ਜਾਵੇ। ਜੱਦ ਤੱਕ ਨਗਰ ਨਿਗਮ ਦੇ ਕੌਂਸਲਰ ਸਾਹਿਬਾਨ ਦੀ ਤਸੱਲੀ ਨਹੀਂ ਕਰਵਾ ਦਿੱਤੀ ਜਾਂਦੀ, ਤੱਦ ਤੱਕ ਇਹਨਾਂ ਨਵੇਂ ਨਿਯੁਕਤ ਕੀਤੇ ਕਰਮਚਾਰੀਆਂ ਨੂੰ ਤਨਖਾਹ ਦੀ ਅਦਾਇਗੀ ਨਾ ਕੀਤੀ ਜਾਵੇ। ਉਹਨਾਂ ਕਿਹਾ ਕਿ ਇਸ ਨਾਲ ਰਾਜ ਸਰਕਾਰ ਵੱਲੋਂ ਕੌਂਸਲਰ ਸਾਹਿਬਾਨ ਦੇ ਹੱਕਾਂ ਨੂੰ ਖੋਹਿਆ ਜਾ ਰਿਹਾ ਹੈ।

ਸ਼੍ਰੀ ਬਲਜੀਤ ਸਿੰਘ ਸਰਾਂ, ਕੌਂਸਲਰ ਨੇ ਉਕਤ ਅਨੁਸਾਰ ਸ਼ਬਦ ਲਿਖ ਕੇ ਸਰਕਾਰ ਪਾਸ ਭੇਜਣ ਦੀ ਮੰਗ ਕੀਤੀ।

ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਵੱਲੋਂ ਦਸਿਆ ਗਿਆ ਕਿ ਪੰਜਾਬ ਮਿਉਂਸਪਲ ਕਾਰਪੋਰੇਸ਼ਨ ਐਕਟ 1976 ਦੀ ਧਾਰਾ 71(7), ਜਿਸਦਾ ਕਿ ਜਿਕਰ ਕੌਂਸਲਰ ਸਾਹਿਬਾਨ ਵੱਲੋਂ ਕੀਤਾ ਜਾ ਰਿਹਾ ਹੈ, ਹੇਠ ਲਿਖੇ ਅਨੁਸਾਰ ਹੈ:

Sec. 71(7): "In respect of a post other than those falling under sub-section (1) the power to create the same and to make appointment thereto shall vest, in the Commissioner if the maximum of the grade of that post does not exceed five hundred rupees and in the Corporation if it so exceeds:

Provided that no post the maximum of the grade whereof exceeds one thousand rupees shall be created under this sub-section save with the prior approval of the Government".

ਉਕਤ ਅਨੁਸਾਰ ਪੰਜਾਬ ਮਿਉਂਸਪਲ ਕਾਰਪੋਰੇਸ਼ਨ ਐਕਟ 1976 ਦੀ ਧਾਰਾ 71(7) ਸਪਸ਼ਟ ਤੋਰ ਤੇ ਕਹਿੰਦਾ ਹੈ ਕਿ ਆਸਾਮੀਆਂ ਦੀ ਸਿਰਜਣਾ ਦੀ ਸ਼ਕਤੀ ਸਰਕਾਰ ਦੀ ਪੂਰਵ ਪ੍ਰਵਾਨਗੀ ਨਾਲ ਨਗਰ ਨਿਗਮ ਪਾਸ ਹੈ।

ਸਾਲ 2021 ਦੋਰਾਨ ਨਗਰ ਨਿਗਮ ਵਿਖੇ ਕਲੱਰਕਾਂ ਦੀਆਂ 36 ਪੋਸਟਾਂ ਖਾਲੀ ਸਨ ਅਤੇ ਇਹਨਾਂ ਆਸਾਮੀਆਂ ਨੂੰ ਭਰਨ ਲਈ ਸਰਕਾਰ ਪਾਸ ਸੁਚਨਾਂ ਭੇਜੀ ਗਈ ਸੀ। ਇੰਨ੍ਹਾਂ ਆਸਾਮੀਆਂ ਤੇ ਕਿਸੇ ਵੀ ਵਿਅਕਤੀ ਦੀ ਭਰਤੀ ਅਤੇ ਨਿਯੁਕਤੀ ਪੰਜਾਬ ਮਿਉਂਸਪਲ ਕਾਰਪੋਰੇਸ਼ਨ ਐਕਟ 1976 ਦੀ ਧਾਰਾ 71(8) ਅਤੇ 71(9) ਤਹਿਤ ਕੀਤੀ ਜਾਂਦੀ ਹੈ, ਜੋ ਕਿ ਹੇਠ ਲਿਖੇ ਅਨੁਸਾਰ ਹੈ:

Sec. 71(8): "Notwithstanding anything contained in any other law for the time being in force in consultation with the Punjab Public Service Commission shall not be necessary in the case of appointment to any post referred to in this section but appointment to any such post in intitial pay whereof exceeds the prescribed limit shall be made on the recommendation of a selection committee constituted by the Government in that behald and where the appointing authority does not agree with the recommendation of the selection committee the matter shall be referred to the Government for decision.

Sec. 71(9): "In making any appointment to any post referred to in this section, the appointing authority shall follow the instructions issued by the Government from time to time in relation to reservation of appointments or posts for Scheduled Castes, Backward Classes and any other special category of persons".

ਉਕਤ ਪ੍ਰੋਵੀਜ਼ਨਾਂ ਅਨੁਸਾਰ, ਇਸ ਕੇਸ ਵਿੱਚ ਅਪਾਇੰਟਿੰਗ ਅਥਾਰਟੀ ਹਾਊਸ ਹੈ, ਜਿਸ ਵੱਲੋਂ ਸਰਕਾਰ ਦੀਆਂ ਸਿਫਾਰਸ਼ਾਂ ਅਨੁਸਾਰ ਭਰਤੀ ਕੀਤੀ ਜਾਣੀ ਹੁੰਦੀ ਹੈ। ਜੇਕਰ ਹਾਊਸ ਵੱਲੋਂ ਸਰਕਾਰ ਦੀਆਂ ਸਿਫਾਰਸ਼ਾਂ ਦਾ ਸਨਮਾਨ ਨਾ ਕਰਨ ਦਾ ਮਤਾ ਪਾਇਆ, ਤਾਂ ਇਹ ਮਾਮਲਾ ਫੈਸਲੇ ਲਈ ਸਰਕਾਰ ਪਾਸ ਭੇਜਿਆ ਜਾਵੇਗਾ।

ਨਗਰ ਨਿਗਮ ਵਿਖੇ ਕਲੱਰਕਾਂ ਦੀ ਘਾਟ, ਖਾਲੀ ਪਈਆਂ ਪੋਸਟਾਂ ਅਤੇ ਲੋੜ੍ਹ ਨੂੰ ਦੇਖਦੇ ਹੋਏ ਸਰਕਾਰ ਵੱਲੋਂ ਕਮਿਸ਼ਨਰ, ਨਗਰ ਨਿਗਮ ਬਠਿੰਡਾ ਨੂੰ ਨਵੇਂ ਭਰਤੀ ਕੀਤੇ ਕਲੱਰਕਾਂ ਨੂੰ ਨਿਯੁਕਤੀ ਪੱਤਰ ਜਲਦ ਤੋਂ ਜਲਦ ਦੇਣ ਲਈ ਨਿਰਦੇਸ਼ ਜਾਰੀ ਕੀਤੇ ਗਏ। ਸਰਕਾਰ ਦੇ ਅਜਿਹੇ ਨਿਰਦੇਸ਼ਾਂ ਦੀ ਪੰਜਾਬ ਮਿਉਂਸਪਲ ਕਾਰਪੋਰੇਸ਼ਨ ਐਕਟ 1976 ਦੀ ਧਾਰਾ 405 ਦੇ ਉਪਬੰਧਾਂ ਅਨੁਸਾਰ ਜਲਦ ਤੋਂ ਜਲਦ ਪਾਲਣਾਂ ਕੀਤੀ ਜਾਣੀ ਸੀ ਅਤੇ ਅਜਿਹੀ ਕਿਸੇ ਵੀ ਡਿਊਟੀ ਨੂੰ ਪੂਰਾ ਨਾ ਕਰਨ ਤੇ ਸਰਕਾਰ ਦੁਆਰਾ ਪੰਜਾਬ ਮਿਉਂਸਪਲ ਕਾਰਪੋਰੇਸ਼ਨ ਐਕਟ 1976 ਦੀ ਧਾਰਾ 407 ਨੂੰ ਲਾਗੂ ਕੀਤਾ ਜਾ ਸਕਦਾ ਹੈ।

ਇਸ ਕੇਸ ਵਿੱਚ ਹਾਊਸ ਦੀ ਰਾਏ ਅਨੁਸਾਰ ਪੰਜਾਬ ਮਿਉਂਸਪਲ ਕਾਰਪੋਰੇਸ਼ਨ ਐਕਟ 1976 ਦੀ ਧਾਰਾ 71(8) ਦੇ ਉਪਬੰਧਾਂ ਅਨੁਸਾਰ ਅੰਤਿਮ ਫੈਸਲਾ ਲੈਣ ਲਈ ਕੇਸ ਸਰਕਾਰ ਪਾਸ ਭੇਜਿਆ ਜਾ ਸਕਦਾ ਹੈ।

ਇਸਤੇ ਸ੍ਰ: ਹਰਮੰਦਰ ਸਿੰਘ, ਡਿਪਟੀ ਮੇਅਰ ਨੇ ਇਹ ਕਿ ਇਹ ਲੋਕਲ ਸੈਲਫ ਗੋਰਮਿੰਟ ਹੈ। ਇੰਨ੍ਹਾਂ ਨਵੇਂ ਭਰਤੀ ਕੀਤੇ ਕਲੱਰਕਾਂ ਦੀ ਨਿਯੁਕਤ ਕਮਿਸ਼ਨਰ, ਨਗਰ ਨਿਗਮ ਬਠਿੰਡਾ ਵੱਲੋਂ ਕੀਤੀ ਗਈ ਹੈ। ਉਹਨਾਂ ਕਮਿਸ਼ਨਰ,

ਨਗਰ ਨਿਗਮ ਬਠਿੰਡਾ ਜੀ ਨੂੰ ਪੁੱਛਿਆ ਕਿ ਤੁਹਾਡੇ ਕੋਲ ਇੰਨ੍ਹਾਂ ਦੀ ਨਿਯੁਕਤੀ ਕਰਨ ਦੇ ਕੀ ਅਧਿਕਾਰ ਹਨ ਅਤੇ ਇਹ ਅਧਿਕਾਰ ਤੁਹਾਨੂੰ ਕਿਸਨੇ ਦਿੱਤੇ ਹਨ? ਝੇਕਰ ਭਰਤੀ ਕਰਨੀ ਜਰੂਰੀ ਸੀ ਤਾਂ ਕੋਈ ਕਮੇਟੀ constitute ਕਰਕੇ ਆਸਾਮੀਆਂ ਮੰਗ ਲਈਆਂ ਜਾਂਦੀਆਂ। ਉਹਨਾਂ ਪਹਿਲਾਂ ਕਮੇਟੀ constitute ਕਰਨ ਅਤੇ ਇਸ ਉਪਰੰਤ ਭਰਤੀ ਸਬੰਧੀ ਸ਼ਰਤਾਂ ਨਿਰਧਾਰਤ ਕਰਕੇ ਹੀ ਆਸਾਮੀਆਂ ਤੇ ਨਿਯੁਕਤੀ ਕਰਨ ਦੀ ਮੰਗ ਕੀਤੀ। ਇੰਨ੍ਹਾਂ ਕਲੱਰਕਾਂ ਦੀ ਕਮਿਸ਼ਨਰ, ਨਗਰ ਨਿਗਮ ਬਠਿੰਡਾ ਵਲੋਂ ਨਿਯੁਕਤੀ ਕਰਨ ਤੇ ਉਹਨਾਂ ਲਈ ਵੀ problem ਖੜੀ ਹੋ ਸਕਦੀ ਹੈ। ਇਸ ਲਈ ਉਹਨਾਂ ਮੰਗ ਕੀਤੀ ਕਿ ਕਮਿਸ਼ਨਰ, ਨਿਗਮ ਬਠਿੰਡਾ ਵੱਲੋਂ ਇੰਨ੍ਹਾਂ ਨਵੇਂ ਭਰਤੀ ਹੋਏ ਕਲੱਰਕਾਂ ਦੀ ਨਿਯੁਕਤੀ ਕਰਨ ਦਾ ਵਿਰੋਧ ਕੀਤਾ ਜਾਵੇ। ਇਸਤੇ ਹਾਊਸ ਵਿੱਚ ਮੋਜੂਦ ਸਮੂਹ ਕੌਂਸਲਰ ਸਾਹਿਬਾਨ ਵੱਲੋਂ ਖੜੇ ਹੋ ਕੇ ਇੰਨ੍ਹਾਂ 19 ਕਲੱਰਕਾਂ ਦੀ ਨਿਯੁਕਤੀ ਦਾ ਵਿਰੋਧ ਕੀਤਾ ਗਿਆ।ਸ਼੍ਰੀ ਸੰਦੀਪ ਕੁਮਾਰ, ਕੌਂਸਲਰ ਨੇ ਕਿਹਾ ਕਿ ਨਗਰ ਨਿਗਮ ਵਿਖੇ ਇਸ ਸਮੇਂ ਸਿਰਫ ਦੋ ਜੂਨੀਅਰ ਇੰਜੀਨੀਅਰ ਹੀ ਕੰਮ ਕਰ ਰਹੇ ਹਨ। ਉਹਨਾਂ ਦੀ ਨਿਯੁਕਤੀ ਲਈ ਵੀ ਸਰਕਾਰ ਨੂੰ ਲਿਖਿਆ ਜਾਵੇ। ਸ਼੍ਰੀ ਇੰਦਰਜੀਤ ਸਿੰਘ, ਕੌਂਸਲਰ ਨੇ ਕਿਹਾ ਕਿ ਜੇਕਰ ਲਿਸਟ ਭੇਜੀ ਗਈ ਸੀ ਤਾਂ ਉਸਦੀ ਜਾਣਕਾਰੀ ਹਾਊਸ ਨੂੰ ਤਾਂ ਦਿੱਤੀ ਜਾਣੀ ਚਾਹੀਦੀ ਸੀ। ਸ਼੍ਰੀ ਹਰਪਾਲ ਸਿੰਘ ਢਿੱਲੋਂ, ਕੌਂਸਲਰ ਨੇ ਕਿਹਾ ਕਿ ਹਾਊਸ ਦੀ ਮਰਿਆਦਾ ਕਾਇਮ ਰੱਖੀ ਜਾਵੇ ਅਤੇ ਹਾਊਸ ਦੀ ਸ਼ਕਤੀਆਂ ਨੂੰ ਨਾ ਖੋਹਿਆ ਜਾਵੇ। ਸ਼੍ਰੀ ਹਰਵਿੰਦਰ ਸਿੰਘ, ਕੌਂਸਲਰ ਨੇ ਕਿਹਾ ਕਿ ਲੋਕਾਂ ਨੇ ਸਾਨੂੰ ਆਪਣੇ ਹਿੱਤਾਂ ਦੀ ਰੱਖਿਆ ਖਾਤਰ ਚੁੱਣ ਕੇ ਭੇਜਿਆ ਗਿਆ ਹੈ। ਅਸੀ ਪੰਜਾਬ ਸਰਕਾਰ ਦੇ ਇੰਨ੍ਹਾਂ ਕਲੱਰਕਾਂ ਦੀ ਭਰਤੀ ਕਰਨ ਦੀ ਭਰਪੂਰ ਨਿੰਦਾ ਕਰਦੇ ਹਾਂ। ਸ੍ਰ: ਹਰਮੰਦਰ ਸਿੰਘ, ਡਿਪਟੀ ਮੇਅਰ ਨੇ ਕਿਹਾ ਕਿ ਇੰਨ੍ਹਾਂ ਨਿਯੁਕਤੀਆਂ ਸਬੰਧੀ ਨਗਰ ਨਿਗਮ ਐਕਟ 1976 ਦੀ 100% violation ਕੀਤੀ ਗਈ ਹੈ।ਸ਼੍ਰੀ ਅਸ਼ੋਕ ਕੁਮਾਰ, ਸੀਨੀਅਰ ਡਿਪਟੀ ਮੇਅਰ ਨੇ ਕਿਹਾ ਕਿ ਜੇਕਰ ਪਹਿਲਾਂ ਕੋਈ ਗਲਤ ਭਰਤੀ ਕੀਤੀ ਵੀ ਗਈ ਹੈ ਤਾਂ ਇਸ ਵਾਰ ਗਲਤ ਭਰਤੀ ਨਹੀਂ ਹੋਣ ਦਿੱਤੀ ਜਾਵੇਗੀ। ਸ਼੍ਰੀ ਬਲਜੀਤ ਸਿੰਘ ਸਰਾਂ, ਕੌਂਸਲਰ ਨੇ ਦਸਿਆ ਕਿ ਇਸ ਹਾਊਸ ਵਿੱਚ ਇਸ ਸਮੇਂ ਕੁੱਝ ਸਹਾਇਕ ਨਿਗਮ ਇੰਜੀਨੀਅਰ, ਨਿਗਮ ਇੰਜੀਨੀਅਰ ਅਤੇ ਹੋਰ ਕਈ ਅਧਿਕਾਰੀ ਬੈਠੇ ਹਨ, ਜੋ ਕਿ ਪਹਿਲਾਂ ਇਸੇ ਹੀ ਨਗਰ ਕੌਂਸਲ ਵਿੱਚ ਗੈਰ-ਪ੍ਰਾਂਤੀਕਰਨ ਆਸਾਮੀ ਤੇ ਕੰਮ ਕਰਦੇ ਸਨ।

| | |
|---|---|
| **ਮਤਾ ਨੰਬਰ 211:** | **ਰੱਦ ਕੀਤਾ ਜਾਂਦਾ ਹੈ।<br>ਹਾਊਸ ਸਰਕਾਰ ਦੀਆਂ ਸਿਫਾਰਸ਼ਾਂ ਨਾਲ ਸਹਿਮਤ ਨਹੀਂ ਹੈ ਅਤੇ ਪੰਜਾਬ ਮਿਊਂਸਪਲ ਕਾਰਪੋਰੇਸ਼ਨ ਐਕਟ 1976 ਦੀ ਧਾਰਾ 71(8) ਦੇ ਉਪਬੰਧਾਂ ਅਨੁਸਾਰ ਹਾਊਸ ਦੀਆਂ ਟਿੱਪਣੀਆਂ ਨੂੰ ਫੈਸਲੇ ਲਈ ਸਰਕਾਰ ਪਾਸ ਭੇਜਿਆ ਜਾਂਦਾ ਹੈ।** |

**ਏਜੰਡਾ ਨੰਬਰ 15:**

ਰਿਪੋਰਟ ਬਿਲਡਿੰਗ ਸ਼ਾਖਾ ਕਿ ਟੀ.ਪੀ ਸਕੀਮ ਨੰਬਰ 2 ਪਾਰਟ 3 ਵਿਖੇ 80 ਫੁੱਟ ਚੌੜੀ ਸੜਕ ਲਈ ਜਗ੍ਹਾ ਐਕਵਾਈਰ ਕਰਨ ਲਈ ਰੇਟ ਫਿਕਸ ਕਰਨ ਬਾਰੇ ਰਿਪੋਰਟ ਕੀਤੀ ਜਾਂਦੀ ਹੈ ਸ਼੍ਰੀ ਬਘੇਲ ਸਿੰਘ ਪੁੱਤਰ ਸ਼੍ਰੀ ਸੁਰਿੰਦਰ ਸਿੰਘ, ਸ਼੍ਰੀ ਜਗਵਿੰਦਰ ਸਿੰਘ ਪੁੱਤਰ ਸ਼੍ਰੀ ਗੁਰਦੇਵ ਸਿੰਘ, ਕੁਲਦੀਪ ਕੌਰ ਪੁੱਤਰੀ ਸ਼੍ਰੀ ਜਗਜੀਤ ਸਿੰਘ, ਪੁਸ਼ਪਾ ਰਾਣੀ ਪੁੱਤਰੀ ਸ਼੍ਰੀ ਬਾਬੂ ਰਾਮ, ਮਧੂ ਬਾਲਾ ਪੁੱਤਰੀ ਸ਼੍ਰੀ ਗੋਰਾ ਲਾਲ ਵੱਲੋਂ 80 ਫੁੱਟ ਚੌੜੀ ਸੜਕ ਵਿੱਚ ਆਏ ਰਕਬਾ 400 ਵਰਗ ਗਜ ਦੀ ਕੀਮਤ ਪ੍ਰਾਪਤ ਕਰਨ ਵਾਸਤੇ ਬੇਨਤੀ ਪੱਤਰ ਦਿੱਤਾ ਗਿਆ ਸੀ, ਕਿਉ ਜੋ ਕਿਸੇ ਵੀ ਸਰਕਾਰੀ ਜਾ ਪ੍ਰਾਈਵੇਟ ਜਗ੍ਹਾ ਦੇ ਮੁੱਲ ਸਬੰਧੀ ਫੈਸਲਾ ਸਰਕਾਰ ਵੱਲੋਂ ਨਿਰਧਾਰਤ ਪ੍ਰਾਈਜ ਫਿਕਸੇਸਨ ਕਮੇਟੀ ਵੱਲੋਂ ਲਿਆ ਜਾਣਾ ਹੈ ਇਸ ਲਈ ਮਿਤੀ 02.03.2023 ਨੂੰ ਪ੍ਰਾਈਜ ਫਿਕਸੇਸਨ ਕਮੇਟੀ ਵੱਲੋਂ ਲਏ ਫੈਸਲੇ "ਕਾਰਵਾਈ ਮੀਟਿੰਗ ਬਾਬਤ ਟੀ.ਪੀ ਸਕੀਮ ਨੰਬਰ 2 ਪਾਰਟ 3 ਵਿਖੇ 80 ਫੁੱਟ ਚੋੜੀ ਸੜਕ ਲਈ ਜਗ੍ਹਾ ਐਕੁਆਇਰ ਕਰਨ ਲਈ ਰੇਟ ਫਿਕਸ ਕਰਨ ਬਾਰੇ ਜੋ ਕਿ ਮਾਨਯੋਗ ਸ਼੍ਰੀ ਸ਼ੌਕਤ ਅਹਿਮਦ ਪਰ੍ਹੈ, ਆਈ.ਏ.ਐਸ ਡਿਪਟੀ ਕਮਿਸ਼ਨਰ, ਬਠਿੰਡਾ ਜੀ ਦੀ ਪ੍ਰਧਾਨਗੀ ਹੇਠ ਮਿਤੀ 02.03.2023 ਸਮਾਂ ਸਵੇਰੇ 09:30 ਵਜੇ ਹੋਈ।

ਮੀਟਿੰਗ ਵਿੱਚ ਹੇਠ ਲਿਖੇ ਅਧਿਕਾਰੀਆਂ ਨੇ ਭਾਗ ਲਿਆ:-

1. ਸ਼੍ਰੀਮਤੀ ਪਲਵੀ, ਆਈ.ਏ.ਐਸ, ਵਧੀਕ ਡਿਪਟੀ ਕਮਿਸ਼ਨਰ (ਜ) ਬਠਿੰਡਾ।
2. ਸ਼੍ਰੀ ਰਾਹੁਲ, ਆਈ.ਏ.ਐਸ, ਕਮਿਸ਼ਨਰ ਨਗਰ ਨਿਗਮ, ਬਠਿੰਡਾ
3. ਸ਼੍ਰੀ ਬਲਕਰਨ ਸਿੰਘ, ਜਿਲ੍ਹਾ ਮਾਲ ਅਫਸਰ, ਬਠਿੰਡਾ।
4. ਸ਼੍ਰੀ ਵਰਿੰਦਰ ਸਿੰਘ, ਪੀ.ਸੀ.ਐਸ, ਉਪ ਮੰਡਲ ਮੈਜਿਸਟਰੇਟ, ਬਠਿੰਡਾ
5. ਸ਼੍ਰੀ ਬਲਜਿੰਦਰ ਸਿੰਘ, ਜਿਲ੍ਹਾ ਨਗਰ ਯੋਜਨਾਕਾਰ, ਬਠਿੰਡਾ।
6. ਸ਼੍ਰੀ ਬੇਅੰਤ ਸਿੰਘ ਤਹਿਸੀਲਦਾਰ, ਬਠਿੰਡਾ।

ਡੀ.ਆਰ.ਏ ਵੱਲੋਂ ਦੱਸਿਆ ਗਿਆ ਕਿ ਵਿਸ਼ਾ ਸਬੰਧੀ ਕਮਿਸ਼ਨਰ, ਨਗਰ ਨਿਗਮ, ਬਠਿੰਡਾ ਵੱਲੋਂ ਪੱਤਰ ਨੰਬਰ 214/ਐਮ.ਟੀ.ਪੀ ਮਿਤੀ 21.06.2021 ਰਾਹੀਂ ਲਿਖਿਆ ਗਿਆ ਸੀ ਕਿ ਵਿਸ਼ੇ ਅਧੀਨ ਜਗ੍ਹਾ ਨਗਰ ਨਿਗਮ ਦੀ ਟੀ.ਪੀ.ਸਕੀਮ 2 ਪਾਰਟ 3 ਵਿੱਚ ਭੱਟੀ ਰੋਡ ਅਤੇ 80 ਫੁੱਟ ਸੜਕ ਬਠਿੰਡਾ ਦੇ ਜੰਕਸ਼ਨ ਤੇ ਲੱਗਦੀ ਹੈ। ਇਸ ਜਗ੍ਹਾ ਦਾ ਰਕਬਾ 400 ਮੁਰੱਬਾ ਗਜ (60×60) ਹੈ ਅਤੇ ਇਹ ਖਸਰਾ ਨੰਬਰ 2044 ਮਿਨ, ਪੱਤੀ ਮੈਹਣਾ ਵਿਖੇ ਪੈਂਦੀ ਹੈ। ਸਥਾਨਕ ਸਰਕਾਰ ਮਾਲ ਪੁਨਵਾਸ ਅਤੇ ਡਿਜਾਸਟਰ ਮੈਨੇਜਮੈਂਟ ਵਿਭਾਗ (ਭੋਂ ਮਾਲੀਆ ਸ਼ਾਖਾ) ਦੇ ਨੋਟੀਫਿਕੇਸ਼ਨ ਨੰਬਰ 24/109/2015-ਭਮ-1/9877 ਮਿਤੀ 18.05.2016 ਦੇ ਪੈਰ੍ਹਾ ਨੰਬਰ 1 ਤਹਿਤ ਇਸ ਜਗ੍ਹਾ ਨੂੰ ਆਪਸੀ ਸਹਿਮਤੀ ਰਾਹੀਂ ਐਕੁਆਇਰ ਕਰਨ ਦੀ ਸਿਧਾਂਤਕ ਤੌਰ ਤੇ ਪ੍ਰੋਸੈਸ ਸੁਰੂ ਕਰਨ ਦੀ ਪ੍ਰਵਾਨਗੀ ਦਿੱਤੀ ਹੈ। ਇਸ ਦੇ ਸਬੰਧ ਵਿੱਚ

ਨਿਗਮ ਦਫਤਰ ਨੂੰ ਲਿਖਿਆ ਗਿਆ ਹੈ ਕਿ ਦਫਤਰ ਡਿਪਟੀ ਕਮਿਸ਼ਨਰ ਬਠਿੰਡਾ ਨਾਲ ਰਾਬਤਾ ਕਾਇਮ ਕਰਕ ਉਨ੍ਹਾਂ ਲੋੜੀਂਦੇ ਦਸਤਵੇਜ ਮੁਹੱਈਆ ਕਰਵਾਉਂਦੇ ਹੋਏ ਹੋਏ ਅਗਲੇਰੀ ਲੋੜੀਂਦੀ ਕਾਰਵਾਈ ਆਰੰਭੀ ਜਾਵੇ। ਇਸ ਸਬੰਧੀ ਉਨ੍ਹਾਂ ਵੱਲੋਂ ਜਮੀਨ ਮਾਲਕੀ ਦੇ ਕਾਗਜਾਤ, ਜਮ੍ਹਾਂਬੰਦੀ, ਅਕਸ ਸੱਜਰਾ, ਸਹਿਮਤੀ ਪੱਤਰ ਅਤੇ ਸਾਈਟ ਪਲੈਨ ਦੀਆਂ ਕਾਪੀਆਂ ਭੇਜ਼ ਕੇ ਲਿਖਿਆ ਗਿਆ ਸੀ ਕਿ ਮਿਤੀ 18.05.2016 ਦੀਆਂ ਸਰਕਾਰੀ ਹਦਾਇਤਾਂ ਅਨੁਸਾਰ ਇਹ ਜਗ੍ਹਾ ਐਕੁਆਇਰ ਕਰਨ ਵਾਸਤੇ ਰੇਟ ਫਿਕਸ ਕੀਤੇ ਜਾਣ। ਉਕਤ ਸਬੰਧੀ ਬਘੇਲ ਸਿੰਘ ਪੁੱਤਰ ਸੁਰਿੰਦਰ ਸਿੰਘ, ਜਗਵਿੰਦਰ ਸਿੰਘ ਪੁੱਤਰ ਗੁਰਦੇਵ ਸਿੰਘ, ਕੁਲਦੀਪ ਕੌਰ ਪੁੱਤਰੀ ਜਗਜੀਤ ਸਿੰਘ, ਪੁਸ਼ਪਾ ਰਾਣੀ ਪੁੱਤਰੀ ਬਾਬੂ ਰਾਮ, ਮਧੂ ਬਾਲਾ ਪੁੱਤਰੀ ਗੋਰਾ ਲਾਲ ਦੇ ਸਹਿਮਤੀ ਪੱਤਰ ਭੇਜੇ ਗਏ ਸਨ।

ਇਸ ਸਬੰਧੀ ਪੱਤਰ ਨੰਬਰ 605-614/ਜਮਲ/ਐਲ.ਏ.ਸੀ ਮਿਤੀ 27.07.2021 ਰਾਹੀਂ ਵੱਖ-ਵੱਖ ਸਬੰਧਤ ਵਿਭਾਗਾਂ ਵੱਲੋਂ ਐਨ.ਓ.ਸੀ. ਪ੍ਰਾਪਤ ਕਰ ਲਏ ਗਏ ਸਨ।

ਉਪਰੋਕਤ ਸਬੰਧੀ ਉਪ ਮੰਡਲ ਮੈਜਿਸਟਰੇਟ, ਬਠਿੰਡਾ ਤੋਂ ਪੱਤਰ ਨੰਬਰ 479/ਜਮਲ/ਐਲ.ਏ.ਸੀ ਮਿਤੀ 23.02.2023 ਰਾਹੀਂ ਉਪ ਮੰਡਲ, ਮੈਜਿਸਟਰੇਟ, ਬਠਿੰਡਾ ਨੂੰ ਵਿਸ਼ਾ ਸਬੰਧੀ ਤਾਜ਼ਾ ਕੁਲੈਕਟਰ/ਛਾਟ/ਮਾਰਕਿਟ ਰੇਟ ਭੇਜਣ ਲਈ ਲਿਖਿਆ ਗਿਆ ਸੀ। ਜਿਸ ਸਬੰਧੀ ਉਪ ਮੰਡਲ ਮੈਜਿਸਟਰੇਟ, ਬਠਿੰਡਾ ਤੋਂ ਪੱਤਰ ਨੰਬਰ 630/ਐਲ.ਏ.ਸੀ ਮਿਤੀ 01.03.2023 ਰਾਹੀਂ ਹੇਠ ਅਨੁਸਾਰ ਰਿਪੋਰਟ ਪ੍ਰਾਪਤ ਹੋਈ ਹੈ।

| ਸ਼ਹਿਰ/ਪਿੰਡ ਦਾ ਨਾਮ | ਕਿਸਮ ਆਰਜੀ | ਕੁਲੈਕਟਰ ਰੇਟ | ਛਾਟ ਰੇਟ |
|---|---|---|---|
| ਟੀ.ਪੀ.ਸਕੀਮ ਬਠਿੰਡਾ | ਰਿਹਾਇਸ਼ੀ | 12000/- | 12489/- |
| | ਕਮਰਸ਼ੀਅਲ | 30000/- | 21000/- |

ਉਕਤ ਸਬੰਧੀ ਹਾਜ਼ਰਾਨ ਮੈਬਰਾਂ ਵੱਲੋਂ ਵਿਚਾਰ ਵਟਾਂਦਰਾ ਕੀਤਾ ਗਿਆ ਕਿ ਵਿਸ਼ਾ ਅਧੀਨ ਜਗ੍ਹਾ ਦੋਨੋਂ ਕਮਰਸ਼ੀਅਲ ਸਾਈਟਾਂ, ਭੱਟੀ ਰੋਡ ਅਤੇ 80 ਫੁੱਟ ਸੜਕ ਬਠਿੰਡਾ ਦੇ ਜੰਕਸ਼ਨ ਤੇ ਲੱਗਦੀ ਹੋਣ ਕਾਰਨ ਇਸ ਜਗ੍ਹਾ ਦੇ ਕਮਰਸ਼ੀਅਲ ਰੇਟ ਫਿਕਸ ਕੀਤ ਜਾਣਾ ਯੋਗ ਹੈ। ਇਸ ਸਬੰਧੀ ਉਪ ਮੰਡਲ ਮੈਜਿਸਟਰੇਟ, ਬਠਿੰਡਾ ਵੱਲੋਂ ਪੇਸ਼ ਕੀਤੇ ਗਏ ਕੁਲੈਕਟਰ ਰੇਟ 30000/- ਰੁਪਏ ਪ੍ਰਤੀ ਵਰਗ ਗਜ ਨੂੰ ਆਧਾਰ ਮੰਨ ਕੇ ਇਸ ਜਗ੍ਹਾ ਨੂੰ ਮਾਲ, ਪੁਨਰਵਾਸ ਅਤੇ ਡਿਜਾਸਟਰ ਮੈਨਜਮੈਂਟ ਵਿਭਾਗ (ਭੌਂ ਮਾਲੀਆ ਸ਼ਾਖਾ) ਵੱਲੋਂ ਜਾਰੀ ਅਧਿਸੂਚਨਾਂ ਮਿਤੀ 18.05.2016 ਅਨੁਸਾਰ ਆਮ ਸਹਿਮਤੀ ਨਾਲ ਐਕੁਆਇਰ ਕਰਨ ਲਈ ਇਸ ਜਗ੍ਹਾ ਦਾ ਰੇਟ 30000/- ਰੁਪਏ ਪ੍ਰਤੀ ਵਰਗ ਗਜ ਤਜਵੀਜ ਕੀਤਾ ਜਾਂਦਾ ਹੈ। ਇਸ ਤਜ਼ਵੀਜ਼ਤ ਰੇਟ ਸਬੰਧੀ ਕਮਿਸ਼ਨਰ, ਨਗਰ ਨਿਗਮ ਆਪਣੇ ਮੁੱਖ ਦਫਤਰ ਤੋਂ ਪ੍ਰਵਾਨਗੀ ਲੈਣ ਉਪਰੰਤ ਅਗਲੇਰੀ ਲੋੜੀਂਦੀ ਕਾਰਵਾਈ ਕਰਨਗੇ।"

ਉਪਰੋਕਤ ਕਮੇਟੀ ਦੇ ਲਏ ਫੈਸਲੇ ਨੂੰ ਜਨਰਲ ਹਾਊਸ ਵਿੱਚ ਵਿਚਾਰਿਆ ਜਾਂਣਾ ਹੈ ਇਸ ਲਈ ਇਸ ਮੱਦ ਮਾਨਯੋਗ ਕਮਿਸ਼ਨਰ ਨਗਰ ਨਿਗਮ, ਬਠਿੰਡਾ ਜੀ ਦੀ ਪ੍ਰਸ਼ਾਸ਼ਕੀ ਪ੍ਰਵਾਨਗੀ ਪ੍ਰਾਪਤ ਕਰਨ ਉਪਰੰਤ ਜਨਰਲ ਹਾਉਸ ਵਿੱਚ ਫੈਸਲਾ ਲੈਣ ਲਈ ਹੁਕਮਾਂ ਹਿੱਤ ਪੇਸ਼ ਹੈ ਜੀ।

ਉਕਤ ਸਬੰਧੀ ਸ੍ਰ: ਹਰਮੰਦਰ ਸਿੰਘ, ਡਿਪਟੀ ਮੇਅਰ, ਸ਼੍ਰੀ ਸੁਖਰਾਜ ਸਿੰਘ ਔਲਖ, ਕੌਂਸਲਰ ਸਾਹਿਬ ਨੇ ਕਿਹਾ ਕਿ ਉਕਤ ਮੱਦ ਨੂੰ ਅੱਜ ਸਿੱਧੇ ਹੀ ਹਾਊਸ ਵਿੱਚ ਪੇਸ਼ ਕੀਤਾ ਗਿਆ ਹੈ। ਇਸ ਸਬੰਧੀ ਕੋਈ ਵੀ ਗੱਲਬਾਤ ਪਹਿਲਾਂ ਸਾਂਝੀ ਨਹੀਂ ਕੀਤੀ ਗਈ। ਇਸ ਲਈ ਇਸ ਮੱਦ ਨੂੰ ਅੱਜ ਦੀ ਮੀਟਿੰਗ ਵਿੱਚ ਨਾ ਵਿਚਾਰ ਕੇ ਹਾਊਸ ਦੀ ਅਗਲੀ ਮੀਟਿੰਗ ਵਿੱਚ ਰੈਗੂਲਰ ਏਜੰਡੇ ਦੇ ਤੋਰ ਤੇ ਪੇਸ਼ ਕੀਤੀ ਜਾਵੇ। ਇਸਤੇ ਹਾਊਸ ਵੱਲੋਂ ਮਤਾ ਨੰਬਰ 194 ਮਿਤੀ 20.03.2023 ਰਾਹੀਂ ਪਾਸ ਕੀਤਾ ਸੀ ਕਿ ਕਿਉਂ ਜੋ ਇਹ ਮੱਦ ਹਾਊਸ ਵਿੱਚ ਸਿੱਧੇ ਤੋਰ ਤੇ ਹੀ ਪੇਸ਼ ਕੀਤੀ ਗਈ ਹੈ ਅਤੇ ਕਿਸੇ ਵੀ ਕੌਂਸਲਰ ਸਾਹਿਬਾਨ ਨੂੰ ਇਸ ਬਾਰੇ ਪਤਾ ਨਾ ਹੋਣ ਕਾਰਨ ਇਸ ਸਬੰਧੀ ਰੈਗੂਲਰ ਏਜੰਡਾ ਬਣਾ ਕੇ ਹਾਊਸ ਦੀ ਅਗਲੀ ਮੀਟਿੰਗ ਵਿੱਚ ਪੇਸ਼ ਕੀਤਾ ਜਾਵੇ, ਤਾਂ ਜੋ ਉਸਤੇ ਵਿਚਾਰ ਕੀਤਾ ਜਾ ਸਕੇ। ਇਸਤੋਂ ਇਲਾਵਾ ਅਜਿਹੇ ਹੋਰ ਵੀ ਕੇਸਾਂ ਦੀ ਜਾਂਚ ਕਰ ਲਈ ਜਾਵੇ ਅਤੇ ਰਿਪੋਰਟ ਹਾਊਸ ਦੀ ਅਗਲੀ ਮੀਟਿੰਗ ਵਿੱਚ ਪੇਸ਼ ਕੀਤੀ ਜਾਵੇ।

ਉਕਤ ਦੇ ਮੱਦੇ ਨਜ਼ਰ ਕੇਸ ਹਾਊਸ ਦੇ ਵਿਚਾਰ ਹਿੱਤ।

ਉਕਤ ਮੱਦ ਤੇ ਵਿਚਾਰ ਕਰਦੇ ਸਮੇਂ ਸ਼੍ਰੀ ਸੰਦੀਪ ਕੁਮਾਰ, ਕੌਂਸਲਰ ਨੇ ਪੁੱਛਿਆ ਕਿ ਇਹ ਕੇਸ ਕਦੋਂ ਤੋਂ ਚੱਲ ਰਿਹਾ ਹੈ। ਆਪਾਂ ਇਹ ਕੇਸ ਹਾਊਸ ਵਿੱਚ ਕਿਉਂ ਲੈ ਕੇ ਆਏ ਹਾਂ? ਇਸ ਸਬੰਧੀ ਕੀਤੇ ਗਏ ਕੇਸ ਦਾ ਕੀ ਸਟੇਟਸ ਹੈ?

ਸ੍ਰ: ਹਰਮੰਦਰ ਸਿੰਘ ਡਿਪਟੀ ਮੇਅਰ ਨੇ ਕਿਹਾ ਕਿ ਉਹਨਾਂ ਵੱਲੋਂ ਇਸ ਸਬੰਧੀ ਫਾਇਲ ਦੇਖੀ ਗਈ। ਕੋਈ ਵੀ ਟੀ.ਪੀ. ਸਕੀਮ ਰੈਗੂਲੇਟਰੀ ਸਕੀਮ ਹੁੰਦੀ ਹੈ। ਲੋਕਾਂ ਦੇ ਹੱਕਾਂ ਨੂੰ ਮੁੱਖ ਰੱਖਦੇ ਹੋਏ ਸਕੀਮ ਬਣਾ ਕੇ ਨਿਗਮ ਵੱਲੋਂ ਕਿਸੇ ਵੀ ਵਿਅਕਤੀ ਦੀ 25% ਜਗ੍ਹਾ ਵਾਟਰ ਸਪਲਾਈ, ਸੀਵਰੇਜ਼, ਗਲੀਆਂ, ਨਾਲੀਆਂ ਅਤੇ ਸੜ੍ਹਕਾਂ ਲਈ ਲਿੱਤੀ ਜਾ ਸਕਦੀ ਹੈ। ਉਹਨਾਂ ਦਸਿਆ ਕਿ ਇਸੇ ਤਰ੍ਹਾਂ ਪਹਿਲਾਂ ਵੀ ਟੀ.ਪੀ. ਸਕੀਮਾਂ ਵਿੱਚ ਕੋਈ 5-7 ਵਿਅਕਤੀਆਂ ਨੇ ਨਗਰ ਨਿਗਮ ਦੇ ਖਿਲਾਫ ਕੇਸ ਕੀਤੇ ਸਨ, ਕਿ ਉਹਨਾਂ ਦੀ ਸਾਰੀ ਜਗ੍ਹਾ ਨਿਗਮ ਵੱਲੋਂ ਦੱਬ ਲਈ ਗਈ ਹੈ। ਮਾਨਯੋਗ ਅਦਾਲਤ ਨੇ ਫੈਸਲਾ ਵੀ ਮਾਲਕਾਂ ਦੇ ਹੱਕ ਵਿੱਚ ਕੀਤਾ ਸੀ। ਪਰੰਤੂ ਮੁਆਵਜਾ ਦੇਣ ਸਮੇਂ ਜਦੋਂ ਉਹ ਫਾਇਲ ਹਾਊਸ ਵਿੱਚ ਪੇਸ਼ ਕੀਤੀ ਗਈ ਤਾਂ ਹਾਊਸ ਨੇ ਫੈਸਲਾ ਦਿੱਤਾ ਕਿ ਇਸ ਸਬੰਧੀ ਮੁਆਵਜਾ ਨਾ ਦੇ ਕੇ ਕੇਸ ਉੱਚ ਅਦਾਲਤ ਵਿਖੇ ਅਪੀਲ ਲਈ ਲਗਾਇਆ ਜਾਵੇ। ਪਰੰਤੂ ਦਫਤਰ ਵੱਲੋਂ ਅਪੀਲ ਨਹੀਂ ਕੀਤੀ ਗਈ, ਜਦਕਿ ਇਸਦੀ ਫਾਇਲ ਹੀ ਦਫਤਰ ਵੱਲੋਂ ਗੁੰਮ ਕਰ ਦਿੱਤੀ ਗਈ। ਉਹਨਾਂ ਇਸ ਸਬੰਧੀ ਮਤਾ ਪਾ ਕੇ ਭੇਜਣ ਅਤੇ ਜਿੰਮੇਵਾਰ ਕਰਮਚਾਰੀਆਂ ਖਿਲਾਫ ਬਣਦੀ ਕਾਰਵਾਈ ਕਰਨ ਦੀ ਮੰਗ ਕੀਤੀ। ਉਹਨਾਂ ਕਿਹਾ ਕਿ ਇਸ ਕੇਸ ਵਿੱਚ ਚੁਣੇ ਹੋਏ ਹਾਊਸ ਦੀ ਪ੍ਰਵਾਨਗੀ ਨਹੀਂ ਲਈ ਗਈ ਸੀ। ਦਫਤਰ ਵੱਲੋਂ ਨਾਂ ਤਾਂ ਕੋਈ ਪਟੀਸ਼ਨ ਹੀ ਪਾਈ ਗਈ ਅਤੇ ਨਾ ਹੀ ਕੋਈ ਕੇਸ ਕੀਤਾ ਗਿਆ।

ਉਹਨਾਂ ਕਿਹਾ ਕਿ ਹੁਣ ਇਹ ਕੇਸ ਵੀ ਮੁੜ੍ਹ ਤੋਂ ਹਾਊਸ ਦੀ ਮੀਟਿੰਗ ਵਿੱਚ ਵਿਚਾਰ ਹਿੱਤ ਭੇਜਿਆ ਗਿਆ ਹੈ। ਇਸ ਸਬੰਧੀ ਪਿਛਲੇ ਤਿੰਨ ਹਾਊਸ ਤੋਂ ਨਾਂ ਤਾਂ ਇਸ ਸਬੰਧੀ ਕੋਈ ਫੈਸਲਾ ਕਰਵਾਇਆ ਗਿਆ ਹੈ ਅਤੇ ਨਾਂ ਹੀ ਇਹ ਕੇਸ ਕਦੇ ਕਿਸੇ ਵੀ ਹਾਊਸ ਵੱਲੋਂ ਪਾਸ ਕੀਤਾ ਗਿਆ ਹੈ। ਇਹ ਕੇਸ ਸਿਰਫ ਜਿਲ੍ਹਾ ਪੱਧਰੀ ਕਮੇਟੀ ਪਾਸ ਇਸ ਜਮੀਨ ਦੀ ਕੀਮਤ ਨਿਰਧਾਰਣ ਕਰਨ ਲਈ ਭੇਜਿਆ ਗਿਆ। ਉਹਨਾਂ ਵੱਲੋ ਇਸ ਜਗ੍ਹਾ ਦੇ ਰੇਟ ਫਿਕਸ ਕਰ ਦਿੱਤੇ ਗਏ। ਉਹਨਾਂ ਜਾਣੂ ਕਰਵਾਇਆ ਕਿ ਪਹਿਲਾਂ ਕਿਸੇ ਵੀ ਟੀ.ਪੀ. ਸਕੀਮ ਵਿੱਚ ਜਗ੍ਹਾ ਲੈਣ ਖਾਤਰ ਕਿਸੇ ਵੀ ਮਾਲਕ ਨੂੰ ਨਗਰ ਨਿਗਮ ਵੱਲੋਂ ਕੋਈ ਮੁਆਵਜਾ ਨਹੀਂ ਦਿੱਤਾ ਗਿਆ। ਉਹਨਾਂ ਦਸਿਆ ਕਿ ਉਹ ਵੀ ਉਸ ਟੀ.ਪੀ. ਸਕੀਮ ਦੇ ਇਲਾਕੇ ਵਿੱਚ ਰਹਿੰਦੇ ਹਨ। ਇਸ ਲਈ ਕੋਈ ਵੀ ਮੁਆਵਜਾ ਨਾ ਦਿੱਤਾ ਜਾਵੇ।

ਸ਼੍ਰੀਮਤੀ ਪ੍ਰਵੀਨ ਗਰਗ ਅਤੇ ਸ਼੍ਰੀ ਬਲਜਿੰਦਰ ਸਿੰਘ ਕੋਂਸਲਰਜ਼ ਨੇ ਦਸਿਆ ਕਿ ਇਸ ਜਗ੍ਹਾ ਆਏ ਦਿਨ ਐਕਸੀਡੈਂਟ ਹੁੰਦੇ ਰਹਿੰਦੇ ਹਨ। ਇਸ ਸੜ੍ਹਕ ਦਾ ਬੁਰਾ ਹਾਲ ਹੈ। ਇਸ ਲਈ ਨਗਰ ਨਿਗਮ ਵੱਲੋਂ ਜਮੀਨ ਦਾ ਬਣਦਾ ਮੁਆਵਜਾ ਦੇ ਕੇ ਸੜ੍ਹਕ ਬਣਾ ਦੇਣੀ ਚਾਹੀਦੀ ਹੈ। ਇਸਤੇ ਸ੍ਰ: ਹਰਮੰਦਰ ਸਿੰਘ ਡਿਪਟੀ ਮੇਅਰ ਨੇ ਕਿਹਾ ਕਿ ਜੇਕਰ ਅੱਜ ਇਸ ਜਗ੍ਹਾ ਦਾ ਮੁਆਵਜਾ ਦੇ ਦਿੱਤਾ ਜਾਂਦਾ ਹੈ ਤਾਂ ਇਸ ਨਾਲ ਸਬੰਧਤ ਲੋਕਾਂ ਵਲੋਂ ਅਜਿਹੇ ਹੋਰ ਕਈ ਕੇਸ ਨਗਰ ਨਿਗਮ ਤੇ ਕੀਤੇ ਜਾਣਗੇ, ਜਿਸਦੀ ਭਰਪਾਈ ਨਗਰ ਨਿਗਮ ਵੱਲੋਂ ਕਰਨੀ ਔਖੀ ਹੋ ਜਾਵੇਗੀ।

ਸ਼੍ਰੀ ਜਸਵੀਰ ਸਿੰਘ ਜੱਸਾ, ਸ਼੍ਰੀ ਹਰਪਾਲ ਸਿੰਘ ਢਿਲੋਂ, ਸ਼੍ਰੀ ਬਲਜੀਤ ਸਿੰਘ ਸਰਾਂ, ਸ਼੍ਰੀ ਹਰਵਿੰਦਰ ਸਿੰਘ ਅਤੇ ਸ਼੍ਰੀ ਸੰਦੀਪ ਕੁਮਾਰ, ਕੋਂਸਲਰ ਸਾਹਿਬਾਨ ਨੇ ਕਿਹਾ ਕਿ ਜੇਕਰ ਸਰਕਾਰ ਆਪਣੇ ਪੱਧਰ ਤੇ ਇਸ ਜਗ੍ਹਾ ਦੇ ਪੈਸੇ ਦੇ ਦਿੰਦੀ ਹੈ ਤਾਂ ਹਾਊਸ ਵੱਲੋਂ ਮਤਾ ਪਾਸ ਕਰ ਦਿੱਤਾ ਜਾਵੇ।ਉਹਨਾਂ ਇਹ ਵੀ ਜਾਣੂ ਕਰਵਾਇਆ ਕਿ ਨਗਰ ਨਿਗਮ ਵਿਖੇ ਮਿਉਂਸਪਲ ਫੰਢਜ਼ ਅਤੇ ਸਰਕਾਰੀ ਫੰਡਜ਼ ਅਲਗ-ਅਲਗ ਹੁੰਦੇ ਹਨ। ਇਸ ਲਈ ਇਸ ਜਗ੍ਹਾ ਦੀ ਅਦਾਇਗੀ ਸਰਕਾਰੀ ਫੰਡਾਂ ਵਿੱਚੋਂ ਕੀਤੀ ਜਾਵੇ। ਇਸਤੇ ਸ੍ਰ: ਹਰਮੰਦਰ ਸਿੰਘ, ਡਿਪਟੀ ਮੇਅਰ ਨੇ ਕਿਹਾ ਕਿ ਕਈ ਵਾਰ ਆਪਾਂ ਭਾਵੁਕ ਹੋ ਕੇ ਕੋਈ ਫੈਸਲੇ ਲੈ ਬੈਠਦੇ ਹਾਂ। ਉਹਨਾਂ ਕਿਹਾ ਕਿ ਮੇਰੀ ਵੀ ਸਬੰਧ ਤੁਹਾਡੇ ਸਾਰਿਆਂ ਨਾਲੋਂ ਜਿਆਦਾ ਹਨ। ਪਰੰਤੂ ਇਹ ਟੈਕਨੀਕਲ ਚੱਕਰ ਹੈ। ਉਹਨਾਂ ਦਸਿਆ ਕਿ ਉਹਨਾਂ ਦੇ ਆਪਦੇ ਇਲਾਕੇ ਵਿੱਚ ਕਈ ਪਾਰਕ ਬਣੇ ਹੋਏ ਹਨ। ਪਰੰਤੂ ਕਿਸੇ ਵੀ ਜਗ੍ਹਾ ਦਾ ਮੁਆਵਜਾ ਦੇਣ ਸਬੰਧੀ ਕੋਈ ਵੀ ਫੈਸਲਾ ਮਾਨਯੋਗ ਸੁਪਰੀਮ ਕੋਰਟ ਤੋਂ ਹੀ ਕਰਵਾਇਆ ਗਿਆ ਹੈ। ਇਸ ਉਪਰੰਤ ਹੀ ਨਗਰ ਨਿਗਮ ਵੱਲੋਂ ਕੋਈ ਕਾਰਵਾਈ ਕੀਤੀ ਗਈ ਹੈ। ਉਹਨਾਂ ਉਕਤ ਕੇਸਾਂ ਵਿੱਚ ਸਬੰਧਤ ਕਰਮਚਾਰੀਆਂ ਵੱਲੋਂ ਅਪੀਲ ਦਾਇਰ ਨਾ ਕਰਨ ਅਤੇ ਫਾਇਲ ਦੇ ਗੁੰਮ ਹੋਣ ਸਬੰਧੀ ਸਬੰਧਤ ਕਰਮਚਾਰੀਆਂ ਖਿਲਾਫ ਕਾਰਵਾਈ ਕਰਨ ਦੀ ਮੰਗ ਕੀਤੀ। ਉਹਨਾਂ ਇਹ ਵੀ ਦਸਿਆ ਕਿ Time condone ਕਰਵਾ ਕੇ ਅਪੀਲ ਕੀਤੀ ਜਾ ਸਕਦੀ ਹੈ, ਜਿਵੇਂ ਕਿ ਅਜੀਤ ਰੋਡ, ਗਲੀ ਨੰਬਰ 3 ਦੇ ਕੇਸ ਵਿੱਚ ਕੀਤੀ ਗਈ ਸੀ। ਇਸ ਲਈ ਇਸ ਕੇਸ ਵਿੱਚ ਵੀ ਪਟੀਸ਼ਨ ਪਾਈ ਜਾ ਸਕਦੀ ਹੈ।

ਸੁਪਰਡੈਂਟ, ਨਗਰ ਨਿਗਮ ਨੇ ਦਸਿਆ ਕਿ ਜਗ੍ਹਾ ਦੀ Acquisition ਸਬੰਧੀ ਨੋਟੀਫਿਕੇਸ਼ਨ ਹੋ ਚੁੱਕਾ ਹੈ, ਕਿਉਂ ਜੋ ਇਸ ਪਾਰਟੀ ਦੀ ਸਾਰੀ ਦੀ ਸਾਰੀ ਜਮੀਨ ਸੜ੍ਹਕ ਵਿੱਚ ਆ ਗਈ ਹੈ। ਇਸਤੇ ਸ੍ਰ: ਹਰਮੰਦਰ ਸਿੰਘ, ਡਿਪਟੀ ਮੇਅਰ ਨੇ ਪੁੱਛਿਆ ਕਿ ਇਸ ਪਾਰਟੀ ਵੱਲੋਂ ਇਸ ਜਗ੍ਹਾ ਦੀ ਖਰੀਦ ਕਦੋਂ ਕੀਤੀ ਗਈ ਸੀ? ਇਹ ਮਸਲਾ ਕਰੋੜਾਂ ਅਰਬਾਂ ਰੁਪਏ ਦਾ ਹੈ। ਇਸ ਜਗ੍ਹਾ ਤੇ ਅਣਬਿਲਟ ਏਰੀਆ ਡਿਕਲੇਅਰ ਹੋਣ ਸਮੇਂ ਇਸ ਜਗ੍ਹਾ ਦਾ ਮਾਲਕ ਕੋਣ ਸੀ ਅਤੇ ਹੁਣ ਇਸ ਜਗ੍ਹਾ ਦਾ ਮੋਜੂਦਾ ਮਾਲਕ ਕੋਣ ਹੈ? ਇਸ ਬਾਰੇ ਵਿਸਥਾਰ ਵਿੱਚ ਜਾਣਕਾਰੀ ਦਿੱਤੀ ਜਾਵੇ। ਉਹਨਾਂ ਕਿਹਾ ਕਿ ਇਹ ਮਸਲਾ ਸਿਰਫ ਇਸ 400 ਗੱਜ਼ ਜਗ੍ਹਾ ਦਾ ਨਹੀਂ ਹੈ। ਪਰਸ ਰਾਮ ਨਗਰ, ਅਜੀਤ ਰੋਡ, ਬੀਬੀ ਵਾਲਾ ਰੋਡ ਅਤੇ ਹੋਰ ਕਈ ਇਲਾਕਿਆਂ ਵਿੱਚ ਅਜਿਹੀ ਜਮੀਨ ਹੈ। ਪਰੰਤੂ ਨਗਰ ਨਿਗਮ ਵੱਲੋਂ ਕਿਸੇ ਵੀ ਇਹੋ ਜਿਹੀ ਜਮੀਨ ਦਾ ਮੁਆਵਜਾ ਨਹੀਂ ਦਿੱਤਾ ਗਿਆ। ਜੇਕਰ ਇਹ ਮੱਦ ਪਾਸ ਕਰ ਦਿੱਤੀ ਜਾਂਦੀ ਹੈ ਤਾਂ ਇਸ ਮੱਦ ਦੀ ਆੜ ਵਿੱਚ ਹੋਰ ਕਈ ਵਿਅਕਤੀ ਕਲੇਮ ਕਰਨਗੇ। ਸਰਕਾਰ ਕੋਲ ਸਾਰੀਆਂ ਸ਼ਕਤੀਆਂ ਹਨ।

ਸ਼੍ਰੀਮਤੀ ਪ੍ਰਵੀਨ ਗਰਗ ਅਤੇ ਸ਼੍ਰੀ ਬਲਜਿੰਦਰ ਸਿੰਘ ਕੋਂਸਲਰ ਨੇ ਕਿਹਾ ਕਿ ਨਗਰ ਨਿਗਮ ਚਾਹੇ ਅਦਾਇਗੀ ਕਰੇ ਜਾਂ ਨਾਂ ਕਰੇ, ਪਰੰਤੂ ਇਸ ਜਗ੍ਹਾ ਐਕਸੀਡੈਂਟ ਹੋਣ ਤੋਂ ਬਚਾਇਆ ਜਾਵੇ, ਕਿਉਂ ਜੋ ਇਹ ਜਗ੍ਹਾ ਬਿਲਕੁੱਲ ਸੜ੍ਹਕ ਦੇ ਵਿਚਕਾਰ ਹੈ। ਸ਼੍ਰੀ ਉਮੇਸ਼ ਗਰਗ, ਕੋਂਸਲਰ ਨੇ ਕਿਹਾ ਕਿ ਜੋ ਵੀ ਕੋਂਸਲਰ ਸਾਹਿਬਾਨ ਇਸ ਅਦਾਇਗੀ ਨੂੰ ਰੋਕ ਰਹੇ ਹਨ, ਉਹਨਾਂ ਦੀ ਇਸ ਜਗ੍ਹਾ ਐਕਸੀਡੈਂਟ ਹੋਣ ਦੀ ਸੂਰਤ ਵਿੱਚ ਨਿੱਜੀ ਜਿੰਮੇਵਾਰੀ ਫਿਕਸ ਕੀਤੀ ਜਾਵੇ। ਇਸਤੇ ਹਦਾਇਤ ਕੀਤੀ ਗਈ ਕਿ ਇਸ ਜਗ੍ਹਾ ਟ੍ਰੈਫਿਕ ਪੁਲਿਸ ਦੇ ਕਰਮਚਾਰੀਆਂ ਦੀ ਪੱਕੀ ਡਿਊਟੀ ਲਗਵਾਉਣ ਖਾਤਰ ਸੀਨੀਅਰ ਕਪਤਾਨ ਪੁਲਿਸ, ਬਠਿੰਡਾ ਜੀ ਨੂੰ ਲਿਖਿਆ ਜਾਵੇ।

ਸ੍ਰ: ਹਰਮੰਦਰ ਸਿੰਘ, ਡਿਪਟੀ ਮੇਅਰ ਨੇ ਕਿਹਾ ਕਿ ਦਫਤਰ ਵੱਲੋਂ ਆਪਣੀ ਉਕਤ ਰਿਪੋਰਟ ਬਨਾਉਣ ਸਮੇਂ ਕਿਸੇ ਵੀ ਕੋਂਸਲਰ ਨੂੰ ਸ਼ਾਮਲ ਨਹੀਂ ਕੀਤਾ ਗਿਆ। ਉਹਨਾਂ ਦਸਿਆ ਕਿ ਅਜੀਤ ਰੋਡ, ਬੀਬੀ ਵਾਲਾ ਰੋਡ ਤੇ ਹੀ ਘੱਟੋ-ਘੱਟ ਅਜਿਹੇ 6 ਕੇਸ ਹਨ, ਜਿੰਨ੍ਹਾਂ ਦਾ ਨਗਰ ਨਿਗਮ ਵੱਲੋਂ ਕੋਈ ਮੁਆਵਜਾ ਨਹੀਂ ਦਿੱਤਾ ਗਿਆ। ਅਸੀ ਇਸ ਜਗ੍ਹਾ ਤੇ ਵੀ 40 ਫੁੱਟ, 80 ਫੁੱਟ ਜਾਂ 100 ਫੁੱਟ ਸੜ੍ਹਕ ਬਣਾ ਸਕਦੇ ਹਾਂ। ਪਰੰਤੂ ਦਫਤਰ ਵੱਲੋਂ ਆਪਣੇ ਪੱਧਰ ਤੇ ਹਰ ਫੈਸਲੇ ਲਏ ਜਾ ਰਹੇ ਹਨ। ਉਹਨਾਂ ਦਸਿਆ ਕਿ ਹਾਊਸ ਪਾਸ ਵਿੱਤੀ, ਸ਼ਹਿਰ ਦੀਆਂ ਪ੍ਰਾਪਰਟੀਆਂ ਸਬੰਧੀ ਫੈਸਲਾ ਲੈਣਾ ਅਤੇ ਦਰਜ਼ਾ ਤਿੰਨ ਅਤੇ ਚਾਰ ਕਰਮਚਾਰੀਆਂ ਦੀਆਂ ਨਿਯੁਕਤੀਆਂ ਆਦਿ ਕਰਨ ਦੀਆਂ ਹੀ ਤਾਂ ਸ਼ਕਤੀਆਂ ਹੁੰਦੀਆਂ ਹਨ, ਜਿੰਨ੍ਹਾਂ ਨੂੰ ਵੀ ਦਫਤਰ ਵੱਲੋਂ ਆਪਣੇ ਹੱਥ ਵਿੱਚ ਲੈ ਲਿਆ ਜਾਂਦਾ ਹੈ। ਉਹਨਾਂ ਕਿਹਾ ਕਿ ਇਸ ਨਾਲ ਕਿਸੇ ਵੀ ਅਧਿਕਾਰੀ/ ਕਰਮਚਾਰੀ ਨੂੰ ਪਰੇਸ਼ਾਨੀ ਆ ਸਕਦੀ ਹੈ।

| | |
|---|---|
| ਮਤਾ ਨੰਬਰ 212: | **ਇਸ ਮੱਦ ਨੂੰ ਪੈਡਿੰਗ ਰੱਖਿਆ ਜਾਂਦਾ ਹੈ। ਜੱਦ ਤੱਕ ਇਸ ਜਗ੍ਹਾ ਸਬੰਧੀ ਕੋਈ ਫੈਸਲਾ ਨਹੀਂ ਹੋ ਜਾਂਦਾ, ਤੱਦ ਤੱਕ ਲੋੜੀਂਦੇ ਪੁਲਿਸ ਕਰਮਚਾਰੀਆਂ ਦੀ ਡਿਊਟੀ ਲਗਾਉਣ ਸਬੰਧੀ ਸੀਨੀਅਰ ਕਪਤਾਨ ਪੁਲਿਲ, ਬਠਿੰਡਾ ਜੀ ਨੂੰ ਲਿਖਿਆ ਜਾਵੇ ਤਾਂ ਜੋ ਐਕਸੀਡੈਂਟਾਂ ਤੋਂ ਬਚਾਅ ਹੋ ਸਕੇ।** |

**ਏਜੰਡਾ ਨੰਬਰ 16:**

ਰਿਪੋਰਟ ਕਿ ਜਨਰਲ ਹਾਊਸ ਦੀ ਮੀਟਿੰਗ ਮਿਤੀ 20.03.2023 ਵਿੱਚ ਕੁੱਝ ਕੌਂਸਲਰ ਸਾਹਿਬਾਨ ਵੱਲੋਂ ਵਖ-ਵੱਖ ਕਮੇਟੀਆਂ ਬਨਾਉਣ ਸਬੰਧੀ ਕਿਹਾ ਗਿਆ ਸੀ ਕਿ ਕੋਈ ਵੀ ਸਬ-ਕਮੇਟੀ ਜਨਰਲ ਹਾਊਸ ਦੀ ਪ੍ਰਵਾਨਗੀ ਰਾਹੀਂ ਬਣਾਈ ਜਾਵੇ। ਇਸ ਸਬੰਧੀ ਕੌਂਸਲਰ ਸਾਹਿਬਾਨ ਵੱਲੋਂ ਇਸਨੂੰ ਏਜੰਡਾ ਆਇਟਮ ਬਣਾ ਕੇ ਅਗਲੀ ਮੀਟਿੰਗ ਵਿੱਚ ਲਿਆਉਣ ਖਾਤਰ ਕਿਹਾ ਗਿਆ ਸੀ। ਅੱਜ ਤੋਂ ਬਾਅਦ ਕੋਈ ਵੀ ਸਬ-ਕਮੇਟੀ ਜਨਰਲ ਹਾਊਸ ਵਿਖੇ ਆਪਸੀ ਸਹਿਮਤੀ ਨਾਲ ਬਣਾਈ ਜਾਵੇਗੀ।

ਉਕਤ ਅਨੁਸਾਰ ਰਿਪੋਰਟ ਹਾਊਸ ਦੀ ਜਾਣਕਾਰੀ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।

ਇਸ ਮੱਦ ਤੇ ਬੋਲਣ ਖਾਤਰ ਸ਼੍ਰੀ ਅਸ਼ੋਕ ਕੁਮਾਰ, ਸੀਨੀਅਰ ਡਿਪਟੀ ਮੇਅਰ ਵੱਲੋਂ ਸ਼੍ਰੀ ਜਸਵੀਰ ਸਿੰਘ ਜੱਸਾ ਜੀ ਨੂੰ ਕਿਹਾ ਗਿਆ। ਇਸਤੇ ਸ਼੍ਰੀ ਇੰਦਰਜੀਤ ਸਿੰਘ, ਕੌਂਸਲਰ ਨੇ ਕਿਹਾ ਕਿ ਸ਼੍ਰੀ ਅਸ਼ੋਕ ਕੁਮਾਰ, ਸੀਨੀਅਰ ਡਿਪਟੀ ਮੇਅਰ ਜੀ ਵੱਲੋਂ ਹਾਊਸ ਵਿੱਚ ਰੋਲਾ ਪਵਾਉਣ ਖਾਤਰ ਸ਼੍ਰੀ ਜਸਵੀਰ ਸਿੰਘ ਜੱਸਾ, ਕੌਂਸਲਰ ਨੂੰ ਬੋਲਣ ਲਈ ਖੜ੍ਹਾ ਕੀਤਾ ਹੈ। ਇਸਤੇ ਸ਼੍ਰੀ ਅਸ਼ੋਕ ਕੁਮਾਰ,ਸੀਨੀਅਰ ਡਿਪਟੀ ਮੇਅਰ ਨੇ ਕਿਹਾ ਕਿ ਕਿਉਂ ਜੋ ਇਹ ਮੱਦ ਸ੍ਰੀ ਜਸਵੀਰ ਸਿੰਘ ਜੱਸਾ, ਕੌਂਸਲਰ ਸਾਹਿਬਾਨ ਦੇ ਕਹਿਣ ਤੇ ਲਗਾਈ ਗਈ ਹੈ, ਇਸ ਲਈ ਉਹਨਾਂ ਨੂੰ ਬੋਲਣ ਲਈ ਕਿਹਾ ਗਿਆ ਹੈ। ਸ਼੍ਰੀ ਬਲਜਿੰਦਰ ਸਿੰਘ, ਕੌਂਸਲਰ ਨੇ ਕਿਹਾ ਕਿ ਸ਼੍ਰੀ ਇੰਦਰਜੀਤ ਸਿੰਘ, ਕੌਂਸਲਰ ਵੱਲੋਂ ਸੀਨੀਅਰ ਡਿਪਟੀ ਮੇਅਰ ਤੇ ਦੋਸ਼ ਲਗਾਏ ਹਨ। ਇਸ ਲਈ ਇਸ ਮੱਦ ਸਬੰਧੀ ਹਾਊਸ ਵਿੱਚ ਮੋਜੂਦ ਮੈਂਬਰ ਸਾਹਿਬਾਨ ਦੀ ਵੋਟਿੰਗ ਕਰਵਾਈ ਜਾਵੇ।

ਸ਼੍ਰੀ ਜਸਵੀਰ ਸਿੰਘ ਜੱਸਾ, ਕੌਂਸਲਰ ਨੇ ਕਿਹਾ ਕਿ ਉਹਨਾਂ ਵੱਲੋਂ ਪਿਛਲੀ ਮੀਟਿੰਗ ਵਿੱਚ ਕਿਹਾ ਗਿਆ ਸੀ ਕਿ ਉਹਨਾਂ ਦੀ ਤੋਹੀਨ ਕੀਤੀ ਗਈ ਹੈ। ਉਹਨਾਂ ਕਿਹਾ ਕਿ ਮੈਨੂੰ ਕਿਸੇ ਵੀ ਸਬ-ਕਮੇਟੀ ਦਾ ਮੈਂਬਰ ਬਣਨ ਦਾ ਚਾਹ ਵੀ ਨਹੀਂ ਹੈ। ਪਰੰਤੂ ਉਹਨਾਂ ਨਾਲ ਧੱਕਾ ਨਾ ਕੀਤਾ ਜਾਵੇ।

ਹਾਊਸ ਵਿੱਚ ਮੋਜੂਦ ਕੁੱਝ ਕੌਂਸਲਰ ਸਾਹਿਬਾਨ ਵੱਲੋਂ ਇਸ ਮੱਦ ਤੇ ਵੋਟਿੰਗ ਕਰਵਾਉਣ ਦੀ ਮੰਗ ਕੀਤੀ। ਸ਼੍ਰੀ ਹਰਪਾਲ ਸਿੰਘ ਢਿੱਲੋਂ, ਕੌਂਸਲਰ ਨੇ ਕਿਹਾ ਕਿ ਇਸ ਮੱਦ ਸਬੰਧੀ ਸਾਰੇ ਕੌਂਸਲਰ ਸਾਹਿਬਾਨ ਦੇ ਸੁਝਾਅ ਲਏ ਜਾਣ। ਇਸਤੇ ਹਾਊਸ ਵਿੱਚ ਮੋਜੂਦ 38 ਮੈਂਬਰ ਸਾਹਿਬਾਨ ਵਿੱਚੋਂ 25 ਮੈਂਬਰ ਸਾਹਿਬਾਨ ਨੇ ਖੜੇ ਹੋ ਕੇ ਮਤਾ ਪਾਸ ਕਰਨ ਦੀ ਹਮਾਇਤ ਕੀਤੀ।

ਸ੍ਰ: ਬਲਜੀਤ ਸਿੰਘ ਸਰਾਂ, ਕੌਂਸਲਰ ਨੇ ਕਿਹਾ ਕਿ ਮੈਂਬਰ ਸਾਹਿਬਾਨ ਖੜੇ ਹੋ ਕੇ ਮਤਾ ਤਾਂ ਪਾਸ ਕਰ ਰਹੇ ਹਨ, ਪਰੰਤੂ ਇਸ ਮੱਦ ਸਬੰਧੀ ਪੜ੍ਹ ਲਿਆ ਜਾਵੇ ਕਿ ਏਜੰਡਾ ਕੀ ਪੇਸ਼ ਹੋਇਆ ਹੈ। ਸ੍ਰ: ਹਰਮੰਦਰ ਸਿੰਘ, ਡਿਪਟੀ ਮੇਅਰ ਅਤੇ ਕੁੱਝ ਕੌਂਸਲਰ ਸਾਹਿਬਾਨ ਵੱਲੋਂ ਇਸ ਮੱਦ ਦਾ ਇੱਕਲਾ ਏਜੰਡਾ ਬਣਾ ਕੇ ਹੀ ਜਲਦ ਮੀਟਿੰਗ ਬੁਲਾਉਣ ਦੀ ਮੰਗ ਕੀਤੀ।

ਕੁੱਝ ਕੌਂਸਲਰ ਸਾਹਿਬਾਨ ਨੇ ਮੰਗ ਕੀਤੀ ਕਿ ਹਾਊਸ ਦੀ ਮੀਟਿੰਗ ਹਰ ਮਹੀਨੇ ਕੀਤੀ ਜਾਵੇ।ਦਫਤਰ ਵਿਖੇ ਕੰਮਕਾਜ਼ ਨੂੰ ਦੇਖਦੇ ਹੋਏ ਜਰੂਰੀ ਮਸਲਿਆਂ ਤੇ ਵਿਚਾਰ ਕਰਨ ਖਾਤਰ ਜਨਰਲ ਹਾਊਸ ਦੀ ਮੀਟਿੰਗ ਲੋੜ੍ਹ ਅਨੁਸਾਰ ਕਰ ਲਈ ਜਾਵੇਗੀ।

| | |
|---|---|
| **ਮਤਾ ਨੰਬਰ 213:** | **ਪਾਸ ਕੀਤਾ ਜਾਂਦਾ ਹੈ ਕਿ ਪੇਸ਼ ਕੀਤੀ ਮੱਦ ਅਨੁਸਾਰ ਅੱਜ ਤੋਂ ਬਾਅਦ ਬਣਨ ਵਾਲੀ ਕੋਈ ਵੀ ਨਵੀਂ ਸਬ-ਕਮੇਟੀ ਬਨਾਉਣ ਸਬੰਧੀ ਫੈਸਲਾ ਹਾਊਸ ਦੀ ਮੀਟਿੰਗ ਵਿੱਚ ਲਿਆ ਜਾਵੇਗਾ।** |

**ਏਜੰਡਾ ਨੰਬਰ 17:**

ਰਿਪੋਰਟ ਵਰਕਸ ਸ਼ਾਖਾ ਕਿ ਨਿਗਮ ਹਾਊਸ ਵੱਲੋਂ ਆਪਣੇ ਮਤਾ ਨੰਬਰ 151 ਮਿਤੀ 20.03.2023 ਰਾਹੀਂ ਹੇਠ ਲਿਖੇ ਅਨੁਸਾਰ ਪਾਰਕਿੰਗ ਦਾ ਠੇਕਾ ਦੇਣਾ ਪ੍ਰਵਾਨ ਕੀਤਾ ਗਿਆ ਸੀ:

| ਲੜੀ ਨੰ: | ਕੰਮ ਦਾ ਨਾਮ | ਰਿਜ਼ਰਵ ਕੀਮਤ (ਸਲਾਨਾ) ਲੱਖਾਂ ਵਿੱਚ) |
|---|---|---|
| 1 | Leasing of Parking Space for Mall Road Side Berms and MLCP | 65.00 |
| 2 | Leasing of Parking Space for Road Side Parking in Bazaars | 55.00 |

ਇਸ ਸਬੰਧੀ ਟੈਂਡਰ ਕਾਲ ਕੀਤੇ ਗਏ। ਟੈਂਡਰ ਲੱਗਣ ਉਪਰੰਤ ਆਮ ਪਬਲਿਕ ਅਤੇ ਬਾਜਾਰ ਦੇ ਦੁਕਾਨਦਾਰਾਂ ਵੱਲੋਂ ਬਾਜਾਰ ਵਿੱਚ ਲੱਗਣ ਵਾਲੇ ਪੇਡ ਪਾਰਕਿੰਗ ਲਈ ਰੋਸ ਪ੍ਰਦਰਸ਼ਿਤ ਕੀਤਾ ਗਿਆ। ਜਿਸ ਸਬੰਧੀ ਸਮੂਹ ਕੌਂਸਲਰ ਅਤੇ ਮੇਅਰ ਸਾਹਿਬਾਨ ਵੱਲੋਂ ਜੁਬਾਨੀ ਤੋਰ ਤੇ ਹੁਕਮ ਕੀਤੇ ਗਏ ਕਿ ਬਾਜਾਰਾਂ ਵਿੱਚ ਪੇਡ ਪਾਰਕਿੰਗ ਬੰਦ ਕੀਤੀ ਜਾਵੇ ਅਤੇ ਕੇਵਲ ਮਾਲ ਰੋਡ ਅਤੇ ਮਲਟੀ ਲੇਵਲ ਕਾਰ ਪਾਰਕਿੰਗ ਦੇ ਕੰਮ ਨੂੰ ਹੀ ਅਮਲ ਵਿੱਚ ਲਿਆਂਦਾ ਜਾਵੇ। ਇਸ ਉਪਰੰਤ ਵਿਚਾਰ ਕਰਨ ਉਪਰੰਤ ਬਾਜਾਰਾਂ ਵਿੱਚ ਪਾਰਕਿੰਗ ਦੇ ਕੰਮ ਨੂੰ ਕੈਂਸਲ ਕਰਦੇ ਹੋਏ, ਮਲਟੀ ਲੇਵਲ ਕਾਰ ਪਾਰਕਿੰਗ ਅਤੇ ਮਾਲ ਰੋਡ ਤਟ ਪਾਰਕਿੰਗ ਦਾ ਠੇਕਾ ਦੇਣ ਹਿੱਤ ਘੱਟੋ-ਘੱਟ ਰਿਜ਼ਰਵ ਕੀਮਤ 75.00 ਲੱਖ ਰੁਪਏ ਨਿਰਧਾਰਤ ਕੀਤੀ ਗਈ ਸੀ, ਜਿਸ ਤਹਿਤ ਮਾਲ ਰੋਡ ਉਪਰ 150 ਕਾਰਾਂ ਅਤੇ ਮਲਟੀ ਲੇਵਲ ਕਾਰ ਪਾਰਕਿੰਗ ਵਿਖੇ 450 ਕਾਰਾਂ ਅਤੇ 100 ਮੋਟਰਸਾਈਕਲਾਂ ਦੇ ਪਾਰਕਿੰਗ ਦੀ ਤਜਵੀਜ ਕੀਤੀ ਗਈ ਹੈ। ਉਕਤ ਅਨੁਸਾਰ ਮਤੇ ਵਿੱਚ ਸੋਧ ਕਰਨ ਹਿੱਤ ਰਿਪੋਰਟ ਕੀਤੀ ਗਈ ਹੈ।

ਇਸ ਸਬੰਧੀ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਰਿਪੋਰਟ ਕੀਤੀ ਹੈ ਕਿ "Considering the MLCP is nearing completion and public feedback received on the previous proposal, the revised proposal is placed for approval in anticipation of approval from the House in the financial interest of the Corporation".

ਉਕਤ ਸਬੰਧੀ ਐਫ.ਐਂਡ ਸੀ.ਸੀ. ਦੀ ਮੀਟਿੰਗ ਮਿਤੀ 28.04.2023 ਵਿੱਚ ਲਏ ਫੈਸਲੇ ਅਨੁਸਾਰ ਹਾਊਸ ਤੋਂ ਪ੍ਰਵਾਨਗੀ ਦੀ ਆਸ ਵਿੱਚ ਮੇਅਰ, ਨਗਰ ਨਿਗਮ ਬਠਿੰਡਾ ਜੀ ਵੱਲੋਂ ਇਸਦੀ ਮੰਨਜ਼ੂਰੀ ਦਿੱਤੀ ਗਈ।

ਉਕਤ ਅਨੁਸਾਰ ਕੇਸ ਹਾਊਸ ਦੀ ਜਾਣਕਾਰੀ ਹਿੱਤ।

ਸ਼੍ਰੀ ਬਲਜੀਤ ਸਿੰਘ ਸਰਾਂ, ਕੌਂਸਲਰ ਨੇ ਕਿਹਾ ਕਿ ਸ਼ਹਿਰ ਵਿੱਚ Toe-Away ਜ਼ੋਨ ਦੇ ਬੋਰਡ ਲਗਵਾਏ ਜਾਣ, ਤਾਂ ਜੋ ਆਮ ਪਬਲਿਕ ਨੂੰ ਪਤਾ ਲੱਗ ਸਕੇ।

ਸ਼੍ਰੀ ਹਰਪਾਲ ਸਿੰਘ ਢਿੱਲੋਂ, ਕੌਂਸਲਰ ਨੇ ਦਸਿਆ ਕਿ ਇਸ ਮਲਟੀਸਟੋਰੀ ਪਾਰਕਿੰਗ ਦੇ ਬਾਹਰ ਜੋ ਸਕਰੀਨ ਲੱਗੀ ਹੈ, ਉਸਦੀ ਰੋਸ਼ਨੀ ਜਿਆਦਾ ਹੋਣ ਕਾਰਨ ਲੋਕਾਂ ਨੂੰ ਦਿੱਕਤ ਆਉਂਦੀ ਹੈ। ਇਸ ਲਈ ਇਸ ਰੋਸ਼ਨੀ ਦਾ ਬਦਲਵਾਂ ਪ੍ਰਬੰਧ ਕੀਤਾ ਜਾਵੇ।

| | |
|---|---|
| **ਮਤਾ ਨੰਬਰ 214:** | **ਪ੍ਰਵਾਨ ਹੈ।** |

**ਏਜੰਡਾ ਨੰ: 18:**

ਦਫਤਰੀ ਰਿਪੋਰਟ ਕਿ ਮਿਤੀ 20.03.2023 ਨੂੰ ਜਨਰਲ ਹਾਊਸ ਦੀ ਮੀਟਿੰਗ ਦੋਰਾਨ ਸ਼੍ਰੀਮਤੀ ਕਿਰਨ ਰਾਣੀ, ਮਿਉਂਸਪਲ ਕੌਂਸਲਰ, ਵਾਰਡ ਨੰਬਰ 23 ਵੱਲੋਂ ਪੱਤਰ ਦਿੰਦੇ ਹੋਏ ਬੇਨਤੀ ਕੀਤੀ ਸੀ ਕਿ ਸ਼੍ਰੀ ਜੀਤ ਮੱਲ ਜੀ ਤਿੰਨ ਵਾਰ ਮਿਉਂਸਪਲ ਕੌਂਸਲਰ ਵੱਜੋਂ ਜਿੱਤ ਚੁੱਕੇ ਸਨ ਅਤੇ ਉਹਨਾਂ ਵੱਲੋਂ ਬਠਿੰਡਾ ਦੇ ਵਿਕਾਸ ਵਿੱਚ ਬਹੁਤ ਹੀ ਯੋਗਦਾਨ ਦਿੱਤਾ ਗਿਆ ਸੀ। ਲੋਕਾਂ ਦੇ ਦਿਲਾਂ ਵਿੱਚ ਚਾਚਾ ਜੀਤ ਮੱਲ ਜੀ ਪ੍ਰਤੀ ਪਿਆਰ ਨੂੰ ਦੇਖਦੇ ਹੋਏ ਪੁਰਾਣਾ ਥਾਣਾ, ਸੀ.ਆਈ.ਏ. ਪੁਲਿਸ ਸਟੇਸ਼ਨ ਚੌਂਕ ਦਾ ਨਾਮ ਚਾਚਾ ਜੀਤ ਮੱਲ ਰੱਖਿਆ ਜਾਣਾ ਚਾਹੀਦਾ ਹੈ।

ਉਕਤ ਸਬੰਧੀ ਰਿਪੋਰਟ ਹੈ ਕਿ ਕਿਸੇ ਵੀ ਜਗ੍ਹਾ ਦੇ ਪਹਿਲਾਂ ਰੱਖੇ ਨਾਮ ਨੂੰ ਤਬਦੀਲ ਕਰਨਾ ਹੋਵੇ ਤਾਂ ਸਥਾਨਕ ਸਰਕਾਰ ਦੇ ਪੱਤਰ ਨੰ: 5/63/2013-4 ਸ ਸ 3/156760/1-3 ਮਿਤੀ 3 ਫਰਵਰੀ 2014 ਦੀ ਪਾਲਣਾਂ ਕਰਦੇ ਹੋਏ ਨਿਗਮ ਵੱਲੋਂ ਕਿਸੇ ਵੀ ਜਨਤਕ ਥਾਂ ਬਿਲਡਿੰਗ ਦਾ ਨਾਮ ਹੇਠ ਲਿਖੀਆਂ ਕੈਟਾਗਰੀਆਂ ਵਿਚੋਂ ਹੀ ਰੱਖਿਆ ਜਾ ਸਕੇਗਾ-

(ੳ) ਅੰਤਰ-ਰਾਸ਼ਟਰੀ ਜਾਂ ਰਾਸ਼ਟਰੀ ਪੱਧਰ ਤੇ ਕੋਈ ਮੈਡਲ/ਅਵਾਰਡ ਪ੍ਰਾਪਤ ਵਿਅਕਤੀ।

- ਅੰਤਰ-ਰਾਸ਼ਟਰੀ ਜਾਂ ਰਾਸ਼ਟਰੀ ਪੱਧਰ ਤੇ ਕੋਈ ਮਾਨਤਾ(Recognition) ਪ੍ਰਾਪਤ ਵਿਅਕਤੀ।
- ਗੰਲਟਰੀ ਅਵਾਰਡ ਪ੍ਰਾਪਤ ਵਿਅਕਤੀ।
- ਅਜਿਹੇ ਸੁੰਤਤਰਤਾ ਸੰਗਰਾਮੀ , ਜਿਨ੍ਹਾਂ ਨੂੰ ਭਾਰਤ ਸਰਕਾਰ/ ਰਾਜ ਸਰਕਾਰ ਤੋਂ ਪੈਨਸ਼ਨ ਮਿਲਦੀ ਹੋਵੇ ਅਤੇ ਤਾਮਰ ਪੱਤਰ ਵੀ ਮਿਲਿਆ ਹੋਇਆ ਹੈ।
- ਅਜਿਹੇ ਸੁੰਤਤਰਤਾ ਸੰਗਰਾਮੀ , ਜਿਨ੍ਹਾਂ ਨੇ ਦੇਸ਼ ਲਈ ਕੁਰਬਾਨੀ ਦਿੱਤੀ ਹੋਵੇ।
- ਉਘੇ ਵਿਅਕਤੀ , ਜਿਨ੍ਹਾਂ ਨੇ ਸਮਾਜ ਦੀ ਭਲਾਈ- ਜਿਵੇਂ ਸਿਹਤ, ਸਿੱਖਿਆ, ਵਾਤਾਵਰਣ, ਗਰੀਬਾਂ ਦੀ ਸਹਾਇਤਾ ਆਦਿ- ਦੇ ਕੰਮਾਂ ਵਿੱਚ ਕੋਈ ਵਿਸ਼ੇਸ ਯੋਗਦਾਨ ਪਾਇਆ ਹੋਵੇ, ਜਿਸ ਨੂੰ ਯਾਦ ਕੀਤਾ ਜਾਣਾ ਜ਼ਰੂਰੀ ਸਮਝਿਆ ਜਾਵੇ।
- ਕੋਈ ਹੋਰ ਉੱਘੀ ਸਖਸ਼ੀਅਤ, ਜੋ ਉਕਤ ਕੈਟਾਗਿਰੀਆਂ ਵਿੱਚ ਸ਼ਾਮਲ ਨਹੀਂ ਹੈ।

(ਅ) ਨਾਂ ਰੱਖਣ ਸਮੇਂ ਸਬੰਧਤ ਨਗਰ ਨਿਗਮ ਵੱਲੋਂ ਅੰਜਡਾ ਆਈਟਮ ਵਜੋਂ ਸਪੱਸ਼ਟ ਵਿਚਾਰ ਕੇ ਹੀ ਯੋਗ ਫੈਸਲਾ ਕੀਤਾ ਜਾਵੇਗਾ ਅਤੇ ਉਹ ਇਹ ਫੈਸਲਾ ਸਬੰਧਤ ਮਤੇ ਦੀ ਸਮੱਰਥ ਅਥਾਰਟੀ ਤੋਂ ਪ੍ਰਵਾਨਗੀ ਹੋਣ ਉਪਰੰਤ ਹੀ ਲਾਗੂ ਸਮਝਿਆ ਜਾਵੇਗਾ।

(ੲ) ਜੇਕਰ ਕਿਸੇ ਜਗ੍ਹਾਂ ਦੇ ਪਹਿਲਾਂ ਰੱਖੇ ਨਾਂ ਨੂੰ ਤਬਦੀਲ ਕਰਨਾ ਹੋਵੇ, ਤਾਂ ਅਜਿਹੀ ਤਜਵੀਜ਼ ਦਾ ਮਤਾ ਸਬੰਧਤ ਸੰਸਥਾ ਵੱਲੋਂ ਪਾਸ ਹੋਣ ਅਤੇ ਸਮਰੱਥ ਅਥਾਰਟੀ ਤੋਂ ਪ੍ਰਵਾਨ, ਹੋਣ ਉਪਰੰਤ ਵੀ ਸਰਕਾਰ ਦੀ ਪ੍ਰਵਾਨਗੀ ਲੈਣੀ ਲਾਜ਼ਮੀ ਹੋਵੇਗੀ।

ਉਕਤ ਸਬੰਧੀ ਨਿਗਰਾਨ ਇੰਜੀਨੀਅਰ ਨੇ ਰਿਪੋਰਟ ਕੀਤੀ ਹੈ ਕਿ "ਉਪਰੋਕਤ ਰਿਪੋਰਟ ਵਿਸਥਾਰਪੂਰਵਕ ਹੈ। ਪੁਰਾਣਾ ਥਾਣਾ ਚੌਂਕ ਦਾ ਨਾਮ ਚਾਚਾ ਜੀਤ ਮੱਲ ਚੌਂਕ ਰੱਖਣ ਲਈ ਹਾਊਸ ਦੀ ਮੀਟਿੰਗ ਵਿੱਚ ਏਜੰਡਾ ਆਇਟਮ ਵੱਜੋਂ ਪੇਸ਼ ਕਰਨ ਦੀ ਪ੍ਰਵਾਨਗੀ ਮਾਨਯੋਗ ਮੇਅਰ ਜੀ ਤੋਂ ਲੈਣ ਲਈ ਉਹਨਾਂ ਨੂੰ ਭੇਜਣ ਹਿੱਤ ਰਿਪੋਰਟ ਕੀਤੀ ਹੈ।"।

ਉਕਤ ਅਨੁਸਾਰ ਪੁਰਾਣਾ ਥਾਣਾ ਚੌਂਕ ਦਾ ਨਾਮ ਚਾਚਾ ਜੀਤ ਮੱਲ ਚੌਂਕ ਰੱਖਣ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

ਸ੍ਰ: ਹਰਮੰਦਰ ਸਿੰਘ, ਡਿਪਟੀ ਮੇਅਰ ਨੇ ਕਿਹਾ ਕਿ ਜੇਕਰ ਕਿਸੇ ਵੀ ਚੌਂਕ ਜਾਂ ਗਲੀ ਦਾ ਨਾਮ ਬਦਲਿਆ ਜਾਂਦਾ ਹੈ ਤਾਂ ਇਸ ਨਾਲ ਕਈ ਲੋਕਾਂ ਨੂੰ ਦਿੱਕਤ ਪੇਸ਼ ਆਉਂਦੀ ਹੈ। ਕਿਉਂ ਜੋ ਉਸ ਜਗ੍ਹਾ ਪਹਿਲਾਂ ਹੀ ਲੋਕਾਂ ਦੇ ਆਧਾਰ ਕਾਰਡ, ਰਾਸ਼ਨ ਕਾਰਡ, ਬਿਜਲੀ ਬਿੱਲ, ਬੱਚਿਆਂ ਦੀ ਪੜ੍ਹਾਈ ਦੇ ਸਬੂਤ ਅਤੇ ਹੋਰ ਕਈ ਆਈ.ਡੀ. ਪਰੂਫ ਵੀ ਬਣੇ ਹੋਏ ਹੁੰਦੇ ਹਨ।

ਸ਼੍ਰੀ ਕਿਰਨ ਰਾਣੀ ਕੌਂਸਲਰ ਨੇ ਕਿਹਾ ਕਿ ਚਾਚਾ ਜੀਤ ਮੱਲ ਜੀ ਪਹਿਲਾਂ ਤਿੰਨ ਵਾਰ ਕੌਂਸਲਰ ਜਿੱਤੇ ਹਨ। ਉਹਨਾਂ ਨੇ ਸਮਾਜ ਅਤੇ ਗਰੀਬ ਵਿਅਕਤੀਆਂ ਦੀ ਬੜੀ ਸੇਵਾ ਕੀਤੀ। ਲੜਕੀਆਂ ਲਈ ਹਾਲ ਬਣਾਇਆ ਗਿਆ।

ਇਸ ਲਈ ਇਹਨਾਂ ਦੇ ਨਾਮ ਤੇ ਪੁਰਾਣਾ ਥਾਣਾ ਚੋਂਕ ਦਾ ਨਾਮ ਰੱਖਿਆ ਜਾਵੇ। ਇਸਤੇ ਸ਼੍ਰੀ ਸੁਖਰਾਜ ਸਿੰਘ ਔਲਖ, ਕੌਂਸਲਰ ਨੇ ਕਿਹਾ ਕਿ ਸ਼ਹਿਰ ਵਿੱਚ ਹੋਰ ਵੀ ਕਈ ਅਜਿਹੀਆਂ ਸ਼ਖਸੀਅਤਾਂ ਹਨ। ਇਸ ਲਈ ਜਾਂ ਤਾਂ ਸਾਰਿਆਂ ਦੇ ਨਾਮ ਤੇ ਹੀ ਗਲੀਆਂ, ਚੌਂਕਾਂ ਦੇ ਨਾਮ ਰੱਖੇ ਜਾਣ, ਜਾਂ ਪਹਿਲਾਂ ਵਾਲੇ ਕਿਸੇ ਵੀ ਨਾਮ ਦੀ ਤਬਦੀਲੀ ਨਾ ਕੀਤੀ ਜਾਵੇ।

ਸ਼੍ਰੀ ਹਰਪਾਲ ਸਿੰਘ ਢਿੱਲੋਂ, ਕੌਂਸਲਰ ਨੇ ਕਿਹਾ ਕਿ ਪੁਰਾਣੀਆਂ ਬਣੀਆਂ ਸੜ੍ਹਕਾਂ ਦੇ ਨਾਮ ਬਦਲਣ ਅਤੇ ਇਸ ਸਬੰਧੀ ਬੋਰਡ ਲਗਾਉਣ ਦੇ ਬਾਵਜੂਦ ਵੀ ਲੋਕਾਂ ਵੱਲੋਂ ਇੰਨ੍ਹਾਂ ਸੜ੍ਹਕਾਂ ਨੂੰ ਪੁਰਾਣੀਆਂ ਸੜ੍ਹਕਾਂ ਦੇ ਨਾਮ ਨਾਲ ਹੀ ਜਾਣਿਆ ਜਾਂਦਾ ਹੈ। ਇਸ ਲਈ ਕਿਸੇ ਵੀ ਗਲੀ ਜਾਂ ਚੌਂਕ ਦਾ ਨਾਮ ਬਦਲਣ ਤੇ ਕੋਈ ਖਾਸ ਫਰਕ ਨਹੀਂ ਪੈਂਦਾ। ਉਹਨਾਂ ਕਿਹਾ ਕਿ ਜੇਕਰ ਕੋਈ ਨਵੀਂ ਸੜ੍ਹਕ ਕੱਢੀ ਜਾਂਦੀ ਹੈ, ਜਾਂ ਕਿਸੇ ਸੜ੍ਹਕ ਜਾਂ ਚੌਂਕ ਦਾ ਨਾਮ ਪਹਿਲਾਂ ਨਹੀਂ ਰੱਖਿਆਂ ਹੋਇਆ, ਜਾਂ ਕੋਈ ਨਵਾਂ ਚੌਂਕ ਬਣਾਇਆ ਜਾਂਦਾ ਹੈ ਤਾਂ ਉਸਦਾ ਨਾਮ ਰੱਖਿਆ ਜਾ ਸਕਦਾ ਹੈ। ਉਹਨਾਂ ਆਪਣੇ ਇਲਾਕੇ ਵਿੱਚ ਕੱਢੀ ਗਈ ਨਵੀਂ ਰਿੰਗ ਰੋਡ ਅਤੇ ਨਵੇਂ ਬਣੇ ਚੌਂਕ ਦਾ ਨਾਮ ਸਾਹਿਬਜਾਦਾ ਅਜੀਤ ਸਿੰਘ ਰੌਂਕ ਰੱਖਣ ਦੀ ਮੰਗ ਕੀਤੀ।

ਮੇਅਰ, ਨਗਰ ਨਿਗਮ ਬਠਿੰਡਾ ਜੀ ਨੇ ਕਿਹਾ ਕਿ ਇਸ ਮੀਟਿੰਗ ਵਿੱਚ ਕਾਫੀ ਚੌਂਕਾਂ ਅਤੇ ਗਲੀਆਂ ਦੇ ਨਾਮ ਬਦਲਣ ਸਬੰਧੀ ਏਜੰਡੇ ਲੱਗੇ ਹਨ। ਇਸ ਲਈ ਯੋਗ ਹੋਵੇਗਾ ਕਿ ਪਹਿਲਾਂ ਲੋਕਾਂ ਪਾਸੋਂ ਕੋਈ ਵੀ ਨਾਮ ਬਦਲਣ ਸਬੰਧੀ ਇਤਰਾਜ਼ ਮੰਗ ਲਏ ਜਾਣ। ਲੋਕ ਆਪਣੇ ਇਤਰਾਜ਼ 21 ਦਿਨਾਂ ਅੰਦਰ ਦਫਤਰ, ਨਗਰ ਨਿਗਮ ਵਿਖੇ ਦੇ ਸਕਦੇ ਹਨ। ਇਸ ਉਪਰੰਤ ਹੀ ਕਿਸੇ ਗਲੀ ਜਾਂ ਚੌਂਕ ਦਾ ਨਾਮ ਬਦਲਣ ਖਾਤਰ ਮੱਦ ਨੂੰ ਹਾਊਸ ਵਿੱਚ ਪੇਸ਼ ਕੀਤਾ ਜਾਵੇਗਾ।

| | |
|---|---|
| ਮਤਾ ਨੰਬਰ 215: | **ਪਾਸ ਕੀਤਾ ਜਾਂਦਾ ਹੈ ਕਿ ਕਿਸੇ ਵੀ ਗਲੀ, ਮੁੱਹਲੇ ਜਾਂ ਚੌਂਕ ਦਾ ਪੁਰਾਣੇ ਨਾਮ ਦੇ ਬਦਲੇ ਨਵਾਂ ਨਾਮ ਰੱਖਣ ਸਬੰਧੀ ਪਹਿਲਾਂ ਲੋਕਾਂ ਦੇ ਇਤਰਾਜ਼ ਮੰਗੇ ਜਾਣ। ਲੋਕਾਂ ਦੇ ਇਤਰਾਜ਼ ਆਉਣ ਉਪਰੰਤ ਹੀ ਕਿਸੇ ਗਲੀ, ਮੁੱਹਲੇ ਜਾਂ ਚੌਂਕ ਦਾ ਨਾਮ ਬਦਲਣ ਖਾਤਰ ਹਾਊਸ ਵਿੱਚ ਏਜੰਡਾ ਪੇਸ਼ ਕੀਤਾ ਜਾਵੇ।** |

**ਏਜੰਡਾ ਨੰ: 19:**

ਦਫਤਰੀ ਰਿਪੋਰਟ ਕਿ ਸ਼੍ਰੀਮਤੀ ਕਮਲੇਸ਼ ਮਹਿਰਾ, ਨਗਰ ਕੌਂਸਲਰ, ਵਾਰਡ ਨੰਬਰ 49 ਵੱਲੋਂ ਦਰਖਾਸਤ ਰਾਹੀਂ ਬੇਨਤੀ ਕੀਤੀ ਹੈ ਕਿ ਅਮਰੀਕ ਸਿੰਘ ਰੋਡ, ਨੇੜੇ ਐਸ.ਐਸ.ਡੀ. ਗਰਲਜ਼ ਕਾਲਜ ਬਠਿੰਡਾ ਵਿਖੇ ਚੌਂਕ ਦਾ ਨਾਮ ਆਜ਼ਾਦ ਚੌਂਕ ਮਿਤੀ 15.08.2018 ਨੂੰ ਰੱਖਿਆ ਗਿਆ ਸੀ। ਪਰ ਇਸਨੂੰ ਹਾਊਸ ਵਿਖੇ ਪਾਸ ਨਹੀਂ ਕੀਤਾ ਗਿਆ। ਹੁਣ ਉਹਨਾਂ ਵੱਲੋਂ ਇਸ ਚੌਂਕ ਦਾ ਨਾਮ ਅਜਾਦ ਚੌਂਕ ਜਨਰਲ ਹਾਊਸ ਵਿੱਚ ਏਜੰਡਾ ਰੱਖ ਕੇ ਪਾਸ ਕਰਨ ਦੀ ਬੇਨਤੀ ਕੀਤੀ ਹੈ।

ਕੇਸ ਹਾਊਸ ਦੇ ਵਿਚਾਰ ਹਿੱਤ।

| | |
|---|---|
| ਮਤਾ ਨੰਬਰ 216: | **ਪਾਸ ਕੀਤਾ ਜਾਂਦਾ ਹੈ ਕਿ ਕਿਸੇ ਵੀ ਗਲੀ, ਮੁੱਹਲੇ ਜਾਂ ਚੌਂਕ ਦਾ ਪੁਰਾਣੇ ਨਾਮ ਦੇ ਬਦਲੇ ਨਵਾਂ ਨਾਮ ਰੱਖਣ ਸਬੰਧੀ ਪਹਿਲਾਂ ਲੋਕਾਂ ਦੇ ਇਤਰਾਜ਼ ਮੰਗੇ ਜਾਣ। ਲੋਕਾਂ ਦੇ ਇਤਰਾਜ਼ ਆਉਣ ਉਪਰੰਤ ਹੀ ਕਿਸੇ ਗਲੀ, ਮੁੱਹਲੇ ਜਾਂ ਚੌਂਕ ਦਾ ਨਾਮ ਬਦਲਣ ਖਾਤਰ ਹਾਊਸ ਵਿੱਚ ਏਜੰਡਾ ਪੇਸ਼ ਕੀਤਾ ਜਾਵੇ।** |

**ਏਜੰਡਾ ਨੰ: 20:**

ਦਫਤਰੀ ਰਿਪੋਰਟ ਕਿ ਸ਼੍ਰੀ ਗੁਰੂ ਰਵੀਦਾਸ ਧਰਮਸ਼ਾਲਾ ਚੌਂਕ ਅਤੇ ਨਗਰ ਕੌਂਸਲਰ ਵਾਰਡ ਨੰਬਰ 45 ਵੱਲੋਂ ਦਰਖਾਸਤ ਦੇ ਕੇ ਬੇਨਤੀ ਕੀਤੀ ਹੈ ਕਿ ਇਸ ਚੌਂਕ ਦਾ ਕੋਈ ਨਾਮ ਨਹੀਂ ਹੈ। ਇਸ ਲਈ ਰਿੰਗ ਰੋਡ ਬਹਿਮਣ ਚੌਂਕ, ਬਹਿਮਣ ਰੋਡ ਦਾ ਨਾਮ ਸ਼੍ਰੀ ਗੁਰੂ ਰਵੀਦਾਸ ਚੌਂਕ ਰੱਖਣ ਦੀ ਕ੍ਰਿਪਾਲਤਾ ਕੀਤੀ ਜਾਵੇ।

ਸਥਾਨਕ ਸਰਕਾਰ ਦੇ ਪੱਤਰ ਨੰ: 5/63/2013-4 ਸ ਸ 3/156760/1-3 ਮਿਤੀ 3 ਫਰਵਰੀ 2014 ਦੀ ਪਾਲਣਾਂ ਕਰਦੇ ਹੋਏ ਨਿਗਮ ਵੱਲੋਂ ਕਿਸੇ ਵੀ ਜਨਤਕ ਥਾਂ ਬਿਲਡਿੰਗ ਦਾ ਨਾਮ ਹੇਠ ਲਿਖੀਆਂ ਕੈਟਾਗਰੀਆਂ ਵਿਚੋਂ ਹੀ ਰੱਖਿਆ ਜਾ ਸਕੇਗਾ-

(ੳ) ਅੰਤਰ-ਰਾਸ਼ਟਰੀ ਜਾਂ ਰਾਸ਼ਟਰੀ ਪੱਧਰ ਤੇ ਕੋਈ ਮੈਡਲ/ਅਵਾਰਡ ਪ੍ਰਾਪਤ ਵਿਅਕਤੀ।

- ਅੰਤਰ-ਰਾਸ਼ਟਰੀ ਜਾਂ ਰਾਸ਼ਟਰੀ ਪੱਧਰ ਤੇ ਕੋਈ ਮਾਨਤਾ(Recognition) ਪ੍ਰਾਪਤ ਵਿਅਕਤੀ।
- ਗੰਲਟਰੀ ਅਵਾਰਡ ਪ੍ਰਾਪਤ ਵਿਅਕਤੀ।
- ਅਜਿਹੇ ਸੁੰਤਤਰਤਾ ਸੰਗਰਾਮੀ , ਜਿਨ੍ਹਾਂ ਨੂੰ ਭਾਰਤ ਸਰਕਾਰ/ ਰਾਜ ਸਰਕਾਰ ਤੋਂ ਪੈਨਸ਼ਨ ਮਿਲਦੀ ਹੋਵੇ ਅਤੇ ਤਾਮਰ ਪੱਤਰ ਵੀ ਮਿਲਿਆ ਹੋਇਆ ਹੈ।
- ਅਜਿਹੇ ਸੁੰਤਤਰਤਾ ਸੰਗਰਾਮੀ , ਜਿਨ੍ਹਾਂ ਨੇ ਦੇਸ਼ ਲਈ ਕੁਰਬਾਨੀ ਦਿੱਤੀ ਹੋਵੇ।
- ਉਘੇ ਵਿਅਕਤੀ , ਜਿਨ੍ਹਾਂ ਨੇ ਸਮਾਜ ਦੀ ਭਲਾਈ- ਜਿਵੇਂ ਸਿਹਤ, ਸਿੱਖਿਆ, ਵਾਤਾਵਰਣ, ਗਰੀਬਾਂ ਦੀ ਸਹਾਇਤਾ ਆਦਿ- ਦੇ ਕੰਮਾਂ ਵਿੱਚ ਕੋਈ ਵਿਸ਼ੇਸ ਯੋਗਦਾਨ ਪਾਇਆ ਹੋਵੇ, ਜਿਸ ਨੂੰ ਯਾਦ ਕੀਤਾ ਜਾਣਾ ਜ਼ਰੂਰੀ ਸਮਝਿਆ ਜਾਵੇ।
- ਕੋਈ ਹੋਰ ਉੱਘੀ ਸਖਸ਼ੀਅਤ, ਜੋ ਉਕਤ ਕੈਟਾਗਿਰੀਆਂ ਵਿੱਚ ਸ਼ਾਮਲ ਨਹੀਂ ਹੈ।

(ਅ) ਨਾਂ ਰੱਖਣ ਸਮੇਂ ਸਬੰਧਤ ਨਗਰ ਨਿਗਮ ਵੱਲੋਂ ਅੰਜੜਾ ਆਈਟਮ ਵਜੋਂ ਸਪੱਸ਼ਟ ਵਿਚਾਰ ਕੇ ਹੀ ਯੋਗ ਫੈਸਲਾ ਕੀਤਾ ਜਾਵੇਗਾ ਅਤੇ ਉਹ ਇਹ ਫੈਸਲਾ ਸਬੰਧਤ ਮਤੇ ਦੀ ਸਮੱਰਥ ਅਥਾਰਟੀ ਤੋਂ ਪ੍ਰਵਾਨਗੀ ਹੋਣ ਉਪਰੰਤ ਹੀ ਲਾਗੂ ਸਮਝਿਆ ਜਾਵੇਗਾ।

(ੲ) ਜੇਕਰ ਕਿਸੇ ਜਗ੍ਹਾਂ ਦੇ ਪਹਿਲਾਂ ਰੱਖੇ ਨਾਂ ਨੂੰ ਤਬਦੀਲ ਕਰਨਾ ਹੋਵੇ, ਤਾਂ ਅਜਿਹੀ ਤਜਵੀਜ਼ ਦਾ ਮਤਾ ਸਬੰਧਤ ਸੰਸਥਾ ਵੱਲੋਂ ਪਾਸ ਹੋਣ ਅਤੇ ਸਮਰੱਥ ਅਥਾਰਟੀ ਤੋਂ ਪ੍ਰਵਾਨ, ਹੋਣ ਉਪਰੰਤ ਵੀ ਸਰਕਾਰ ਦੀ ਪ੍ਰਵਾਨਗੀ ਲੈਣੀ ਲਾਜ਼ਮੀ ਹੋਵੇਗੀ।

ਉਕਤ ਚੌਂਕ ਦਾ ਨਾਮ ਸ਼੍ਰੀ ਗੁਰੂ ਰਵੀਦਾਸ ਮਹਾਰਾਜ ਤੇ ਰੱਖਣ ਲਈ ਤਜਵੀਜ ਹਾਊਸ ਦੇ ਵਿਚਾਰ ਹਿੱਤ।

ਸ਼੍ਰੀਮਤੀ ਕੁਲਵਿੰਦਰ ਕੋਰ, ਕੌਂਸਲਰ ਵਾਰਡ ਨੰਬਰ 41 ਨੇ ਲਿਖਤੀ ਬੇਨਤੀ ਕੀਤੀ ਕਿ ਉਕਤ ਰਿੰਗ ਰੋਡ ਬਹਿਮਣ ਚੌਂਕ ਦਾ ਕੋਈ ਵੀ ਨਾਮ ਨਾ ਰੱਖਿਆ ਜਾਵੇ, ਕਿਉਂ ਇਹ ਚੋਂਕ ਉਹਨਾਂ ਦੇ ਵਾਰਡ ਵਿੱਚ ਪੈਂਦਾ ਹੈ। ਜੋ ਏਜੰਡਾ ਪਵਾਇਆ ਹੈ, ਉਹ ਵਾਰਡ ਨੰਬਰ 45 ਦੇ ਕੌਂਸਲਰ ਵੱਲੋਂ ਪਵਾਇਆ ਗਿਆ ਹੈ। ਇਸ ਲਈ ਇਨ ਨਾ-ਮੰਨਜ਼ੂਰ ਹੈ। ਉਹਨਾਂ ਬੇਨਤੀ ਕੀਤੀ ਕਿ ਕਿਸੇ ਵੀ ਵਾਰਡ ਦੇ ਮੈਂਬਰ ਨੂੰ ਦੂਸਰੇ ਵਾਰਡ ਦੇ ਮੈਂਬਰ ਦੇ ਕੰਮਾਂ ਵਿੱਚ ਦਖਲ ਅੰਦਾਜ਼ੀ ਨਹੀਂ ਕਰਨੀ ਚਾਹੀਦੀ। ਉਹਨਾਂ ਕਿਹਾ ਕਿ ਇਸ ਚੌਂਕ ਦਾ ਨਾਮ ਕਿਸੇ ਸ਼ਹੀਦ ਦੇ ਨਾਮ ਤੇ ਰੱਖਿਆ ਜਾਵੇਗਾ। ਇਸ ਲਈ ਇਸ ਏਜੰਡੇ ਨੂੰ ਪੈਡਿੰਗ ਰੱਖਿਆ ਜਾਵੇ।

| | |
|---|---|
| ਮਤਾ ਨੰਬਰ 217: | **ਪਾਸ ਕੀਤਾ ਜਾਂਦਾ ਹੈ ਕਿ ਕਿਸੇ ਵੀ ਗਲੀ, ਮੁੱਹਲੇ ਜਾਂ ਚੌਂਕ ਦਾ ਪੁਰਾਣੇ ਨਾਮ ਦੇ ਬਦਲੇ ਨਵਾਂ ਨਾਮ ਰੱਖਣ ਸਬੰਧੀ ਪਹਿਲਾਂ ਲੋਕਾਂ ਦੇ ਇਤਰਾਜ਼ ਮੰਗੇ ਜਾਣ। ਲੋਕਾਂ ਦੇ ਇਤਰਾਜ਼ ਆਉਣ ਉਪਰੰਤ ਹੀ ਕਿਸੇ ਗਲੀ, ਮੁੱਹਲੇ ਜਾਂ ਚੌਂਕ ਦਾ ਨਾਮ ਬਦਲਣ ਖਾਤਰ ਹਾਊਸ ਵਿੱਚ ਏਜੰਡਾ ਪੇਸ਼ ਕੀਤਾ ਜਾਵੇ।** |

**ਏਜੰਡਾ ਨੰ: 21:**

ਦਫਤਰੀ ਰਿਪੋਰਟ ਕਿ ਨਗਰ ਕੌਂਸਲਰ ਵਾਰਡ ਨੰਬਰ 38 ਵੱਲੋਂ ਦਰਖਾਸਤ ਦੇ ਕੇ ਬੇਨਤੀ ਕੀਤੀ ਹੈ ਕਿ ਸਦਭਾਵਨਾ ਚੌਂਕ ਦਾ ਨਾਮ ਚਾਚਾ ਰਾਮ ਦਾਸ ਚੌਂਕ ਰੱਖਣ ਦੀ ਕ੍ਰਿਪਾਲਤਾ ਕੀਤੀ ਜਾਵੇ।

ਸਥਾਨਕ ਸਰਕਾਰ ਦੇ ਪੱਤਰ ਨੰ: 5/63/2013-4 ਸ ਸ 3/156760/1-3 ਮਿਤੀ 3 ਫਰਵਰੀ 2014 ਦੀ ਪਾਲਣਾਂ ਕਰਦੇ ਹੋਏ ਨਿਗਮ ਵੱਲੋਂ ਕਿਸੇ ਵੀ ਜਨਤਕ ਥਾਂ ਬਿਲਡਿੰਗ ਦਾ ਨਾਮ ਹੇਠ ਲਿਖੀਆਂ ਕੈਟਾਗਰੀਆਂ ਵਿਚੋਂ ਹੀ ਰੱਖਿਆ ਜਾ ਸਕੇਗਾ-

(ੳ) ਅੰਤਰ-ਰਾਸ਼ਟਰੀ ਜਾਂ ਰਾਸ਼ਟਰੀ ਪੱਧਰ ਤੇ ਕੋਈ ਮੈਡਲ/ਅਵਾਰਡ ਪ੍ਰਾਪਤ ਵਿਅਕਤੀ।

- ਅੰਤਰ-ਰਾਸ਼ਟਰੀ ਜਾਂ ਰਾਸ਼ਟਰੀ ਪੱਧਰ ਤੇ ਕੋਈ ਮਾਨਤਾ(Recognition) ਪ੍ਰਾਪਤ ਵਿਅਕਤੀ।
- ਗੰਲਟਰੀ ਅਵਾਰਡ ਪ੍ਰਾਪਤ ਵਿਅਕਤੀ।
- ਅਜਿਹੇ ਸੁੰਤਤਰਤਾ ਸੰਗਰਾਮੀ , ਜਿਨ੍ਹਾਂ ਨੂੰ ਭਾਰਤ ਸਰਕਾਰ/ ਰਾਜ ਸਰਕਾਰ ਤੋਂ ਪੈਨਸ਼ਨ ਮਿਲਦੀ ਹੋਵੇ ਅਤੇ ਤਾਮਰ ਪੱਤਰ ਵੀ ਮਿਲਿਆ ਹੋਇਆ ਹੈ।
- ਅਜਿਹੇ ਸੁੰਤਤਰਤਾ ਸੰਗਰਾਮੀ , ਜਿਨ੍ਹਾਂ ਨੇ ਦੇਸ਼ ਲਈ ਕੁਰਬਾਨੀ ਦਿੱਤੀ ਹੋਵੇ।
- ਉਘੇ ਵਿਅਕਤੀ , ਜਿਨ੍ਹਾਂ ਨੇ ਸਮਾਜ ਦੀ ਭਲਾਈ- ਜਿਵੇਂ ਸਿਹਤ, ਸਿੱਖਿਆ, ਵਾਤਾਵਰਣ, ਗਰੀਬਾਂ ਦੀ ਸਹਾਇਤਾ ਆਦਿ- ਦੇ ਕੰਮਾਂ ਵਿੱਚ ਕੋਈ ਵਿਸ਼ੇਸ ਯੋਗਦਾਨ ਪਾਇਆ ਹੋਵੇ, ਜਿਸ ਨੂੰ ਯਾਦ ਕੀਤਾ ਜਾਣਾ ਜ਼ਰੂਰੀ ਸਮਝਿਆ ਜਾਵੇ।
- ਕੋਈ ਹੋਰ ਉੱਘੀ ਸਖਸ਼ੀਅਤ, ਜੋ ਉਕਤ ਕੈਟਾਗਿਰੀਆਂ ਵਿੱਚ ਸ਼ਾਮਲ ਨਹੀਂ ਹੈ।

(ਅ) ਨਾਂ ਰੱਖਣ ਸਮੇਂ ਸਬੰਧਤ ਨਗਰ ਨਿਗਮ ਵੱਲੋਂ ਅੰਜਡਾ ਆਈਟਮ ਵਜੋਂ ਸਪੱਸ਼ਟ ਵਿਚਾਰ ਕੇ ਹੀ ਯੋਗ ਫੈਸਲਾ ਕੀਤਾ ਜਾਵੇਗਾ ਅਤੇ ਉਹ ਇਹ ਫੈਸਲਾ ਸਬੰਧਤ ਮਤੇ ਦੀ ਸਮੱਰਥ ਅਥਾਰਟੀ ਤੋਂ ਪ੍ਰਵਾਨਗੀ ਹੋਣ ਉਪਰੰਤ ਹੀ ਲਾਗੂ ਸਮਝਿਆ ਜਾਵੇਗਾ।

(ੲ) ਜੇਕਰ ਕਿਸੇ ਜਗ੍ਹਾਂ ਦੇ ਪਹਿਲਾਂ ਰੱਖੇ ਨਾਂ ਨੂੰ ਤਬਦੀਲ ਕਰਨਾ ਹੋਵੇ, ਤਾਂ ਅਜਿਹੀ ਤਜਵੀਜ਼ ਦਾ ਮਤਾ ਸਬੰਧਤ ਸੰਸਥਾ ਵੱਲੋਂ ਪਾਸ ਹੋਣ ਅਤੇ ਸਮਰੱਥ ਅਥਾਰਟੀ ਤੋਂ ਪ੍ਰਵਾਨ, ਹੋਣ ਉਪਰੰਤ ਵੀ ਸਰਕਾਰ ਦੀ ਪ੍ਰਵਾਨਗੀ ਲੈਣੀ ਲਾਜ਼ਮੀ ਹੋਵੇਗੀ।

ਸ਼੍ਰੀਮਤੀ ਮਮਤਾ ਸੈਣੀ, ਨਗਰ ਕੌਂਸਲਰ ਵੱਲੋਂ ਪ੍ਰਾਪਤ ਬਿਨੈ ਪੱਤਰ ਅਨੁਸਾਰ ਸਦਭਾਵਨਾ ਚੌਂਕ ਦਾ ਨਾਮ ਚਾਚਾ ਰਾਮ ਦਾਸ ਚੌਂਕ ਰੱਖਣ ਬਾਰੇ ਤਜਵੀਜ ਹਾਊਸ ਦੇ ਵਿਚਾਰ ਹਿੱਤ।

| | |
|---|---|
| ਮਤਾ ਨੰਬਰ 218: | **ਪਾਸ ਕੀਤਾ ਜਾਂਦਾ ਹੈ ਕਿ ਕਿਸੇ ਵੀ ਗਲੀ, ਮੁੱਹਲੇ ਜਾਂ ਚੌਂਕ ਦਾ ਪੁਰਾਣੇ ਨਾਮ ਦੇ ਬਦਲੇ ਨਵਾਂ ਨਾਮ ਰੱਖਣ ਸਬੰਧੀ ਪਹਿਲਾਂ ਲੋਕਾਂ ਦੇ ਇਤਰਾਜ਼ ਮੰਗੇ ਜਾਣ। ਲੋਕਾਂ ਦੇ ਇਤਰਾਜ਼ ਆਉਣ ਉਪਰੰਤ ਹੀ ਕਿਸੇ ਗਲੀ, ਮੁੱਹਲੇ ਜਾਂ ਚੌਂਕ ਦਾ ਨਾਮ ਬਦਲਣ ਖਾਤਰ ਹਾਊਸ ਵਿੱਚ ਏਜੰਡਾ ਪੇਸ਼ ਕੀਤਾ ਜਾਵੇ।** |

**ਏਜੰਡਾ ਨੰ: 22:**

ਦਫਤਰੀ ਰਿਪੋਰਟ ਕਿ ਨਗਰ ਕੌਂਸਲਰ ਵਾਰਡ ਨੰਬਰ 26 ਵੱਲੋਂ ਦਰਖਾਸਤ ਦੇ ਕੇ ਬੇਨਤੀ ਕੀਤੀ ਹੈ ਕਿ ਕਿਲਾ ਰੋਡ ਤੋਂ ਪੁਰਾਣਾ ਥਾਣਾ ਤੋਂ ਜਾਂਦੇ ਹੋਏ ਤੇਲੀਆਂ ਵਾਲਾ ਮੁੱਹਲਾ ਦੇ ਸਾਹਮਣੇ ਗਲੀ ਦਾ ਕੋਈ ਨਾਮ ਨਾ ਹੋਣ ਕਰਕੇ ਲੋਕਾਂ ਵੱਲੋਂ ਬਹੁਤ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਲਈ ਇਸ ਗਲੀ ਦਾ ਨਾਮ ਪੰਡਿਤ ਜੇਠੂ ਰਾਮ ਵਾਲੀ ਗਲੀ ਰੱਖਣ ਦੀ ਕ੍ਰਿਪਾਲਤਾ ਕੀਤੀ ਜਾਵੇ।

ਸਥਾਨਕ ਸਰਕਾਰ ਦੇ ਪੱਤਰ ਨੰ: 5/63/2013-4 ਸ ਸ 3/156760/1-3 ਮਿਤੀ 3 ਫਰਵਰੀ 2014 ਦੀ ਪਾਲਣਾਂ ਕਰਦੇ ਹੋਏ ਨਿਗਮ ਵੱਲੋਂ ਕਿਸੇ ਵੀ ਜਨਤਕ ਥਾਂ ਬਿਲਡਿੰਗ ਦਾ ਨਾਮ ਹੇਠ ਲਿਖੀਆਂ ਕੈਟਾਗਰੀਆਂ ਵਿਚੋਂ ਹੀ ਰੱਖਿਆ ਜਾ ਸਕੇਗਾ-

(ੳ) ਅੰਤਰ-ਰਾਸ਼ਟਰੀ ਜਾਂ ਰਾਸ਼ਟਰੀ ਪੱਧਰ ਤੇ ਕੋਈ ਮੈਡਲ/ਅਵਾਰਡ ਪ੍ਰਾਪਤ ਵਿਅਕਤੀ।

- ਅੰਤਰ-ਰਾਸ਼ਟਰੀ ਜਾਂ ਰਾਸ਼ਟਰੀ ਪੱਧਰ ਤੇ ਕੋਈ ਮਾਨਤਾ(Recognition) ਪ੍ਰਾਪਤ ਵਿਅਕਤੀ।
- ਗੰਲਟਰੀ ਅਵਾਰਡ ਪ੍ਰਾਪਤ ਵਿਅਕਤੀ।
- ਅਜਿਹੇ ਸੁੰਤਤਰਤਾ ਸੰਗਰਾਮੀ , ਜਿਨ੍ਹਾਂ ਨੂੰ ਭਾਰਤ ਸਰਕਾਰ/ ਰਾਜ ਸਰਕਾਰ ਤੋਂ ਪੈਨਸ਼ਨ ਮਿਲਦੀ ਹੋਵੇ ਅਤੇ ਤਾਮਰ ਪੱਤਰ ਵੀ ਮਿਲਿਆ ਹੋਇਆ ਹੈ।
- ਅਜਿਹੇ ਸੁੰਤਤਰਤਾ ਸੰਗਰਾਮੀ , ਜਿਨ੍ਹਾਂ ਨੇ ਦੇਸ਼ ਲਈ ਕੁਰਬਾਨੀ ਦਿੱਤੀ ਹੋਵੇ।
- ਉਘੇ ਵਿਅਕਤੀ , ਜਿਨ੍ਹਾਂ ਨੇ ਸਮਾਜ ਦੀ ਭਲਾਈ- ਜਿਵੇਂ ਸਿਹਤ, ਸਿੱਖਿਆ, ਵਾਤਾਵਰਣ, ਗਰੀਬਾਂ ਦੀ ਸਹਾਇਤਾ ਆਦਿ- ਦੇ ਕੰਮਾਂ ਵਿੱਚ ਕੋਈ ਵਿਸ਼ੇਸ ਯੋਗਦਾਨ ਪਾਇਆ ਹੋਵੇ, ਜਿਸ ਨੂੰ ਯਾਦ ਕੀਤਾ ਜਾਣਾ ਜ਼ਰੂਰੀ ਸਮਝਿਆ ਜਾਵੇ।
- ਕੋਈ ਹੋਰ ਉੱਘੀ ਸਖਸ਼ੀਅਤ, ਜੋ ਉਕਤ ਕੈਟਾਗਿਰੀਆਂ ਵਿੱਚ ਸ਼ਾਮਲ ਨਹੀਂ ਹੈ।

(ਅ) ਨਾਂ ਰੱਖਣ ਸਮੇਂ ਸਬੰਧਤ ਨਗਰ ਨਿਗਮ ਵੱਲੋਂ ਅੰਜਡਾ ਆਈਟਮ ਵਜੋਂ ਸਪੱਸ਼ਟ ਵਿਚਾਰ ਕੇ ਹੀ ਯੋਗ ਫੈਸਲਾ ਕੀਤਾ ਜਾਵੇਗਾ ਅਤੇ ਉਹ ਇਹ ਫੈਸਲਾ ਸਬੰਧਤ ਮਤੇ ਦੀ ਸਮੱਰਥ ਅਥਾਰਟੀ ਤੋਂ ਪ੍ਰਵਾਨਗੀ ਹੋਣ ਉਪਰੰਤ ਹੀ ਲਾਗੂ ਸਮਝਿਆ ਜਾਵੇਗਾ।

(ੲ) ਜੇਕਰ ਕਿਸੇ ਜਗ੍ਹਾਂ ਦੇ ਪਹਿਲਾਂ ਰੱਖੇ ਨਾਂ ਨੂੰ ਤਬਦੀਲ ਕਰਨਾ ਹੋਵੇ, ਤਾਂ ਅਜਿਹੀ ਤਜਵੀਜ਼ ਦਾ ਮਤਾ ਸਬੰਧਤ ਸੰਸਥਾ ਵੱਲੋਂ ਪਾਸ ਹੋਣ ਅਤੇ ਸਮਰੱਥ ਅਥਾਰਟੀ ਤੋਂ ਪ੍ਰਵਾਨ, ਹੋਣ ਉਪਰੰਤ ਵੀ ਸਰਕਾਰ ਦੀ ਪ੍ਰਵਾਨਗੀ ਲੈਣੀ ਲਾਜ਼ਮੀ ਹੋਵੇਗੀ।

**ਇੱਥੇ ਇਹ ਦਸਣਯੋਗ ਹੈ ਕਿ ਸਰਕਾਰ ਵੱਲੋਂ ਨਿਰਧਾਰਤ ਸ਼ਰਤਾਂ ਅਨੁਸਾਰ ਪੰਡਿਤ ਜੇਠੂ ਰਾਮ ਕੋਈ ਵੀ ਸ਼ਰਤ ਪੂਰੀ ਨਹੀਂ ਕਰਦਾ।**

ਉਪਰੋਕਤ ਰਿਪੋਰਟ ਹਾਊਸ ਦੀ ਜਾਣਕਾਰੀ ਅਤੇ ਵਿਚਾਰ ਹਿੱਤ।

| | |
|---|---|
| ਮਤਾ ਨੰਬਰ 219: | **ਪਾਸ ਕੀਤਾ ਜਾਂਦਾ ਹੈ ਕਿ ਕਿਸੇ ਵੀ ਗਲੀ, ਮੁੱਹਲੇ ਜਾਂ ਚੌਂਕ ਦਾ ਪੁਰਾਣੇ ਨਾਮ ਦੇ ਬਦਲੇ ਨਵਾਂ ਨਾਮ ਰੱਖਣ ਸਬੰਧੀ ਪਹਿਲਾਂ ਲੋਕਾਂ ਦੇ ਇਤਰਾਜ਼ ਮੰਗੇ ਜਾਣ। ਲੋਕਾਂ ਦੇ ਇਤਰਾਜ਼ ਆਉਣ ਉਪਰੰਤ ਹੀ ਕਿਸੇ ਗਲੀ, ਮੁੱਹਲੇ ਜਾਂ ਚੌਂਕ ਦਾ ਨਾਮ ਬਦਲਣ ਖਾਤਰ ਹਾਊਸ ਵਿੱਚ ਏਜੰਡਾ ਪੇਸ਼ ਕੀਤਾ ਜਾਵੇ।** |

**ਏਜੰਡਾ ਨੰ: 23:**

ਰਿਪੋਰਟ ਸਿਹਤ ਸ਼ਾਖਾ ਕਿ ਸ਼ਹਿਰ ਦੇ 04 ਜ਼ੋਨਾਂ (ਜ਼ੋਨ ਨੰਬਰ 3,4,5 ਅਤੇ 6) ਵਿੱਚ 30 ਮਿੰਨੀ ਟਿੱਪਰਾਂ (27+3=30) ਦੀਆਂ ਦੋ ਸ਼ਿਫਟਾਂ (ਸਵੇਰੇ 6 ਵਜੇ ਤੋਂ 2 ਵਜੇ ਤੱਕ ਅਤੇ 2 ਵਜੇ ਤੋਂ ਰਾਤ 10 ਵਜੇ ਤੱਕ) ਵਿੱਚ ਵਰਤੋਂ ਕਰਕੇ ਡੋਰ-ਟੂ-ਡੋਰ ਕੂੜ੍ਹਾ ਕੁਲੈਕਸ਼ਨ ਕੀਤੀ ਜਾ ਰਹੀ ਹੈ। ਇੰਨ੍ਹਾਂ ਵਿੱਚੋਂ 03 ਮਿੰਨੀ ਟਿੱਪਰ ਸੀ.ਐਨ.ਜੀ. ਗੈਸ ਵਾਲੇ ਹਨ ਅਤੇ 27 ਮਿੰਨੀ ਟਿੱਪਰ ਪੁਰਾਣੇ ਹਨ। ਮਹੀਨਾ ਅਗਸਤ 2020 ਨੂੰ ਇਹਨਾਂ ਮਿੰਨੀ ਟਿੱਪਰਾਂ ਦੇ ਟਾਇਰਾਂ ਨੂੰ ਬਦਲਾ ਕੇ ਨਵੇਂ ਟਾਇਰ ਲਗਵਾਏ ਗਏ ਸਨ। ਇਹ 27 ਮਿੰਨੀ ਟਿੱਪਰ 50000 ਕਿਲੋਮੀਟਰ ਤੋਂ ਵੱਧ ਚੱਲ ਚੁੱਕੇ ਹਨ। ਇਹਨਾਂ ਮਿੰਨੀ ਟਿੱਪਰਾਂ ਦੇ ਟਾਇਰ ਅਤੇ ਸਪੇਅਰ ਟਾਇਰਾਂ (ਸਟਪਨੀ) ਦੀ ਵੀ ਲਗਾਤਾਰ ਕੂੜ੍ਹੇ ਵਾਲੀ ਜਗ੍ਹਾ ਤੇ ਵਰਤੋਂ ਕਰਨ ਨਾਲ ਕੰਡਮ ਹੋ ਚੁੱਕੇ ਹਨ। ਆਉਣ ਵਾਲੇ ਗਰਮੀ ਦੇ ਮੌਸਮ ਵਿੱਚ ਜਿਆਦਾ ਦਿੱਕਤ ਪੇਸ਼ ਆ ਸਕਦੀ ਹੈ। ਇਸ ਲਈ ਇਹਨਾਂ ਟਿੱਪਰਾਂ ਦੇ ਟਾਇਰ ਅਤੇ ਸਪੇਅਰ ਟਾਇਰਾਂ ਨੂੰ ਬਦਲਣ ਦੀ ਲੋੜ੍ਹ ਹੈ ਤਾਂ ਜੋ ਕੰਮ ਪ੍ਰਭਾਵਿਤ ਨਾ ਹੋਵੇ। ਇੰਨ੍ਹਾਂ 27 ਮਿੰਨੀ ਟਿੱਪਰਾਂ ਵਿੱਚੋਂ 20 ਮਿੰਨੀ ਟਿੱਪਰ ਮਹਿੰਦਰਾਂ ਕੰਪਨੀ ਦੇ ਹਨ ਜਿੰਨ੍ਹਾਂ ਵਿੱਚ 165D13 RIB TYPE TYRE & TUBE SD ਲੱਗੇ ਹੋਏ ਹਨ ਅਤੇ 7 ਮਿੰਨੀ ਟਿੱਪਰ ਟਾਟਾ ਕੰਪਨੀ ਦੇ ਹਨ, ਜਿੰਨ੍ਹਾਂ ਵਿੱਚ 165 R/14 LTਟਾਇਰ ਟਿਊਬ ਲੱਗੇ ਹੋਏ ਹਨ। ਇਸ ਲਈ ਇਹਨਾਂ 27 ਟਿੱਪਰਾਂ ਲਈ ਕੁੱਲ 135 {(54 ਅਗਲੇ ਟਾਇਰ, 54 ਪਿਛਲੇ ਲੋਡਿੰਗ ਟਾਇਰ ਅਤੇ 27 ਸਪੇਅਰ ਟਾਇਰ (ਸਟਪਨੀ)} ਟਾਇਰਾਂ ਦੀ ਲੋੜ੍ਹ ਹੈ। ਇਹਨਾਂ ਟਿੱਪਰਾਂ ਲਈ 165 D13 RIB TYPE TYRE & TUBE SD ਟਾਈਪ ਅਤੇ 165 R/14LT ਟਾਈਪ ਦੇ ਖਰੀਦ ਕੀਤੇ ਜਾਣੇ ਹਨ। ਸਰਕਾਰ ਦੀਆਂ ਹਦਾਇਤਾਂ ਅਨੁਸਾਰ ਇਹ ਖਰੀਦ Gem-Portal ਤੋਂ ਕੀਤੀ ਜਾਣੀ ਹੈ।Gem-Portal ਤੇ ਇੱਕ ਟਾਇਰ ਦਾ ਰੇਟ ਪਤਾ ਕੀਤਾ ਗਿਆ ਹੈ ਜੋ ਕਿ ਲਗਭਗ 4139/- ਰੁਪਏ ਹੈ। 135 ਟਾਇਰ-ਟਿਊਬ ਸੈਟ ਖਰੀਦ ਕਰਨ ਤੇ ਲਗਭਗ 5,58,765/- ਰੁਪਏ ਖਰਚ ਆਉਣ ਦੀ ਸੰਭਾਵਨਾਂ ਹੈ। ਗਰਮੀ ਦੇ ਮੌਸਮ ਨੂੰ ਦੇਖਦੇ ਹੋਏ ਇਹਨਾਂ ਟਾਇਰਾਂ ਦੀ ਜਲਦ ਖਰੀਦ ਕਰਨੀ ਅਤਿ ਜਰੂਰੀ ਹੈ, ਤਾਂ ਕਿ ਡੋਰ-ਟੂ-ਡੋਰ ਗਾਰਬੇਜ਼ ਕੁਲੈਕਸ਼ਨ ਤੇ ਮਾੜਾ ਅਸਰ ਨਾ ਪਵੇ। ਰਿਪੋਰਟ ਖਰਚੇ ਦੀ ਪ੍ਰਵਾਨਗੀ ਲਈ ਹਾਊਸ ਦੇ ਵਿਚਾਰ ਹਿੱਤ।

| | |
|---|---|
| **ਮਤਾ ਨੰਬਰ 220:** | **ਪ੍ਰਵਾਨ ਹੈ।** |

**ਏਜੰਡਾ ਨੰ: 24:**

ਰਿਪੋਰਟ ਵਾਟਰ ਸਪਲਾਈ ਅਤੇ ਸੀਵਰੇਜ਼ ਸ਼ਾਖਾ ਕਿ ਕਾਰਜਕਾਰੀ ਇੰਜੀਨੀਅਰ, ਪੰਜਾਬ ਵ/ਸ ਅਤੇ ਸੀਵਰੇਜ਼ ਮੰਡਲ ਨੰਬਰ 2, ਬਠਿੰਡਾ ਵੱਲੋਂ ਉਹਨਾਂ ਦੇ ਪੱਤਰ ਨੰਬਰ 1436 ਮਿਤੀ 05.05.2023 ਰਾਹੀਂ ਫੰਡਜ਼ ਦੇ ਪ੍ਰਬੰਧ ਲਈ ਹੇਠ ਅਨੁਸਾਰ ਤਖਮੀਨੇ ਭੇਜੇ ਗਏ ਹਨ:

| ਲੜੀ ਨੰ: | ਕੰਮ ਦਾ ਨਾਮ | ਰਕਮ |
|---|---|---|
| 1 | ਤਖਮੀਨਾ ਸਲਾਨਾ ਦੇਖਭਾਲ ਵਾਟਰ ਸਪਲਾਈ ਸਕੀਮ ਨਿਰਵਾਣਾ ਅਸਟੇਟ ਬਠਿੰਡਾ ਬਾਬਤ ਸਾਲ 2023-24 (01.04.2023 ਤੋਂ 31.03.2024) | 5.01 ਲੱਖ ਰੁਪਏ |
| 2 | ਤਖਮੀਨਾ ਸਲਾਨਾ ਦੇਖਭਾਲ ਵਾਟਰ ਸਪਲਾਈ ਸਕੀਮ ਮਿਲਕ ਪਲਾਂਟ ਬਠਿੰਡਾ ਬਾਬਤ ਸਾਲ 2023-24 (01.04.2023 ਤੋਂ 31.03.2024) | 13.82 ਲੱਖ ਰੁਪਏ |
| 3 | ਤਖਮੀਨਾ ਸਲਾਨਾ ਦੇਖਭਾਲ ਵਾਟਰ ਸਪਲਾਈ ਸਕੀਮ ਪੂਜਾਂ ਵਾਲਾ ਮੁੱਹਲਾ ਬਠਿੰਡਾ ਬਾਬਤ ਸਾਲ 2023-24 (01.04.2023 ਤੋਂ 31.03.2024) | 13.85 ਲੱਖ ਰੁਪਏ |
| 4 | ਤਖਮੀਨਾ ਸਲਾਨਾ ਦੇਖਭਾਲ ਵਾਟਰ ਸਪਲਾਈ ਸਕੀਮ ਇੰਡਸਟਰੀਅਲ ਫੋਕਲ ਪੁਆਇੰਟ ਬਠਿੰਡਾ ਬਾਬਤ ਸਾਲ 2023-24 (01.04.2023 ਤੋਂ 31.03.2024) | 15.38 ਲੱਖ ਰੁਪਏ |

ਮਾਨਯੋਗ ਹਾਊਸ ਤੋਂ ਬਿਨ੍ਹਾਂ ਕੋਈ ਵੀ ਅਦਾਇਗੀ ਨਹੀਂ ਕੀਤੀ ਜਾ ਸਕਦੀ। ਇਸ ਲਈ ਤਖਮੀਨੇ ਮਾਨਯੋਗ ਹਾਊਸ ਦੀ ਪ੍ਰਵਾਨਗੀ ਪ੍ਰਾਪਤ ਕਰਨ ਹਿੱਤ ਰਿਪੋਰਟ ਕੀਤੀ ਗਈ ਹੈ।

ਉਕਤ ਸਬੰਧੀ ਨਿਗਰਾਨ ਇੰਜੀਨੀਅਰ, ਨਗਰ ਨਿਗਮ ਬਠਿੰਡਾ ਨੇ ਰਿਪੋਰਟ ਕੀਤੀ ਹੈ ਕਿ “No GST is payable on labour. Pl. amend estimates accordingly and put up”.

ਇਸਤੇ ਡਿਪਟੀ ਕੰਟਰੋਲਰ (ਵਿੱਤ ਤੇ ਲੇਖਾ) ਨਗਰ ਨਿਗਮ ਬਠਿੰਡਾ ਨੇ ਰਿਪੋਰਟ ਕੀਤੀ ਹੈ ਕਿ ਉਕਤ ਸਬੰਧੀ Chartered Accountant ਨਾਲ ਵਿਸਥਾਰਪੂਵਕ ਚਰਚਾ ਹੋਈ। ਉਹਨਾਂ ਵੱਲੋਂ ਭਾਰਤ ਸਰਕਾਰ ਵਿੱਤ ਮੰਤਰਾਲੇ ਵੱਲੋਂ ਜਾਰੀ ਪੱਤਰ ਦੀ ਕਾਪੀ ਦਿੱਤੀ ਗਈ ਜੋ ਕਿ ਵੱਖ-ਵੱਖ ਵਿਭਾਗਾਂ/ਏਜੰਸੀਆਂ ਵੱਲੋਂ ਜੀ.ਐਸ.ਟੀ. ਲੱਗਣ ਬਾਰੇ ਪੁੱਛੇ ਗਏ ਸਵਾਲਾਂ ਦੇ ਜਵਾਬ ਬਾਰੇ ਸੀ। ਇਸਦੇ ਪੁਆਇੰਟ ਨੰਬਰ 7.4 ਜੋ ਕਿ ਹੇਠ ਅਨੁਸਾਰ ਪੜਿਆ ਗਿਆ ਹੈ:

“The exemption under entry 3 & 3A of Notification 12/2017-Central Tax (Rate) dated 28.06.2017 has been given on pure services & composite supplies procured by Central Government, State Government, Union Territories or Local Authorities for performing functions listed in the 11th and 12th Schedule of the Constitution”.

ਇਸ ਅਨੁਸਾਰ 11th& 12th Schedule ਦੇਖੇ ਗਏ। ਉਸ ਵਿੱਚ 11 ਨੰਬਰ ਪੁਆਇੰਟ ਪੀਣ ਵਾਲੇ ਪਾਣੀ ਬਾਰੇ ਹੈ। ਪੁਆਇੰਟ ਨੰਬਰ 23 ਸਿਹਤ ਅਤੇ ਸੈਨੀਟੇਸ਼ਨ ਬਾਰੇ ਹੈ। ਇਸ ਤਰ੍ਹਾਂ 12th Schedule ਪੁਆਇੰਟ ਨੰਬਰ 5 ਘਰੇਲੂ ਵਾਟਰ ਸਪਲਾਈ ਅਤੇ ਕਮਰਸ਼ੀਅਲ ਵਾਟਰ ਸਪਲਾਈ ਬਾਰੇ ਹੈ। ਪੁਆਇੰਟ ਨੰਬਰ 6 ਪਬਲਿਕ ਹੈਲਥ, ਸੈਨੀਟੇਸ਼ਨ ਅਤੇ ਸੋਲਿਡ ਵੇਸਟ ਮੈਨੇਜ਼ਮੈਂਟ ਬਾਰੇ ਹੈ। ਉਕਤ ਦਾ ਨਿਚੋੜ ਹੈ ਕਿ ਇਹਨਾਂ ਐਸਟੀਮੇਟਾਂ ਤੇ ਜੀ.ਐਸ.ਟੀ. ਨਹੀਂ ਲਗਣਾ ਬਣਦਾ ਹੈ।

ਉਕਤ ਦੇ ਮੱਦੇ ਨਜ਼ਰ ਨਿਗਰਾਨ ਇੰਜੀਨੀਅਰ, ਨਗਰ ਨਿਗਮ ਬਠਿੰਡਾ ਵੱਲੋਂ ਹੇਠ ਅਨੁਸਾਰ ਤਖਮੀਨੇ ਸੋਧੇ ਗਏ ਹਨ:

| ਲੜੀ ਨੰ: | ਕੰਮ ਦਾ ਨਾਮ | ਰਕਮ |
|---|---|---|
| 1 | Annual Mtc. of W/S & Tubewell SCheme at Nirwana Estate | Rs. 4.23 lakhs |
| 2 | Annual Mtc. of W/S Scheme Milk Plant, Bathinda | Rs. 11.67 lakhs |
| 3 | Annual Mtc. of W/S at Pujjan Wala Mohalla, Bathinda | Rs. 11.70 lakhs |
| 4 | Annual Mtc. of W/S at Industrial Focal Point, Bathinda | Rs. 12.99 lakhs |

ਪ੍ਰਵਾਨਗੀ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

| | |
|---|---|
| **ਮਤਾ ਨੰਬਰ 221:** | **ਪ੍ਰਵਾਨ ਹੈ।** |

**ਏਜੰਡਾ ਨੰ: 25:**

ਰਿਪੋਰਟ ਵਾਟਰ ਸਪਲਾਈ ਅਤੇ ਸੀਵਰੇਜ਼ ਸ਼ਾਖਾ ਕਿ ਕਾਰਜਕਾਰੀ ਇੰਜੀਨੀਅਰ, ਪੰਜਾਬ ਵ/ਸ ਅਤੇ ਸੀਵਰੇਜ਼ ਮੰਡਲ ਨੰਬਰ 1, ਬਠਿੰਡਾ ਵੱਲੋਂ ਉਹਨਾਂ ਦੇ ਪੱਤਰ ਨੰਬਰ 2301 ਮਿਤੀ 09.06.2023 ਰਾਹੀਂ Estimate for Operation & Maintenance of 52 MLD Capacity STP (SBR Technology) at Bathinda 97.51 ਲੱਖ ਰੁਪਏ ਦਾ ਤਖਮੀਨਾ ਭੇਜਿਆ ਗਿਆ ਹੈ।ਮਾਨਯੋਗ ਹਾਊਸ ਤੋਂ ਬਿਨ੍ਹਾਂ ਕੋਈ ਵੀ ਅਦਾਇਗੀ ਨਹੀਂ ਕੀਤੀ ਜਾ

ਸਕਦੀ। ਇਸ ਸਬੰਧੀ ਨਿਗਰਾਨ ਇੰਜੀਨੀਅਰ, ਨਗਰ ਨਿਗਮ ਬਠਿੰਡਾ ਨੇ ਰਿਪੋਰਟ ਕੀਤੀ ਹੈ ਕਿ "Submitted for A/A estimate of annual O&M of 52 MLD STP for year 2023-2024 Rs. 97.51 lakhs only".

ਉਕਤ ਅਨੁਸਾਰ ਤਖਮੀਨੇ ਦੀ ਮਾਨਯੋਗ ਹਾਊਸ ਤੋਂ ਪ੍ਰਵਾਨਗੀ ਹਿੱਤ।

| | |
|---|---|
| **ਮਤਾ ਨੰਬਰ 222:** | **ਪ੍ਰਵਾਨ ਹੈ।** |

**ਏਜੰਡਾ ਨੰ: 26:**

ਰਿਪੋਰਟ ਵਾਟਰ ਸਪਲਾਈ ਅਤੇ ਸੀਵਰੇਜ਼ ਸ਼ਾਖਾ ਕਿ ਨਿਗਰਾਨ ਇੰਜੀਨੀਅਰ, ਪੰਜਾਬ ਵ/ਸ ਅਤੇ ਸੀਵਰੇਜ਼ ਹਲਕਾ, ਬਠਿੰਡਾ ਵੱਲੋਂ ਉਹਨਾਂ ਦੇ ਪੱਤਰ ਨੰਬਰ 2087 ਮਿਤੀ 15.05.2023 ਰਾਹੀਂ ਤਖਮੀਨਾ ਸਲਾਨਾ ਦੇਖਭਾਲ ਆਫ ਵਾਟਰ ਸਪਲਾਈ ਡਿਸਟਰੀਬਿਊਸ਼ਨ ਸਿਸਟਮ ਐਂਡ ਵਾਟਰ ਵਰਕਸ ਆਫ ਅਰਬਨ ਅਸਟੇਟ ਫੇਜ਼ 4 ਅਤੇ 5 ਬਠਿੰਡਾ ਬਾਬਤ ਸਾਲ 2023-24 (01.04.2023 ਤੋਂ 31.03.2024) 34.11 ਲੱਖ ਰੁਪਏ ਦਾ ਤਖਮੀਨਾ ਪ੍ਰਵਾਨਗੀ ਲਈ ਭੇਜਿਆ ਗਿਆ ਹੈ।ਮਾਨਯੋਗ ਹਾਊਸ ਤੋਂ ਬਿਨ੍ਹਾਂ ਕੋਈ ਵੀ ਅਦਾਇਗੀ ਨਹੀਂ ਕੀਤੀ ਜਾ ਸਕਦੀ। ਇਸ ਸਬੰਧੀ ਨਿਗਰਾਨ ਇੰਜੀਨੀਅਰ, ਨਗਰ ਨਿਗਮ ਬਠਿੰਡਾ ਨੇ ਰਿਪੋਰਟ ਕੀਤੀ ਹੈ ਕਿ "A/A for O&M of W/S Distribution Network in Model Town Ph-IV & V for Rs. 29.56 lakhs may be granted, pl".

ਉਕਤ ਅਨੁਸਾਰ ਤਖਮੀਨੇ ਦੀ ਮਾਨਯੋਗ ਹਾਊਸ ਤੋਂ ਪ੍ਰਵਾਨਗੀ ਹਿੱਤ।

| | |
|---|---|
| **ਮਤਾ ਨੰਬਰ 223:** | **ਪ੍ਰਵਾਨ ਹੈ।** |

**ਏਜੰਡਾ ਨੰ: 27**

ਰਿਪੋਰਟ ਵਾਟਰ ਸਪਲਾਈ ਅਤੇ ਸੀਵਰੇਜ਼ ਸ਼ਾਖਾ ਕਿ ਕਾਰਜਕਾਰੀ ਇੰਜੀਨੀਅਰ, ਪੰਜਾਬ ਵ/ਸ ਅਤੇ ਸੀਵਰੇਜ਼ ਮੰਡਲ ਨੰਬਰ 1, ਬਠਿੰਡਾ ਵੱਲੋਂ ਉਹਨਾਂ ਦੇ ਪੱਤਰ ਨੰਬਰ 2298 ਮਿਤੀ 09.06.2023 ਰਾਹੀਂ ਤਖਮੀਨਾ ਸਲਾਨਾ ਦੇਖਭਾਲ ਵ/ਸ ਅਤੇ ਸੀਵਰੇਜ਼ ਸਕੀਮ ਬਠਿੰਡਾ ਬਾਬਤ ਸਾਲ 2023-24 (01.04.2023 ਤੋਂ 31.03.2024) 1448.49 ਲੱਖ ਰੁਪਏ ਦਾ ਤਖਮੀਨਾ ਪ੍ਰਵਾਨਗੀ ਲਈ ਭੇਜਿਆ ਗਿਆ ਹੈ।ਮਾਨਯੋਗ ਹਾਊਸ ਤੋਂ ਬਿਨ੍ਹਾਂ ਕੋਈ ਵੀ ਅਦਾਇਗੀ ਨਹੀਂ ਕੀਤੀ ਜਾ ਸਕਦੀ। ਇਸ ਸਬੰਧੀ ਨਿਗਰਾਨ ਇੰਜੀਨੀਅਰ, ਨਗਰ ਨਿਗਮ ਬਠਿੰਡਾ ਨੇ ਰਿਪੋਰਟ ਕੀਤੀ ਹੈ ਕਿ "Submitted for A/A of estimate of annual mtc. of W/S & Sewerage Scheme for year 2023-24, Est. cost Rs. 1448.49 lakhs".

ਉਕਤ ਅਨੁਸਾਰ ਤਖਮੀਨੇ ਦੀ ਮਾਨਯੋਗ ਹਾਊਸ ਤੋਂ ਪ੍ਰਵਾਨਗੀ ਹਿੱਤ।

| | |
|---|---|
| **ਮਤਾ ਨੰਬਰ 224:** | **ਪ੍ਰਵਾਨ ਹੈ।** |

**ਏਜੰਡਾ ਨੰ: 28:**

ਰਿਪੋਰਟ ਕਿ ਅਧੀਨ ਸੇਵਾਵਾਂ ਬੋਰਡ, ਪੰਜਾਬ ਵੱਲੋਂ ਪ੍ਰਕਾਸ਼ਿਤ ਕੀਤੇ ਗਏ ਇਸ਼ਤਿਹਾਰ ਨੰਬਰ 19 ਆਫ 2021 ਵਿੱਚ ਕਲੱਰਕ (ਆਈ.ਟੀ.) ਦੀਆਂ ਸਿੱਧੀ ਭਰਤੀ ਦੀਆਂ ਆਸਾਮੀਆਂ ਭਰਨ ਸਬੰਧੀ ਪ੍ਰਾਪਤ ਸਿਲੈਕਸ਼ਨ ਲਿਸਟ ਅਨੁਸਾਰ ਬਤੌਰ ਕਲੱਰਕ (ਆਈ.ਟੀ) (ਡਾਇਰੈਕਟੋਰੇਟ, ਸਥਾਨਕ ਸਰਕਾਰ/ ਨਗਰ ਨਿਗਮ/ ਨਗਰ ਕੌਂਸਲਾਂ/ ਨਗਰ ਸੁਧਾਰ ਟਰੱਸਟ) ਵਿਖੇ ਚੁਣੇ ਜਾਣ ਤੇ ਵਿੱਤ ਵਿਭਾਗ ਦੇ ਪੱਤਰ ਨੰ: 7/42/2020-5 ਐਫ.ਪੀ. 1/741-746 ਮਿਤੀ 17.07.2020 ਅਨੁਸਾਰ ਸਰਕਾਰ ਦੀ ਅਧਿਸੂਚਨਾਂ ਨੰਬਰ 7/204/2012-4 ਐਫ.ਪੀ. 1/66 ਮਿਤੀ 15.01.2015 ਅਤੇ ਪੱਤਰ ਨੰਬਰ 1/06/2016-ਪੀ.ਪੀ. 1/834680/1-2 ਮਿਤੀ 07.09.2016 ਰਾਹੀਂ ਕੀਤੇ ਉਪਬੰਧਾਂ ਅਨੁਸਾਰ ਤਿੰਨ ਸਾਲ ਦੇ ਪਰਖ ਕਾਲ ਸਮੇਂ ਦੌਰਾਨ ਮੁਢਲੀ ਤਨਖਾਹ 19,900/- ਰੁਪਏ ਤੇ 6 ਕਲੱਰਕ (ਜਨਰਲ) ਅਤੇ 6 ਕਲੱਰਕ (ਆਈ.ਟੀ) ਦੀ ਸਿਲੈਕਸ਼ਨ ਕਰਕੇ ਨਗਰ ਨਿਗਮ ਬਠਿੰਡਾ ਵਿਖੇ ਨਿਯੁਕਤੀ ਲਈ ਭੇਜੇ ਗਏ ਹਨ। ਸਰਕਾਰ ਦੇ ਹੁਕਮਾਂ ਦੀ ਪਾਲਣਾਂ ਕਰਦੇ ਹੋਏ ਦਫਤਰ ਵੱਲੋਂ ਹੁਕਮ ਨੰਬਰ 118 ਮਿਤੀ 13.06.2023 ਅਤੇ ਹੁਕਮ ਨੰਬਰ 119 ਮਿਤੀ 14.06.2023 ਰਾਹੀਂ ਇਹਨਾਂ ਦੀ ਨਿਯੁਕਤੀ ਕੀਤੀ ਗਈ ਹੈ। ਕਾਰਜਬਾਅਦ ਪ੍ਰਵਾਨਗੀ ਅਤੇ ਜਾਣਕਾਰੀ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

| | |
|---|---|
| **ਮਤਾ ਨੰਬਰ 225:** | **ਰੱਦ ਕੀਤਾ ਜਾਂਦਾ ਹੈ।**<br>**ਹਾਊਸ ਸਰਕਾਰ ਦੀਆਂ ਸਿਫਾਰਸ਼ਾਂ ਨਾਲ ਸਹਿਮਤ ਨਹੀਂ ਹੈ ਅਤੇ ਪੰਜਾਬ ਮਿਊਂਸਪਲ ਕਾਰਪੋਰੇਸ਼ਨ ਐਕਟ 1976 ਦੀ ਧਾਰਾ 71(8) ਦੇ ਉਪਬੰਧਾਂ ਅਨੁਸਾਰ ਹਾਊਸ ਦੀਆਂ ਟਿੱਪਣੀਆਂ ਨੂੰ ਫੈਸਲੇ ਲਈ ਸਰਕਾਰ ਪਾਸ ਭੇਜਿਆ ਜਾਂਦਾ ਹੈ।** |

**ਏਜੰਡਾ ਨੰ: 29:**

ਦਫਤਰੀ ਰਿਪੋਰਟ ਕਿ ਸਾਲ 2002 ਵਿੱਚ ਮਿਊਂਸਪਲ ਕਮੇਟੀ ਤੋਂ ਨਗਰ ਨਿਗਮ ਵਿੱਚ ਅਪਗ੍ਰੇਡ ਹੋਣ ਤੋਂ ਬਾਅਦ ਸ਼ਹਿਰ ਦੇ ਵਿਕਾਸ ਅਤੇ ਵਿਕਾਸ ਨੂੰ ਉਜਾਗਰ ਕਰਨ ਖਾਤਰ ਰਿਪੋਰਟ ਹੈ ਕਿ ਬਠਿੰਡਾ ਨੇ ਇੰਨ੍ਹਾਂ ਸਾਲਾਂ ਦੌਰਾਨ ਮਹੱਤਵਪੂਰਣ ਤਰੱਕੀ ਦਾ ਅਨੁਭਵ ਕੀਤਾ ਹੈ ਅਤੇ ਸ਼ਹਿਰ ਤੇਜੀ ਨਾਲ ਫੈਲਦਾ ਜਾ ਰਿਹਾ ਹੈ। ਵਰਤਮਾਨ ਵਿੱਚ ਨਗਰ ਨਿਗਮ ਦੁਆਰਾ ਬਠਿੰਡਾ ਸ਼ਹਿਰ ਵਿੱਚ 1500 ਕਿਲੋਵਾਟ ਦੀ ਸੰਯੁਕਤ ਸਮੱਰਥਾ ਵਾਲੇ ਸੋਲਰ ਪਲਾਂਟਾਂ ਤੋਂ ਇਲਾਵਾ

ਲਗਭਗ 36,000 ਸਟਰੀਟ ਲਾਈਟ ਬਿਜਲੀ ਪੁਆਇੰਟਾਂ ਦਾ ਪ੍ਰਬੰਧਨ ਕੀਤਾ ਹੋਇਆ ਹੈ ਅਤੇ ਭੱਵਿਖ ਵਿੱਚ ਹੋਰ ਲੋੜੀਂਦੇ ਕੰਮ ਵੀ ਕੀਤੇ ਜਾਣੇ ਹਨ। ਇਸ ਤੋਂ ਇਲਾਵਾ ਨਗਰ ਨਿਗਮ ਬਠਿੰਡਾ ਅਧੀਨ ਪੈਂਦੇ ਡਿਸਪੋਜ਼ਲਾਂ, ਸਰਕਾਰੀ ਇਮਾਰਤਾਂ, ਜੈਨਰੇਟਰ ਅਤੇ ਮੋਟਰਾਂ ਵੱਲ ਵਿਸ਼ੇਸ਼ ਧਿਆਨ ਦੇਣ ਦੀ ਲੋੜ੍ਹ ਹੁੰਦੀ ਹੈ। ਖਾਸ ਤੋਰ ਤੇ ਬਰਸਾਤ ਦੇ ਮੌਸਮ ਦੋਰਾਨ, ਬਰਸਾਤੀ ਪਾਣੀ ਦੀ ਕੁਸ਼ਲ ਨਿਕਾਸ ਨੂੰ ਯਕੀਨੀ ਬਨਾਉਣ ਲਈ ਇਲੈਕਟ੍ਰਿਕਲ ਸ਼ਾਖਾ ਵੱਲੋਂ ਹੀ ਹਰ ਪੱਖੋਂ ਕੰਮ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਬਿਜਲੀ ਬੋਰਡ ਨਾਲ ਤਾਲਮੇਲ ਕਰਕੇ ਨਵੇਂ ਕੁਨੈਕਸ਼ਨ ਲੈਣ ਅਤੇ ਚਲਦੇ ਖਾਤਿਆਂ ਦੇ ਬਿਲਾਂ ਦੇ ਭੁਗਤਾਨ ਆਦਿ ਦੀ ਵੀ ਲੋੜ੍ਹ ਹੁੰਦੀ ਹੈ। ਨਗਰ ਨਿਗਮ ਅਧੀਨ ਆਉਂਦੀਆਂ ਜਰੂਰੀ ਪ੍ਰੋਜੈਕਟ ਜਿਵੇਂ ਕਿ ਮਲਟੀ ਲੇਵਲ ਕਾਰ ਪਾਰਕਿੰਗ, ਨਿਗਮ ਦਫਤਰ ਦੀ ਬਿਲਡਿੰਗ ਅਤੇ ਬਹੁਮੰਤਵੀ ਆਡੀਟੋਰੀਅਮ ਆਦਿ ਹੋਰ ਬਿਲਡਿੰਗਾਂ ਦੀ ਇਲੈਕਟ੍ਰਿਕਲ ਰੱਖ-ਰਖਾਵ ਅਤੇ ਦੇਖਭਾਲ ਨੂੰ ਸੁੱਚਜੇ ਢੰਗ ਨਾਲ ਚਲਾਉਣ ਦੀ ਵੀ ਜਰੂਰਤ ਹੈ। ਇੰਨ੍ਹਾਂ ਚੁਣੋਤੀਆਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਕਰਨ ਲਈ, ਵਾਧੂ ਕਰਮਚਾਰੀਆਂ ਅਤੇ ਤਕਨੀਕੀ ਮੁਹਾਰਤ ਦੀ ਸਖਤ ਲੋੜ੍ਹ ਹੈ, ਜਿਸਨੂ ਕਿ ਇੱਕ ਅਧਿਕਾਰੀ ਹੀ ਕਰਵਾ ਸਕਦਾ ਹੈ। ਨਗਰ ਨਿਗਮ ਵਿੱਚ ਇੱਕ ਇਲੈਕਟ੍ਰਿਕਲ ਜੂਨੀਅਰ ਇੰਜੀਨੀਅਰ (ਜੇ.ਈ.) ਦੀ ਪੋਸਟ ਮੰਨਜ਼ੂਰ ਹੈ, ਜੋ ਕਿ ਕੰਮ ਦੇ ਬੋਝ ਲਈ ਸਪਸ਼ਟ ਤੋਰ ਤੇ ਨਾਕਾਫੀ ਹੈ। ਇਸ ਤੋਂ ਇਲਾਵਾ ਨਗਰ ਨਿਗਮ ਬਠਿੰਡਾ ਵਿਖੇ ਇਲੈਕਟ੍ਰਿਕਲ ਬ੍ਰਾਂਚ ਵਿਖੇ ਜੂਨੀਅਰ ਇੰਜੀਨੀਅਰ ਤੋਂ ਇਲਾਵਾ ਹੋਰ ਪ੍ਰਵਾਨਤ ਆਸਾਮੀ ਨਹੀਂ ਹੈ। ਇਸ ਲਈ ਆਪਣੇ ਸ਼ਹਿਰ ਦੀਆਂ ਵਧਦੀਆਂ ਲੋੜ੍ਹਾਂ ਨੂੰ ਪੂਰਾ ਕਰਨ ਲਈ ਮੋਜੂਦਾ ਪ੍ਰਵਾਨਤ ਜੇ.ਈ. (ਇਲੈਕਟ੍ਰਿਕਲ) ਦੀ ਇੱਕ ਪੋਸਟ ਤੋਂ ਇਲਾਵਾ ਦੋ ਹੋਰ ਜੇ.ਈ (ਇਲੈਕਟ੍ਰਿਕਲ) ਦੀਆਂ ਆਸਾਮੀਆਂ, ਦੋ ਸਹਾਇਕ ਨਿਗਮ ਇੰਜੀਨੀਅਰ (ਇਲੈਕਟ੍ਰਿਕਲ) ਦੀਆਂ ਆਸਾਮੀਆਂ ਅਤੇ ਇੱਕ ਨਿਗਮ ਇੰਜੀਨੀਅਰ (ਇਲੈਕਟ੍ਰਿਕਲ) ਦੀ ਆਸਾਮੀ ਨੂੰ ਸਿਰਜਣਾ ਬਣਦਾ ਹੈ।

ਉਕਤ ਅਨੁਸਾਰ ਕੇਸ ਹਾਊਸ ਦੇ ਵਿਚਾਰ ਅਤੇ ਪ੍ਰਵਾਨਗੀ ਹਿੱਤ।

| | |
|---|---|
| **ਮਤਾ ਨੰਬਰ 226:** | **ਪ੍ਰਵਾਨ ਹੈ।** |

**ਏਜੰਡਾ ਨੰ: 30:**

ਰਿਪੋਰਟ ਰੈਂਟ ਸ਼ਾਖਾ ਕਿ ਨਗਰ ਕੌਂਸਲ, ਬਠਿੰਡਾ ਵੱਲੋਂ ਮਤਾ ਨੰ: 613-ਏ ਮਿਤੀ 23.01.1959 (ਰਿਕਾਰਡ ਅਨੁਸਾਰ) ਰਾਹੀਂ ਆਲ ਇੰਡੀਆ ਵੂਮੈਨ ਕਾਨਫਰੰਸ, ਬਠਿੰਡਾ ਨੂੰ ਸਾਲ 1959 ਵਿੱਚ 105'×102'(1190 ਗਜ਼) ਜਗ੍ਹਾ 18/- ਰੁਪਏ ਪ੍ਰਤੀ ਸਾਲ ਲੀਜ਼ ਤੇ ਦਿੱਤੀ ਗਈ ਸੀ। ਇਸ ਸੰਸਥਾ ਵੱਲੋਂ ਨਗਰ ਕੌਂਸਲ ਦੀ ਬਿਨ੍ਹਾਂ ਪੂਰਵ ਪ੍ਰਵਾਨਗੀ ਤੋਂ 8 ਦੁਕਾਨਾਂ ਦੀ ਤਾਮੀਰ ਕੀਤੀ ਗਈ ਸੀ ਅਤੇ ਇਨ੍ਹਾਂ ਦੁਕਾਨਾਂ ਦਾ 29,750/- ਸਲਾਨਾ ਕਿਰਾਇਆ ਨਿਸ਼ਚਿਤ ਕੀਤਾ ਗਿਆ ਸੀ। ਇਸ ਸੰਸਥਾ ਵੱਲੋਂ ਰਿਜ਼ਨਲ ਡਿਪਟੀ ਡਾਇਰੈਕਟਰ, ਸਥਾਨਕ ਸਰਕਾਰ ਵਿਭਾਗ, ਫਿਰੋਜ਼ਪੁਰ ਦੀ ਅਦਾਲਤ ਵਿੱਚ ਕੇਸ ਦਾਇਰ ਕੀਤਾ ਗਿਆ। ਜਿਸ ਦਾ ਫੈਸਲਾ ਨਗਰ ਕੌਂਸਲ, ਬਠਿੰਡਾ ਦੇ ਹੱਕ ਵਿੱਚ ਹੋ ਗਿਆ ਸੀ। ਇਸ ਉਪਰੰਤ ਸੀਨੀਅਰ ਸਬ ਜੱਜ, ਬਠਿੰਡਾ ਜੀ ਦੀ ਅਦਾਲਤ ਵਿੱਚ ਸਿਵਲ ਸੂਟ ਨੰ: 577 ਆਫ਼ 1989 ਦਾ ਫੈਸਲਾ ਵੀ ਨਿਗਮ ਦੇ ਹੱਕ ਵਿੱਚ ਮਿਤੀ 31.07.1992 ਵਿੱਚ ਆ ਗਿਆ ਸੀ। ਤਹਿਸੀਲਦਾਰ ਬਠਿੰਡਾ ਵੱਲੋਂ ਮਿਤੀ 01.04.1995 ਨੂੰ ਇਨ੍ਹਾ ਦੁਕਾਨਾਂ ਦਾ ਕਬਜਾ ਨਗਰ ਕੌਂਸਲ ਨੂੰ ਦਿਵਾਇਆ ਗਿਆ ਸੀ। ਪਰੰਤੂ ਇਸ ਸੰਸਥਾ ਵੱਲੋਂ ਇਨ੍ਹਾਂ ਦੁਕਾਨਾਂ ਦੀ ਪਿਛਲੀਆਂ ਦੀਵਾਰਾਂ ਤੋੜ ਕੇ ਨਜਾਇਜ਼ ਕਬਜਾ ਕਰ ਲਿਆ ਗਿਆ ਸੀ। ਜਦਕਿ ਦੁਕਾਨਾਂ ਦੇ ਗੇਟਾਂ ਤੇ ਨਗਰ ਕੌਂਸਲ ਦੇ ਤਾਲੇ ਲੱਗੇ ਹੋਏ ਸਨ। ਨਗਰ ਕੌਂਸਲ ਬਠਿੰਡਾ ਵੱਲੋਂ ਮਤਾ ਨੰ: 183 ਮਿਤੀ 14.09.1999 ਰਾਹੀਂ ਇਸ ਸੰਸਥਾ ਦੇ ਮੁੱਖੀ ਖਿਲਾਫ਼ ਕਾਰਵਾਈ ਕਰਨ ਲਈ ਫੈਸਲਾ ਕੀਤਾ ਗਿਆ ਸੀ। ਪਰੰਤੂ ਸੰਸਥਾ ਦੇ ਮੁੱਖੀ ਖਿਲਾਫ਼ ਕਾਰਵਾਈ ਕਰਨ ਦੀ ਬਜਾਏ ਨਗਰ ਕੌਂਸਲ ਵੱਲੋਂ ਆਪਣਾ ਮਤਾ ਨੰ: 300 ਮਿਤੀ 31.12.2001 ਰਾਹੀਂ ਪਾਸ ਕੀਤਾ ਗਿਆ ਕਿ ਦੁਕਾਨਾਂ ਛੱਡ ਕੇ ਬਾਕੀ ਜਗ੍ਹਾ ਦੀ ਲੀਜ਼ ਮਿਤੀ 31.03.2002 ਤੱਕ ਵਧਾ ਦਿੱਤੀ ਗਈ ਸੀ। ਇਸ ਉਪਰੰਤ ਨਗਰ ਨਿਗਮ ਵੱਲੋਂ ਮਤਾ ਨੰ: 354 ਮਿਤੀ 01.12.2006 ਰਾਹੀਂ ਇਸ ਦੀ ਮਿਆਦ ਮਿਤੀ 01.04.2002 ਤੋਂ 31.03.2008 ਤੱਕ ਵਧਾਈ ਗਈ।

ਮਿਤੀ 05.12.2014 ਨੂੰ ਨਗਰ ਨਿਗਮ ਦੇ ਨਿਗਰਾਨ ਇੰਜੀਨੀਅਰ, ਰੈਂਟ ਸੁਪਰਡੰਟ ਵੱਲੋਂ ਸੰਸਥਾ ਦਾ ਮੌਕਾ ਦੇਖਿਆ ਗਿਆ। ਮੌਕੇ ਤੇ ਸਾਲ 1959 ਵਿੱਚ 1190 ਵਰਗ ਗਜ਼ ਜਗ੍ਹਾ ਸੰਸਥਾ ਨੂੰ ਲੀਜ਼ ਤੇ ਦਿੱਤੀ ਸੀ, ਉਸ ਸਾਰੀ ਜਗ੍ਹ ਵਿੱਚ ਸੰਸਥਾ ਵੱਲੋਂ ਗਰੀਬ, ਬੇਸਹਾਰਾ ਲੜਕੀਆਂ ਨੂੰ ਸਿਲਾਈ, ਕਢਾਈ, ਪੇਂਟਿੰਗ ਦੀ ਸਿਖਲਾਈ ਦਿੱਤੀ ਜਾਂਦੀ ਹੈ ਅਤੇ ਗਰੀਬ ਬੱਚਿਆ ਲਈ ਮਿਡਲ ਸਕੂਲ ਚਲਾਇਆ ਜਾ ਰਿਹਾ ਹੈ।ਸ਼ਹਿਰ ਵਿੱਚ ਔਰਤਾਂ ਦੀ ਇੱਕੋ-ਇੱਕ ਭਲਾਈ ਸੰਸਥਾ ਹੋਣ ਕਾਰਨ ਉਕਤ ਨੂੰ ਮੱਦੇਨਜ਼ਰ ਰੱਖਦੇ ਹੋਏ ਲੀਜ਼ ਵਾਲੀ ਜਗ੍ਹ ਨੂੰ ਮਿਤੀ 31.03.2008 ਤੱਕ ਦੀ ਸਲਾਨਾ ਲੀਜ਼ 360/- ਰੁਪਏ ਦੇ ਅਨੁਪਾਤਕ 72/- ਰੁਪਏ ਦੇ ਵਾਧੇ ਨਾਲ ਹਰ ਤਿੰਨ ਸਾਲ ਬਾਅਦ ਵਧਾਇਆ ਜਾਂਦਾ ਰਿਹਾ।

ਇਸ ਤੋਂ ਇਲਾਵਾ ਸਾਲ 2015-16 ਵਿੱਚ ਲੋਕਲ ਆਡਿਟ ਵੱਲੋਂ ਆਡਿਟ ਪੈਰ੍ਹਾ ਨੰ: 7(3) (ੳ) ਇਸ ਸੰਸਥਾ ਵੱਲ ਮੁਬਲਿਗ 2,97,464.55/- ਰੁਪਏ ਦੇ ਬਕਾਏ ਦਾ ਬਣਾਇਆ ਗਿਆ।ਆਲ ਇੰਡੀਆ ਵੂਮੈਨ ਕਾਨਫਰੰਸ ਦੇ ਨੁਮਾਇੰਦਿਆਂ ਅਤੇ ਨਿਗਮ ਅਧਿਕਾਰੀਆਂ ਦੀ ਮੀਟਿੰਗ ਮਿਤੀ 20.05.2020 ਵਿੱਚ ਹੋਏ ਫੈਸਲੇ ਅਨੁਸਾਰ ਕਮਿਸ਼ਨਰ ਨਗਰ ਨਿਗਮ, ਬਠਿੰਡਾ ਜੀ ਦੇ ਹੁਕਮ ਨੰ: 1095 ਮਿਤੀ 28.05.2020 ਦੀ ਪਾਲਣਾ ਵਿੱਚ ਮਿਤੀ 29.05.2020 ਨੂੰ, ਜਿਨ੍ਹਾਂ ਦੁਕਾਨਾਂ ਤੇ ਸੰਸਥਾ ਵੱਲੋਂ ਸ਼ਟਰ ਲਗਾਏ ਗਏ ਸਨ, ਦਾ ਕਬਜਾ ਨਿਗਮ ਅਧੀਨ ਲਿਆ ਗਿਆ ਸੀ। ਨਗਰ ਨਿਗਮ ਬਠਿੰਡਾ ਦੇ ਮਤਾ ਨੰ: 18 ਮਿਤੀ 10.06.2020, ਜੋ ਕਿ ਆਲ ਇੰਡੀਆ ਵੂਮੈਨ ਕਾਨਫਰੰਸ, ਬਠਿੰਡਾ ਨੂੰ ਮਿਤੀ 01.04.2017 ਤੋਂ 31.03.2023 ਤੱਕ ਛੇ ਸਾਲਾਂ ਲਈ ਹਰ ਤਿੰਨ ਸਾਲਾਂ ਬਾਅਦ 20% ਦੇ ਵਾਧੇ ਨਾਲ ਲੀਜ਼ ਵਧਾਉਣ ਸਬੰਧੀ ਮਤਾ ਭੇਜਿਆ ਗਿਆ ਸੀ। ਹੈਡ ਆਫ਼ਿਸ ਵੱਲੋਂ ਪੱਤਰ ਨੰ: ਸ5-ਡਸਸ-ਮਸਸ-2020/35995 ਮਿਤੀ 15.09.2020 ਰਾਹੀਂ ਇਸ ਮਤੇ ਸਬੰਧੀ ਸਪਸ਼ਟ ਅਤੇ ਡੀਟੇਲ ਰਿਪੋਰਟ ਭੇਜਣ ਲਈ ਲਿਖਿਆ ਗਿਆ ਸੀ। ਇਸ ਦਫ਼ਤਰ ਵੱਲੋਂ ਮਿਤੀ 15.10.2020 ਨੂੰ ਪੱਤਰ ਨੰ: 2638/ਆਰ ਰਾਹੀਂ ਇਸ ਸਬੰਧੀ ਡੀਟੇਲ ਰਿਪੋਰਟ ਭੇਜ ਦਿੱਤੀ ਗਈ ਸੀ। ਇਸ ਸਬੰਧੀ ਪੰਜਾਬ ਸਰਕਾਰ, ਸਥਾਨਕ ਸਰਕਾਰ ਵਿਭਾਗ, ਚੰਡੀਗੜ੍ਹ ਦੇ ਪੱਤਰ ਨੰ: ਸ5-ਡਸਸ-ਮਸਸ

2020/8228 ਮਿਤੀ 24.02.2021 ਰਾਹੀਂ ਸਪਸ਼ਟ ਕੀਤਾ ਹੈ ਕਿ ਸਰਕਾਰ ਦੇ ਪੱਤਰ ਮੀਮੋ ਨੰ: 10/80/95-6 ਐਲ.ਜੀ 111/3660 ਮਿਤੀ 26.11.1998 ਰਾਹੀਂ ਜਾਰੀ ਹਦਾਇਤਾਂ ਅਨੁਸਾਰ ਕਾਰਵਾਈ ਕੀਤੀ ਜਾਵੇ। ਇਸ ਪੱਤਰ ਵਿੱਚ ਸਰਕਾਰ ਵੱਲੋਂ ਹਦਾਇਤ ਹੈ ਕਿ ਡੀਡ ਵਧਾਉਣ ਸਮੇਂ ਹਰ ਤਿੰਨ ਸਾਲਾਂ ਬਾਅਦ 20% ਵਾਧੇ ਨਾਲ ਇਕਰਾਰਨਾਮਾ ਕੀਤਾ ਜਾਵੇ। ਪਰੰਤੂ ਇਸ ਸੰਸਥਾ ਵੱਲ ਪੈਡਿੰਗ ਬਕਾਏ ਸਬੰਧੀ ਕੋਈ ਫੈਸਲਾ ਨਹੀਂ ਲਿਆ ਗਿਆ ਸੀ। ਜਿਸ ਕਾਰਨ ਉਕਤ ਆਡਿਟ ਪੈਰ੍ਹੇ ਸਬੰਧੀ ਰਿਪੋਰਟ ਨਹੀਂ ਭੇਜੀ ਜਾ ਸਕੀ।

ਸੰਸਥਾ ਵੱਲੋਂ ਮਿਤੀ 13.03.2023 ਨੂੰ ਦਰਖ਼ਾਸਤ ਰਾਹੀਂ ਲੀਜ਼, ਜੋ ਕਿ ਮਿਤੀ 31.03.2023 ਨੂੰ ਖ਼ਤਮ ਹੋ ਚੁਕੀ ਹੈ, ਵਧਾਉਣ ਲਈ ਬੇਨਤੀ ਕੀਤੀ ਹੈ। ਮਿਤੀ 30.05.2023 ਨੂੰ ਸੰਸਥਾ ਵੱਲੋਂ ਆਡਿਟ ਪੈਰ੍ਹੇ ਦੇ ਬਕਾਏ 2,97,465.55/- ਰੁਪਏ ਸਬੰਧੀ ਬੇਨਤੀ ਕੀਤੀ ਹੈ ਕਿ "ਇਹ ਰਿਕਵਰੀ ਮਹਿਲਾ ਸੰਸਥਾ ਦੇਣ ਤੋਂ ਅਸਮਰਥ ਹੈ। ਸੋ ਕਿਰਪਾ ਕਰਕੇ ਪਿਛਲੀ ਰਿਕਵਰੀ ਮੁਆਫ਼ ਕੀਤੀ ਜਾਵੇ " । ਸੰਸਥਾ ਵੱਲੋਂ ਕੀਤੀ ਗਈ ਪ੍ਰਤੀਬੇਨਤੀ ਅਨੁਸਾਰਆਡਿਟ ਪੈਰ੍ਹੇ ਦੇ ਬਕਾਏ 2,97,465.55/- ਰੁਪਏ ਦੀ ਮੁਆਫੀ ਅਤੇ ਲੀਜ਼ ਵਧਾਉਣ ਸਬੰਧੀ ਕੇਸ ਹਾਊਸ ਦੇ ਵਿਚਾਰ ਹਿੱਤ।

ਸ੍ਰ: ਹਰਵਿੰਦਰ ਸਿੰਘ, ਕੌਂਸਲਰ ਨੇ ਦਸਿਆ ਕਿ ਉਕਤ ਸੰਸਥਾਂ ਵੱਲੋਂ ਸਾਲ 1959 ਤੋਂ ਨਗਰ ਨਿਗਮ ਦੀ ਇਸ ਜਗ੍ਹਾ ਤੇ ਕਬਜਾ ਕੀਤਾ ਹੋਇਆ ਹੈ। ਉਹਨਾਂ ਵੱਲੋਂ ਦਫਤਰ ਦੇ ਤਾਲੇ ਤੋੜ ਕੇ ਮੌਕੇ ਤੇ ਕੁੱਝ ਦੁਕਾਨਾਂ ਵੀ ਬਣਾ ਲਈਆਂ ਸਨ ਅਤੇ ਉਹਨਾਂ ਦੁਕਾਨਾਂ ਦਾ ਕਿਰਾਇਆ ਆਪ ਹੀ ਲੈਂਦੇ ਰਹੇ। ਪਤਾ ਲੱਗਣ ਤੇ ਉਹਨਾਂ ਵੱਲੋਂ ਦੁਕਾਨਾਂ ਨੂੰ ਬਾਹਰ ਤੋਂ ਬੰਦ ਕਰਕੇ ਅੰਦਰ ਕਮਰੇ ਬਣਾ ਲਏ ਹਨ। ਇਸ ਲਈ ਇੰਨ੍ਹਾਂ ਖਿਲਾਫ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇ ਅਤੇ ਮੌਕੇ ਤੇ ਇਸ ਸੰਸਥਾਂ ਪਾਸੋਂ ਕਬਜਾ ਛੁਡਵਾਇਆ ਜਾਵੇ। ਇਸਤੋਂ ਇਲਾਵਾ ਲੀਜ਼ ਨਾ ਵਧਾਈ ਜਾਵੇ ਅਤੇ ਇਸ ਸੰਸਥਾਂ ਪਾਸੋਂ ਬਕਾਏ ਦੀ ਮੁਆਫੀ ਨਾ ਕਰਕੇ ਸਾਲ 1959 ਤੋਂ ਲੈ ਕੇ ਹੁਣ ਤੱਕ ਬਣਦੇ ਪੈਸੇ ਵੀ ਲਏ ਜਾਣ। ਇਸ ਤੇ ਹਾਊਸ ਵਿੱਚ ਮੌਜੂਦ ਕੁੱਝ ਕੌਂਸਲਰ ਸਾਹਿਬਾਨਾਂ ਵੱਲੋਂ ਬਹੁ-ਸੰਮਤੀ ਨਾਲ ਸਹਿਮਤੀ ਜਤਾਈ ਗਈ।

| | |
|---|---|
| ਮਤਾ ਨੰਬਰ 227: | **ਪਾਸ ਕੀਤਾ ਜਾਂਦਾ ਹੈ ਕਿ ਇਸ ਸੰਸਥਾਂ ਨੂੰ ਲੀਜ਼ ਤੇ ਦਿੱਤੀ ਜਮੀਨ ਭੱਵਿਖ ਵਿੱਚ ਲੀਜ਼ ਤੇ ਨਾ ਦੇ ਕੇ ਬਣਦੇ ਪੈਸੇ ਅਤੇ ਬਕਾਇਆ ਵਸੂਲ ਕੀਤਾ ਜਾਵੇ।** |

**ਏਜੰਡਾ ਨੰ:31:**

ਰਿਪੋਰਟ ਬਿਲਡਿੰਗ ਸ਼ਾਖਾ ਕਿ ਨਗਰ ਨਿਗਮ ਬਠਿੰਡਾ ਦੇ ਵੱਖ-ਵੱਖ ਸਤਿਕਾਰਯੋਗ ਕੌਂਸਲਰ ਸਾਹਿਬਾਨ ਵੱਲੋਂ ਮਾਲ ਰੋਡ ਤੇ ਡਾ: ਆਰ.ਗੋਪਾਲ ਦੇ ਨਾਲ ਬਿਰਲਾ ਮਿੱਲ ਕਲੋਨੀ ਨੂੰ ਜਾਂਦੀ ਗਲੀ ਨੂੰ ਰੈਜ਼ੀਡੈਂਸ਼ੀਅਲ ਤੋਂ ਕਮਰਸ਼ੀਅਲ ਡਿਕਲੇਅਰ ਕਰਨ ਵਾਸਤੇ ਮਾਨਯੋਗ ਕਮਿਸ਼ਨਰ ਨਗਰ ਨਿਗਮ ਬਠਿੰਡਾ ਜੀ ਨੂੰ ਬੇਨਤੀ ਪੱਤਰ ਦਿੱਤਾ ਹੈ। ਇਸ ਸਬੰਧੀ ਇਹ ਰਿਪੋਰਟ ਕੀਤੀ ਜਾਂਦੀ ਹੈ ਕਿ ਇਹ ਸੜ੍ਹਕ ਟਾਊਨ ਪਲੈਨਿੰਗ ਸਕੀਮ ਨੰਬਰ ਪਾਕਟ ਨੰਬਰ 6 ਦਾ ਹਿੱਸਾ ਹੈ ਅਤੇ ਮੌਕੇ ਤੇ ਸੜ੍ਹਕ ਦੀ ਚੌੜ੍ਹਾਈ 20 ਫੁੱਟ ਹੈ। ਨਗਰ ਨਿਗਮ ਬਠਿੰਡਾ ਦੀਆਂ ਬਹੁਤ ਸਾਰੀਆਂ ਟਾਊਨ ਪਲੈਨਿੰਗ ਸਕੀਮਾਂ ਅਧੀਨ ਆਉਂਦੀਆਂ ਸੜ੍ਹਕਾਂ ਜਿਨ੍ਹਾ ਦੀ ਚੌੜਾਈ ਮਾਸਟਰ ਪਲੈਨ ਅਨੁਸਾਰ ਘੱਟ ਹੈ ਅਤੇ ਇਸ ਸਬੰਧੀ ਟਾਊਨ ਐਂਨ ਕੰਟਰੀ ਵਿਭਾਗ ਵੱਲੋਂ ਮਾਸਟਰ ਪਲੈਨ ਵਿੱਚ ਸੋਧ ਕਰਦੇ ਹੋਏ ਨੋਟੀਫਿਕੇਸ਼ਨ ਜਾਰੀ ਕੀਤਾ ਹੈ, ਜਿਸ ਵਿੱਚ ਬੋਰਡ ਦੀ 34ਵੀਂ ਮੀਟਿੰਗ ਦਾ ਹਵਾਲਾ ਦਿੰਦੇ ਹੋਏ ਯੂਨੀਫਾਇਡ ਮਾਸਟਰ ਪਲੈਨ ਜਾਰੀ ਕੀਤਾ ਹੈ, ਜਿਸ ਅਨੁਸਾਰ ਅਜਿਹੀਆਂ ਸੜ੍ਹਕਾਂ ਨੂੰ ਸਬੰਧਤ ਵਿਭਾਗ ਦੇ ਪਰੋਪਰ ਪ੍ਰੋਸੀਜ਼ਰ ਅਡਾਪਟ ਕਰਨ ਉਪਰੰਤ ਮੰਨਜ਼ੂਰੀ ਦਿੱਤੀ ਜਾਣੀ ਹੈ। ਨਗਰ ਨਿਗਮਾਂ, ਨਗਰ ਕੌਂਸਲਾਂ ਵਿੱਚ ਜਨਤਾ ਵੱਲੋਂ ਚੁਣੇ ਗਏ ਨੁਮਾਇੰਦਿਆਂ ਦੇ ਜਨਰਲ ਹਾਊਸ ਵੱਲੋਂ ਇਸ ਸਬੰਧੀ ਪ੍ਰਵਾਨਗੀ ਦੇਣੀ ਜਾਂ ਨਾ ਦੇਣੀ ਹੈ। ਕਿਉਂ ਜੋ ਕਿਸੇ ਵੀ ਇਲਾਕੇ ਦੀ ਰਿਹਾਇਸ਼ੀ ਸੜ੍ਹਕ ਨੂੰ ਕਾਰੋਬਾਰੀ ਡਿਕਲੇਅਰ ਕਰਨ ਦੇ ਅਧਿਕਾਰ ਜਨਰਲ ਹਾਊਸ ਪਾਸ ਹਨ। ਇਸ ਲਈ ਯੋਗ ਹੋਵੇਗਾ ਕਿ ਇਸ ਮੱਦ ਨੂੰ ਮਾਨਯੋਗ ਜਨਰਲ ਹਾਊਸ ਵਿੱਚ ਵਿਚਾਰਨ ਲਈ ਕਮਿਸ਼ਨਰ ਨਗਰ ਨਿਗਮ ਬਠਿੰਡਾ ਜੀ ਦੀ ਪ੍ਰਸ਼ਾਸਕੀ ਪ੍ਰਵਾਨਗੀ ਉਪਰੰਤ ਭੇਜਿਆ ਜਾਵੇ। ਰਿਪੋਰਟ ਹਾਊਸ ਦੇ ਵਿਚਾਰ ਹਿੱਤ।

ਉਕਤ ਮੱਦ ਨੂੰ ਹਾਊਸ ਦੀ ਮਿਤੀ 20.03.2023 ਦੀ ਮੀਟਿੰਗ ਵਿੱਚ ਵਿਚਾਰ ਹਿੱਤ ਰੱਖਿਆ ਗਿਆ ਸੀ। ਇਸਤੇ ਸ਼੍ਰੀਮਤੀ ਰੀਨਾ ਗੁਪਤਾ ਕੌਂਸਲਰ ਨੇ ਕਿਹਾ ਸੀ ਕਿ ਉਕਤ ਸੜ੍ਹਕ ਨੂੰ ਰੈਜ਼ੀਡੈਂਸ਼ੀਅਲ ਤੋਂ ਕਮਰਸ਼ੀਅਲ ਬਿਲਕੁੱਲ ਨਾ ਕੀਤਾ ਜਾਵੇ ਕਿਉਂ ਜੋ ਇਸ ਜਗ੍ਹਾ ਰੋਜ਼ਾਨਾ ਲੜਾਈਆਂ ਹੁੰਦੀਆਂ ਰਹਿੰਦੀਆਂ ਹਨ। ਟਰਾਂਸਪੋਰਟ ਕੰਪਨੀ ਵਾਲਿਆਂ ਦੇ ਟਰੱਕ ਗਲੀ ਵਿੱਚ ਖੜ੍ਹੇ ਰਹਿੰਦੇ ਹਨ। ਇਸ ਨਾਲ ਆਮ ਪਬਲਿਕ ਨੂੰ ਬਹੁਤ ਜਿਆਦਾ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਸ਼ੀ ਹਰਮੰਦਰ ਸਿੰਘ, ਡਿਪਟੀ ਮੇਅਰ ਨੇ ਕਿਹਾ ਸੀ ਕਿ ਪਹਿਲਾਂ ਸ਼ਹਿਰ ਦਾ ਸਰਵੇ ਕਰਵਾ ਲਿਆ ਜਾਵੇ ਅਤੇ ਅਜਿਹੀਆਂ ਹੋਰ ਸੜ੍ਹਕਾਂ ਨੂੰ ਵੀ ਸ਼ਾਮਲ ਕਰ ਲਿਆ ਜਾਵੇ।

ਉਕਤ ਦੇ ਮੱਦੇ ਨਜ਼ਰ ਹਾਊਸ ਵੱਲੋਂ ਮਤਾ ਨੰਬਰ 178 ਮਿਤੀ 20.03.2023 ਰਾਹੀਂ ਪਾਸ ਕੀਤਾ ਗਿਆ ਸੀ ਕਿ ਉਕਤ ਸੜ੍ਹਕ ਨੂੰ ਸ਼ਾਮਲ ਕਰਦੇ ਹੋਏ ਸ਼ਹਿਰ ਵਿੱਚ ਹੋਰ ਅਜੀਹਿਆਂ ਸੜ੍ਹਕਾਂ ਦਾ ਸਰਵੇ ਕਰਨ ਉਪਰੰਤ ਤਜਵੀਜ ਤਿਆਰ ਕਰਕੇ ਹਾਊਸ ਦੀ ਅਗਲੀ ਮੀਟਿੰਗ ਵਿੱਚ ਪੇਸ਼ ਕੀਤੀ ਜਾਵੇ ਤਾਂ ਜੋ ਉਸਤੇ ਵਿਚਾਰ ਕੀਤਾ ਜਾ ਸਕੇ। ਸੜਕਾਂ ਦਾ ਸਰਵੇ ਸ੍ਰ: ਹਰਮੰਦਰ ਸਿੰਘ ਡਿਪਟੀ ਮੇਅਰ, ਸ਼੍ਰੀ ਸੰਦੀਪ ਕੁਮਾਰ, ਸ਼੍ਰੀ ਸੁਖਰਾਜ ਸਿੰਘ ਔਲਖ ਅਤੇ ਸ਼੍ਰੀ ਬਲਜਿੰਦਰ ਸਿੰਘ, ਕੌਂਸਲਰ ਵੱਲੋਂ ਨਿਗਮ ਦੇ ਐਮ.ਟੀ.ਪੀ ਸਮੇਤ ਕੀਤਾ ਜਾਵੇ ਅਤੇ ਸਬ-ਕਮੇਟੀ ਦੀ ਰਿਪੋਰਟ ਹਾਊਸ ਦੇ ਵਿਚਾਰ ਹਿੱਤ ਪੇਸ਼ ਕੀਤੀ ਜਾਵੇ। ਤੱਦ ਤੱਕ ਲਈ ਇਸ ਮੱਦ ਨੂੰ ਪੈਡਿੰਗ ਰੱਖਿਆ ਗਿਆ ਸੀ।

ਕੇਸ ਹਾਊਸ ਵਿਖੇ ਮੁੜ੍ਹ ਤੋਂ ਵਿਚਾਰ ਹਿੱਤ।

ਸ੍ਰ: ਹਰਮੰਦਰ ਸਿੰਘ, ਡਿਪਟੀ ਮੇਅਰ ਨੇ ਕਿਹਾ ਕਿ ਇਸ ਸਬੰਧੀ ਪਹਿਲਾਂ ਵੀ ਕਿਹਾ ਗਿਆ ਸੀ ਕਿ ਅਜਿਹਾ ਕੋਈ ਵੀ ਕੇਸ ਉਸ ਸਮੇਂ ਤੱਕ ਹਾਊਸ ਵਿੱਚ ਪੇਸ਼ ਨਾ ਕੀਤਾ ਜਾਵੇ, ਜੱਦ ਤੱਕ ਅਜਿਹੀਆਂ ਸੜ੍ਹਕਾਂ ਦਾ ਸਾਰੇ

ਸ਼ਹਿਰ ਵਿੱਚ ਸਰਵੇ ਨਹੀਂ ਕਰਵਾ ਲਿਆ ਜਾਂਦਾ। ਇਹ ਇੱਕ objectionable ਕੰਮ ਹੈ। ਜਦੋਂ ਟੀ.ਪੀ. ਸਕੀਮਾਂ ਅਮੈਂਡ ਕਰਨ ਦੀਆਂ ਸ਼ਕਤੀਆਂ ਹਾਊਸ ਪਾਸ ਆ ਜਾਣਗੀਆਂ, ਤੱਦ ਇਸ ਕੇਸ ਨੂੰ ਵੀ ਵਿਚਾਰ ਲਿਆ ਜਾਵੇਗਾ।

| | |
|---|---|
| **ਮਤਾ ਨੰਬਰ 228:** | **ਰੱਦ ਕੀਤਾ ਜਾਂਦਾ ਹੈ।** |

**ਏਜੰਡਾ ਨੰ: 32:**

ਰਿਪੋਰਟ ਬਿਲਡਿੰਗ ਸ਼ਾਖਾ ਕਿ ਉਪਰੋਕਤ COCP No 2336 ਆਫ 2022 ਅਧੀਨ ਸ਼੍ਰੀ ਪਰਾਜਲ ਕੁਮਾਰ ਵੱਲੋਂ ਪ੍ਰਾਪਰਟੀ ਨੰਬਰ MCB-Z-3-00897/001 ਦੇ ਵਿਰੁੱਧ ਇਹ ਸਾਬਿਤ ਕਰਦਿਆਂ ਹੋਇਆ ਕਿ ਉਸਾਰੀ ਵਾਲੀ ਜਗ੍ਹਾ ਸਰਕਾਰੀ ਰਕਬੇ ਅਧੀਨ ਹੋਣ ਕਰਕੇ ਇੰਨਕਰੋਚਮੈਟ ਦਾ ਹਿੱਸਾ ਹੈ, ਦਾਇਰ ਕੀਤੀ ਗਈ ਸੀ। ਇਸ ਦੇ ਜਵਾਬ ਵਿੱਚ ਨਗਰ ਨਿਗਮ ਵੱਲੋਂ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਪੁਰਜੋਰ ਸਪੱਸ਼ਟੀਕਰਨ ਦਿੱਤਾ ਗਿਆ ਸੀ ਕਿ ਇਹ ਇੰਨਕਰੋਚਮੈਟ ਦਾ ਕੇਸ ਨਾ ਹੋ ਕੇ ਇਹ ਵਾਈਲੇਸ਼ਨ ਆਫ ਬਿਲਡਿੰਗ ਬਾਈਲਾਅਜ਼ ਦਾ ਕੇਸ ਹੈ। ਨਗਰ ਨਿਗਮ ਦੇ ਇਸ ਜਵਾਬ ਤੇ ਮਾਨਯੋਗ ਜਸਟੀਸ ਜੀ ਵੱਲੋਂ ਮੌਕਾ ਵੈਰੀਫਿਕਸ਼ਨ ਕਰਨ ਵਾਸਤੇ ਲੋਕਲ ਕਮੀਸ਼ਨ ਨੂੰ ਨਿਯੁਕਤ ਕੀਤਾ ਗਿਆ ਜਿਸ ਨੇ ਆਪਣੀ ਰਿਪੋਰਟ ਮਿਤੀ 30.05.2023 ਨੂੰ ਮਾਨਯੋਗ ਜਸਟੀਸ ਜੀ ਪਾਸ ਪੇਸ਼ ਕਰਨੀ ਹੀ ਸੀ ਕਿ ਮਿਤੀ 30.05.2023 ਨੂੰ ਪਟੀਸ਼ਨਰ ਸ਼੍ਰੀ ਪਰਾਂਜਲ ਕੁਮਾਰ ਵੱਲੋਂ ਨਿੱਜੀ ਪੇਸ਼ ਹੋ ਕੇ ਇਸ ਗੱਲ ਨਾਲ ਸਹਿਮਤੀ ਪਰਗਟ ਕੀਤੀ ਕਿ ਵਿਸ਼ੇ ਅਧੀਨ ਪ੍ਰਾਪਰਟੀ ਸਰਕਾਰੀ ਜਗ੍ਹਾ ਉਪਰ ਨਾ ਬਣੀ ਹੋਈ ਹੋਣ ਦੀ ਬਜਾਏ ਪ੍ਰਾਈਵੇਟ ਮਲਕੀਤੀ ਅਧੀਨ ਹੈ ਅਤੇ ਉਸਾਰੀ ਕਰਤਾ ਵੱਲੋਂ ਬਿਲਡਿੰਗ ਵਾਈਲੇਸ਼ਨ ਦੀ ਉਲੰਘਣਾ ਕੀਤੀ ਹੋਈ ਹੈ, ਆਪਣਾ ਕੇਸ ਵਾਪਿਸ ਲੈਣ ਲਈ ਲਿਖ ਕੇ ਦਿੱਤਾ ਗਿਆ। ਉਨ੍ਹਾਂ ਵੱਲੋਂ ਲਿਖੇ ਹੋਏ ਦਸਤਾਵੇਜ਼ ਨਗਰ ਨਿਗਮ ਦੀ ਪੈਰਵਾਈ ਕਰ ਰਹੇ ਵਕੀਲ ਸ਼੍ਰੀ ਸਿੱਧੂ ਜੀ ਨੂੰ ਭੇਜੇ ਗਏ ਅਤੇ ਇਸ ਕੇਸ ਵਿੱਚ ਮਾਨਯੋਗ ਜਸਟੀਸ ਜੀ ਵੱਲੋਂ ਮਿਤੀ 30.05.2023 ਨੂੰ ਡਿਸਮਿਸ ਐਸ ਵਿਦਡਰਾਅ ਕੀਤਾ ਗਿਆ।

ਹੁਣ ਉਸਾਰੀਕਰਤਾ ਸ਼੍ਰੀ ਹਰਜਿੰਦਰ ਸਿੰਘ ਪੁੱਤਰ ਸ਼੍ਰੀ ਸਤਨਾਮ ਸਿੰਘ ਵੱਲੋਂ ਬੇਨਤੀ ਪੱਤਰ ਦਿੱਤਾ ਹੈ ਕਿ ਕਿਉ ਜੋ ਮਾਨਯੋਗ ਹਾਈਕੋਰਟ ਵਿੱਚ ਦਾਇਰ ਕੀਤੀ ਗਈ ਕੰਟੈਪਟ ਤੱਥਾ ਦੇ ਅਧਾਰਿਤ ਨਹੀਂ ਸੀ ਅਤੇ ਇਸ ਦਾਇਰ ਕੀਤੀ ਗਈ ਕੰਟੈਪਟ ਦਾ ਮੁੱਖ ਮਕਸਦ ਮੈਨੂੰ (ਹਰਜਿੰਦਰ ਸਿੰਘ) ਕੇਵਲ ਖੱਜਲ ਖੁਆਰ ਕਰਨਾ ਹੀ ਸੀ ਇਸ ਕਰਕੇ ਇਸ ਤੱਥ ਨੂੰ ਧਿਆਨ ਵਿੱਚ ਰੱਖਦੇ ਹੋਏ ਮੇਰੀ ਸੀਲ ਕੀਤੀ ਗਈ ਇਮਾਰਤ/ਪ੍ਰਾਪਰਟੀ MCB-Z-3-00897/001 ਦੀ ਸੀਲ ਖੋਲੀ ਜਾਵੇ ਜੀ।

ਇਥੇ ਇਹ ਸਪੱਸ਼ਟ ਕਰਨ ਯੋਗ ਹੈ ਕਿ ਵਿਸ਼ੇ ਅਧੀਨ ਪ੍ਰਾਪਰਟੀ ਬਿਰਲਾ ਮਿੱਲ ਕਲੋਨੀ ਵਿੱਚ ਪੈਂਦੀ ਹੈ ਅਤੇ ਇਹ ਸਾਈਟ ਜਿਸ ਸੜਕ ਤੇ ਅਬੱਟ ਕਰਦੀ ਹੈ ਉਹ 20 ਫੁੱਟ ਚੌੜੀ ਸੜਕ ਮਾਨਯੋਗ ਜਨਰਲ ਹਾਊਸ ਵਿੱਚ ਕਾਰੋਬਾਰੀ ਘੋਸ਼ਿਤ ਕਰਨ ਵਾਸਤੇ ਪੇਸ਼ ਕੀਤੀ ਗਈ ਸੀ ਪਰ ਇਸ ਮੱਦ ਤੇ ਇਹ ਫੈਸਲਾ ਕੀਤਾ ਗਿਆ ਸੀ ਕਿ ਨਗਰ ਨਿਗਮ ਬਠਿੰਡਾ ਵਿੱਚ ਅਜਿਹੀਆਂ ਹੋਰ ਵੀ ਬਹੁੱਤ ਸਾਰੀਆ ਸੜਕਾਂ ਹਨ ਜਿਨ੍ਹਾਂ ਨੂੰ ਕਾਰੋਬਾਰੀ ਘੋਸ਼ਿਤ ਕੀਤਾ ਜਾਣਾ ਹੈ ਅਤੇ ਇਸ ਗੱਲ ਨੂੰ ਮੁੱਖ ਰੱਖ ਕੇ ਕਮੇਟੀ ਗਠਿਤ ਕਰ ਦਿੱਤੀ ਗਈ ਸੀ। ਗਠਿਤ ਕਮੇਟੀ ਦੀ ਇੱਕ ਮੀਟਿੰਗ ਹੋ ਚੁੱਕੀ ਹੈ ਇਹ ਮੱਦ ਨਗਰ ਨਿਗਮ ਦੀ ਜਨਰਲ ਹਾਊਸ ਦੀ ਮੀਟਿੰਗ 13.06.2023 ਨੂੰ ਦੁਬਾਰਾ ਪੇਸ਼ ਕੀਤੀ ਗਈ ਸੀ ਪਰ ਕਿਉ ਜੋ ਮੀਟਿੰਗ ਪੋਸਟਪੋਨ ਕਰ ਦਿੱਤੀ ਗਈ ਹੈ ਅਤੇ ਮਾਮਲਾ ਲੀਗਲ ਹੋਣ ਕਰਕੇ ਇਸ ਦੀਆਂ ਦਫਤਰੀ ਰਿਪੋਰਟਾਂ ਅਤੇ ਮੌਕਾ ਮੁਆਇਨਾ ਕੀਤਾ ਗਿਆ।

"ਰਿਕਾਰਡ ਅਨੁਸਾਰ ਇਹ ਪ੍ਰਾਪਰਟੀ ਜਿਸ ਦਾ ਪੁਰਾਣਾ ਪ੍ਰਾਪਰਟੀ ਨੰਬਰ 2064 ਹੈ ਜਿਸ ਦੀ ਵੈਰੀਫਿਕੇਸ਼ਨ ਹਾਊਸ ਟੈਕਸ ਬਰਾਂਚ ਕਲਰਕ ਵੱਲੋਂ ਮੌਕੇ ਤੇ ਜਾ ਕੇ ਕੀਤੀ ਗਈ ਹੈ, ਸਰਕਾਰ ਵੱਲੋਂ ਪ੍ਰਵਾਨਿਤ ਟਾਊਨ ਪਲੈਨਿੰਗ ਸਕੀਮ ਨੰਬਰ 6 ਦਾ ਹਿੱਸਾ ਹੈ ਅਤੇ ਇਸ ਸਕੀਮ ਦਾ ਲੇਅ-ਆਊਟ ਨੰਬਰ 1476-6-ਸੀ/76 ਮਿਤੀ 11.05.1976 ਨੂੰ ਪ੍ਰਵਾਨ ਕੀਤਾ ਗਿਆ ਹੈ ਕਿਉ ਜੋ ਬਿਲਡਿੰਗ ਬਾਈਲਾਅਜ਼ ਸਾਲ 1995 ਨੂੰ ਹੋਂਦ ਵਿੱਚ ਆਏ ਸਨ ਅਤੇ ਇਸ ਤੋਂ ਪਹਿਲਾ ਟਾਊਨ ਪਲੈਨਿੰਗ ਸਕੀਮਾਂ ਵਿੱਚ ਦਰਸਾਈਆਂ ਟਰਮ ਅਤੇ ਕੰਡੀਸ਼ਨ ਅਨੁਸਾਰ ਹੀ ਨਕਸ਼ਾ ਮੰਨਜੂਰ ਕੀਤਾ ਜਾਂਦਾ ਸੀ। ਪ੍ਰਵਾਨਿਤ ਸਕੀਮ ਅਨੁਸਾਰ ਇਹ ਪ੍ਰਾਪਰਟੀ ਸਕੀਮ ਵਿੱਚ ਅਗਜਿਸਟਿੰਗ ਦਿਖਾਈ ਗਈ ਹੈ ਅਤੇ ਇਸ ਗੱਲ ਦੀ ਪੁਸ਼ਟੀ ਵਾਸਤੇ ਹਾਊਸ ਟੈਕਸ ਦਫਤਰ ਦੀ ਰਿਪੋਰਟ ਪ੍ਰਾਪਤ ਕੀਤੀ ਗਈ ਰਿਪੋਰਟ ਅਨੁਸਾਰ ਇਹ ਪ੍ਰਾਪਰਟੀ "ਮਕਾਨ ਨੰਬਰ 2064 ਸਾਲ 1967-68 ਵਿੱਚ ਜੇ.ਸੀ ਮਿੱਲ ਫੈਕਟਰੀ ਦੇ ਨਾਮ ਤੇ ਦਰਜ਼ ਹੈ "। ਇਸ ਰਿਪੋਰਟ ਤੋਂ ਇਲਾਵਾ ਟਾਊਨ ਪਲੈਨਿੰਗ ਸਕੀਮ ਪਾਕਿਟ ਨੰਬਰ 6 ਵਿੱਚ ਅਜਿਹੀਆਂ ਬਹੁਤ ਸਾਰੀਆ ਕਾਰੋਬਾਰੀ ਪ੍ਰਾਪਰਟੀਆਂ ਦੀ ਪ੍ਰਵਾਨਗੀ ਦਿੱਤੀ ਹੋਈ ਹੈ ਜੋ 20 ਫੁੱਟ ਚੌੜੀਆਂ ਸੜਕਾਂ ਤੇ ਪੈਂਦੀਆ ਹਨ। ਸਕੀਮ ਅਨੁਸਾਰ ਵੀ ਖਾਲੀ ਪਏ ਪਲਾਟਾਂ ਤੇ ਕੇਵਲ ਰਿਹਾਇਸ਼ੀ ਜਾਂ ਕਾਰੋਬਾਰੀ ਅਦਾਰੇ ਹੀ ਆਗਿਆ ਯੋਗ ਹਨ ਭਾਵੇ ਉਹ 20 ਫੁੱਟ ਚੌੜੀ ਸੜਕ ਤੇ ਅਬੱਟ ਕਰਦੇ ਹੋਣ। ਰਿਪੋਰਟ ਦੀ ਇਸ ਗੱਲ ਦੀ ਪੁਸ਼ਟੀ ਵਾਸਤੇ ਸਰਕਾਰ ਵੱਲੋਂ ਪ੍ਰਵਾਨਿਤ ਕਲਾਜੀਜ ਅਤੇ ਲੇਅ-ਆਊਟ ਦੀ ਕਾਪੀ ਨੱਥੀ ਕੀਤੀ ਜਾਂਦੀ ਹੈ ਜਿਸ ਵਿੱਚ ਇਹ ਸਪੱਸ਼ਟ ਹੈ ਕਿ 20 ਫੁੱਟ ਚੌੜੀ ਸੜਕ ਤੇ ਵੀ ਸ਼ਾਪ ਕਮ ਡਿਵੈਲਿੰਗ ਯੂਨਿਟ ਦੀ ਆਗਿਆ ਦਿੱਤੀ ਹੋਈ ਹੈ ਕਿਉ ਜੋ ਇਹ ਪ੍ਰਾਪਰਟੀ ਸਾਲ 1973 ਤੋਂ ਅਦਰ ਦੈਨ ਰਿਹਾਇਸ਼ੀ ਮੰਤਵ ਲਈ ਲੇਅ-ਆਊਟ ਵਿੱਚ ਐਗਜਿਸਟਿੰਗ ਦਿਖਾਈ ਗਈ ਹੈ ਇਸ ਲਈ ਇਹ ਗੱਲ ਰਿਕਾਰਡ ਵਿੱਚ ਸਥਾਪਿਤ ਹੋ ਜਾਂਦੀ ਹੈ ਕਿ ਪ੍ਰਾਪਰਟੀ ਅਦਰ ਦੈਨ ਰਿਹਾਇਸ਼ੀ ਹੈ। ਇਸ ਸੜਕ ਤੇ ਘੱਟ ਗਿਣਤੀ ਵਿੱਚ ਰਿਹਾਇਸ਼ੀ ਯੂਨਿਟ ਹਨ ਜਦ ਕਿ ਬਹੁ ਗਿਣਤੀ ਦੁਕਾਨਾ ਅਤੇ ਕਾਰੋਬਾਰੀ ਅਦਾਰਿਆ ਦੀ ਹੈ। ਮੌਕੇ ਦੀ ਉਸਾਰੀ ਵੀ ਗਰਾਊਡ ਫਲੋਰ ਤੇ ਦੁਕਾਨ ਮੰਤਵ ਅਤੇ ਫਸਟ, ਸੈਕਿੰਡ ਫਲੋਰ ਤੇ ਰਿਹਾਇਸ਼ ਮੰਤਵ ਹੀ ਹੈ ਅਤੇ ਸਕੀਮ ਦੇ ਟਰਮ ਅਤੇ ਕੰਨਡੀਸ਼ਨ ਵਿੱਚ ਸ਼ਾਂਪ-ਕਮ-ਡਿਵੈਲਿੰਗ ਯੂਨਿਟ 20 ਫੁੱਟ ਚੌੜੀ ਸੜਕ ਤੇ ਆਗਿਆ ਯੋਗ ਹਨ। ਟਰਮ ਅਤੇ ਕੰਨਡੀਸ਼ਨ ਵਿੱਚ ਇਹ ਨਿਰਧਾਰਤ ਨਹੀਂ ਹੈਕਿ ਖਾਲੀ ਪਏ ਕਿਹੜੇ ਪਲਾਟਾਂ ਵਿੱਚ ਰਿਹਾਇਸ਼ ਤੇ ਕਿਹੜੇ ਪਲਾਟਾਂ ਵਿੱਚ ਸ਼ਾਪ-ਕਮ-ਡਿਵੈਲਿੰਗ ਯੂਨਿਟ ਆਗਿਆ ਯੋਗ ਹੈ। ਟਰਮ ਅਤੇ ਕੰਨਡੀਸ਼ਨ ਵਿੱਚ ਸਪੱਸ਼ਟ ਹੈ ਕਿ ਖਾਲੀ ਪਏ ਪਲਾਟ ਕੇਵਲ 2 ਮੰਤਵਾਂ ਵਾਸਤੇ ਹਨ ਪਹਿਲਾ ਰਿਹਾਇਸ਼ੀ ਅਤੇ ਦੂਸਰਾ ਕਾਰੋਬਾਰੀ।

ਉਕਤ ਰਿਪੋਰਟ ਸਵੈ ਸਪੱਸ਼ਟ ਹੈ ਪਰ ਕਿਉ ਜੋ ਇਹ ਮੱਦ ਮਾਨਯੋਗ ਜਨਰਲ ਹਾਉਸ ਵਿੱਚ ਪਹਿਲਾ ਪੇਸ਼ ਕੀਤੀ ਜਾ ਚੁੱਕੀ ਹੈ ਇਸ ਲਈ ਸੀਲ ਖੋਲਣ ਦਾ ਅਧਿਕਾਰ ਮਾਨਯੋਗ ਮੇਅਰ/ਜਨਰਲ ਹਾਉਸ ਪਾਸ ਜਾ ਚੁੱਕਾ ਹੈ। ਉਚਿੱਤ ਹੋਵੇਗਾ ਜੀ ਕਿ ਇਹ ਰਿਪੋਰਟ ਮਾਨਯੋਗ ਮੇਅਰ ਜੀ ਕੋਲੋ ਯੋਗ ਫੈਸਲੇ ਲਈ ਭੇਜੀ ਜਾਵੇ।

ਕੇਸ ਹਾਊਸ ਦੇ ਵਿਚਾਰ ਹਿੱਤ।

ਸ਼੍ਰ: ਹਰਮੰਦਰ ਸਿੰਘ, ਡਿਪਟੀ ਮੇਅਰ ਨੇ ਪੁੱਛਿਆ ਕਿ ਕੀ ਇਸ ਮੱਦ ਨੂੰ ਹਾਊਸ ਵਿੱਚ ਲਿਆਉਣ ਦੀ ਕੀ ਲੋੜ੍ਹ ਸੀ? ਕਿਉਂਕਿ ਸੀਲ ਲਾਉਣਾ/ਖੋਲਣਾ ਇੱਕ ਪ੍ਰਬੰਧਕੀ ਮੁੱਦਾ ਹੈ। ਕਮਿਸ਼ਨਰ, ਨਗਰ ਨਿਗਮ ਇਸ ਸਬੰਧੀ ਸਮਰੱਥ ਅਥਾਰਟੀ ਹਨ। ਇਸ ਸਬੰਧੀ ਨਿਯਮਾਂ ਅਨੁਸਾਰ ਕਾਰਵਾਈ ਕੀਤੀ ਜਾਵੇ।

| | |
|---|---|
| **ਮਤਾ ਨੰਬਰ 229:** | **ਰੱਦ ਕੀਤਾ ਜਾਂਦਾ ਹੈ।** |

**ਏਜੰਡਾ ਨੰ: 33:**

ਦਫਤਰੀ ਰਿਪੋਰਟ ਕਿ ਬਠਿੰਡਾ ਸ਼ਹਿਰ ਵਿਖੇ ਸਫਾਈ ਦੀ ਮੁਹਿੰਮ ਨੂੰ ਹੋਰ ਤੇਜ਼ ਕਰਨ ਲਈ ਤਜਵੀਜ ਕੀਤਾ ਜਾਂਦਾ ਹੈ ਕਿ ਸ਼ਹਿਰ ਦੇ 50 ਵਾਰਡਾਂ ਵਿਚਕਾਰ ਹਰ ਤੀਜੇ ਮਹੀਨੇ ਸਫਾਈ ਦਾ ਮੁਕਾਬਲਾ ਕੀਤਾ ਜਾਵੇ, ਜਿਸ ਵਿੱਚ ਹੇਠ ਲਿਖੇ ਨੁਕਤਿਆਂ ਅਨੁਸਾਰ ਨਿਰਣਾ ਕਮੇਟੀ ਵੱਲੋਂ ਵਾਰਡਾਂ ਦੀ ਆਪਸ ਵਿੱਚ ਰੈਕਿੰਗ ਕੀਤੀ ਜਾਵੇਗੀ।

| ਲੜੀ ਨੰ: | ਨੁਕਤਾ | ਅੰਕ |
|---|---|---|
| 1 | ਵਾਰਡ ਵਿੱਚ ਡੋਰ ਟੂ ਡੋਰ ਕੂਲੈਕਸ਼ਨ ਆਫ ਸੈਗਰੀਗੇਟਡ ਵੇਸਟ | 30 |
| 2 | ਵਾਰਡ ਦੇ ਕਮਰਸ਼ੀਅਲ ਏਰੀਏ ਦੀ ਸਫਾਈ | 20 |
| 3 | ਵਾਰਡ ਵਿੱਚ ਪੈਂਦੀਆਂ ਸੜ੍ਹਕਾਂ, ਗਲੀਆਂ ਅਤੇ ਖਾਲੀ ਪਲਾਟਾਂ ਦੀ ਸਫਾਈ | 20 |
| 4 | ਵਾਰਡ ਵਿੱਚ ਪੈਂਦੇ ਪਾਰਕਾਂ ਦੀ ਸਫਾਈ | 20 |
| 5 | ਵਾਰਡ ਵਿੱਚ ਪੈਂਦੇ ਜੀ.ਵੀ.ਪੀ. ਅਤੇ ਸੈਕੰਡਰੀ ਪੁਆਇੰਟਾਂ ਦੀ ਸਥਿਤੀ | 10 |

ਉਕਤ ਨੁਕਤਿਆਂ ਅਧੀਨ ਨਿਰਣਾ ਕਮੇਟੀ ਵੱਲੋਂ ਵਾਰਡਾਂ ਨੂੰ ਦਿੱਤੇ ਗਏ ਅੰਕਾਂ ਦੇ ਆਧਾਰ ਤੇ ਪਹਿਲੇ, ਦੂਜੇ ਅਤੇ ਤੀਜੇ ਸਥਾਨ ਤੇ ਆਉਣ ਵਾਲੇ ਵਾਰਡ ਵਿੱਚੋਂ ਪਹਿਲਾ ਸਥਾਨ ਹਾਸਲ ਕਰਨ ਵਾਲੇ ਵਾਰਡ ਵਿੱਚ ਕੰਮ ਕਰਦੇ ਸਫਾਈ ਸੇਵਕਾਂ, ਟਿੱਪਰ ਮੁਲਾਜ਼ਮਾਂ ਅਤੇ ਮੋਟੀਵੇਟਰਜ਼ ਨੂੰ 1000/- ਰੁਪਏ ਪ੍ਰਤੀ ਮੁਲਾਜ਼ਮ, ਦੂਜੇ ਸਥਾਨ ਵਾਲੇ ਨੂੰ 700/- ਰੁਪਏ ਪ੍ਰਤੀ ਮੁਲਾਜ਼ਮ ਅਤੇ ਤੀਜੇ ਸਥਾਨ ਤੇ ਵਾਲੇ ਵਾਰਡ ਨੂੰ 500/- ਰੁਪਏ ਪ੍ਰਤੀ ਮੁਲਾਜ਼ਮ ਪ੍ਰੋਤਸਾਹਨ ਰਾਸ਼ੀ ਦਿੱਤੀ ਜਾਵੇਗੀ। ਇਸਤੋਂ ਇਲਾਵਾ ਪਹਿਲੇ ਸਥਾਨ ਤੇ ਆਉਣ ਵਾਲੇ ਵਾਰਡ ਦੀ ਬਿਊਟੀਫਿਕੇਸ਼ਨ ਤੇ 10.00 ਲੱਖ ਰੁਪਏ ਦੀ ਰਾਸ਼ੀ ਖਰਚ ਕੀਤੀ ਜਾਵੇਗੀ। ਜੇਕਰ ਉਕਤ ਅਨੁਸਾਰ ਪ੍ਰਵਾਨ ਹੈ ਤਾਂ ਮਾਨਯੋਗ ਕਮਿਸ਼ਨਰ ਅਤੇ ਮਾਨਯੋਗ ਮੇਅਰ ਜੀ ਦੀ ਪ੍ਰਵਾਨਗੀ ਬਾਅਦ ਕੇਸ ਹਾਊਸ ਦੇ ਵਿਚਾਰ ਹਿੱਤ।

| | |
|---|---|
| **ਮਤਾ ਨੰਬਰ 230:** | **ਪ੍ਰਵਾਨ ਹੈ।** |

**ਏਜੰਡਾ ਨੰ: 34:**

ਰਿਪੋਰਟ ਓ.ਐਂਡ ਐਮ. ਸ਼ਾਖਾ ਕਿ ਸ਼ਹਿਰ ਦੇ ਵਸਨੀਕਾਂ ਨੂੰ ਪਾਣੀ ਦੀ ਸਹੂਲਤ ਮੁੱਹਈਆ ਕਰਵਾਉਣ ਲਈ ਕਾਰਜਕਾਰੀ ਇੰਜੀਨੀਅਰ, ਪੰਜਾਬ ਵ/ਸ ਅਤੇ ਸੀਵਰੇਜ਼ ਬੋਰਡ ਵੱਲੋਂ ਆਪਣੇ ਪੱਤਰ ਨੰਬਰ 1829 ਮਿਤੀ 09.06.2023 ਰਾਹੀਂ ਝੀਲ ਨੰਬਰ 1 ਤੇ OHSR, ਵਾਟਰ ਵਰਕਸ ਅਤੇ ਰਾਇਸਿੰਗ ਮੇਨ ਆਦਿ ਦੇ ਨਿਰਮਾਣ ਦਾ ਤਖਮਨਿਾ ਭੇਜਿਆ ਗਿਆ ਹੈ।Construction of 5.00 MGD WTP, Constructio of 2 Nos. OHSR 3.00 lac Gallon Capacity, Providing, Laying, Cutting, Jointing of 400mm i/d DI K-9 Rising Main from OHSR towards Ring Road and Rehabilitation & Desilting of Lake No. 1 & all other works contingent thereto Bathinda ਦੇ ਕੰਮ ਅਧੀਨ ਨਹਿਰਬੰਦੀ ਦੋਰਾਨ ਪਾਣੀ ਦੀ ਸਮੱਸਿਆ ਅਤੇ ਸ਼ਹਿਰ ਦੇ ਵੱਧਦੇ ਹੋਏ ਏਰੀਏ ਨੂੰ ਪਾਣੀ ਦੀ ਸਪਲਾਈ ਪਹੁੰਚਾਉਣ ਲਈ ਗੁਰੂ ਨਾਨਕ ਦੇਵ ਥਰਮਲ ਪਲਾਂਟ ਦੀ ਝੀਲ ਨੰਬਰ 1 ਵਾਲੀ ਜਗ੍ਹਾ ਉਪਰ ਮੇਨ ਵਾਟਰ ਵਰਕਸ ਬਣਾਇਆ ਜਾਣਾ ਹੈ। ਇਸ ਕੰਮ ਅਧੀਨ ਪੰਜਾਬ ਵ/ਸ ਅਤੇ ਸੀਵਰੇਜ਼ ਬੋਰਡ ਵੱਲੋਂ ਮੁਬਲਿਗ 37.30 ਕਰੋੜ੍ਹ ਰੁਪਏ ਦਾ ਤਖਮੀਨਾ ਤਿਆਰ ਕਰਕੇ ਮਾਨਯੋਗ ਹਾਊਸ ਦੀ ਪ੍ਰਵਾਨਗੀ ਲਈ ਭੇਜਿਆ ਗਿਆ ਹੈ ਜੋ ਕਿ AMRUT-2.0 ਸਕੀਮ ਅਧੀਨ ਕਰਵਾਇਆ ਜਾਵੇਗਾ। ਇਸਤੋਂ ਇਲਾਵਾ ਇਹ ਵੀ ਦਸਣਯੋਗ ਹੈ ਕਿ ਇਸ ਕੰਮ ਲਈ ਲਗਭਗ 3 ਏਕੜ੍ਹ ਜਮੀਨ ਦੀ ਜਰੂਰਤ ਹੈ, ਜਿਸ ਨੂੰ ਕੂਲੈਕਟਰ ਰੇਟਾਂ ਤੇ ਪੰਜਾਬ ਪਾਵਰ ਕਾਰਪੋਰੇਸ਼ਨ ਲਿਮ: ਪਾਸੋਂ ਲਏ ਜਾਣ ਦੀ ਕਾਰਵਾਈ ਪ੍ਰਗਤੀ ਅਧੀਨ ਹੈ, ਜਿਸਦਾ ਖਰਚਾ ਨਗਰ ਨਿਗਮ ਵੱਲੋਂ ਕੀਤਾ ਜਾਵੇਗਾ।

ਉਕਤ ਸਬੰਧੀ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਰਿਪੋਰਟ ਕੀਤੀ ਹੈ ਕਿ “The cost of acquiring land would be sought from Govt. grants. Proposal put for information & consideration of the House”.

ਉਕਤ ਅਨੁਸਾਰ ਕੇਸ ਹਾਊਸ ਦੇ ਵਿਚਾਰ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।

| | |
|---|---|
| **ਮਤਾ ਨੰਬਰ 231:** | **ਪ੍ਰਵਾਨ ਹੈ।** |

**ਏਜੰਡਾ ਨੰ: 35:**

ਰਿਪੋਰਟ ਐਨ.ਯੂ.ਐਲ.ਐਮ. ਸ਼ਾਖਾ ਕਿ ਭਾਰਤ ਸਰਕਾਰ ਦੇ ਅਧੀਨ SBM-NULM Convergence Mission Guidelines of Mohua ਅਧੀਨ CT/PT ਤੇ ਪਹਿਲਾਂ ਹੀ ਕੰਮ ਕਰ ਰਹੇ ਕਰਮਚਾਰੀਆਂ ਦੇ Self Help Group ਬਣਾ ਕੇ ਸ਼ਹਿਰ ਵਿੱਚ ਠੇਕੇਦਾਰੀ ਪ੍ਰਥਾ ਨੂੰ ਖਤਮ ਕਰਨ ਲਈ ਅਤੇ CT/PT ਦੇ ਕੰਮ ਨੂੰ ਹੋਰ ਸਵੱਛਤਾ ਅਤੇ ਪ੍ਰਾਦਰਸ਼ਤਾ ਨਾਲ ਚਲਾਉਣ ਸਬੰਧੀ ਰਿਪੋਰਟ ਹੈ ਕਿ ਸ਼ਹਿਰ ਦੀਆਂ CT/PT ਦੀ ਮੈਨਟੀਨੈਂਸ ਦਾ ਕੰਮ ਠੇਕੇਦਾਰਾਂ ਪਾਸ ਟੈਂਡਰ ਲਗਾ ਕੇ ਕਰਵਾਇਆ ਜਾਂਦਾ ਹੈ। ਜੋ ਕਿ ਇਹ ਕੰਮ ਪਬਲਿਕ ਹਿੱਤ ਅਤੇ ਸੁਵਿਧਾ ਦਾ ਅਤਿ ਜਰੂਰੀ ਕੰਮ ਹੈ, ਜਿਸਨੂੰ ਰੋਕਿਆ ਨਹੀਂ ਜਾ ਸਕਦਾ। ਧਿਆਨ ਵਿੱਚ ਆਇਆ ਹੈ ਕਿ ਠੇਕੇਦਾਰਾਂ ਵੱਲੋਂ ਕਰਮਚਾਰੀਆਂ ਨੂੰ ਸਮੇਂ ਸਿਰ ਤਨਖਾਹ ਵੀ ਨਹੀਂ ਦਿੱਤੀ ਜਾਂਦੀ ਅਤੇ ਕਰਮਚਾਰੀਆਂ ਦਾ ਪੀ.ਐਫ. ਵੀ ਸਮੇਂ ਸਿਰ ਉਹਨਾਂ ਦੇ ਖਾਤਿਆਂ ਵਿੱਚ ਜਮ੍ਹਾਂ ਨਾ ਕਰਵਾ ਕੇ ਉਹਨਾਂ ਦਾ ਸ਼ੋਸ਼ਣ ਕੀਤਾ ਜਾਂਦਾ ਹੈ, ਕਰਦਾ ਸੀ। ਠੇਕੇਦਾਰ ਆਪਣੀ ਮਰਜ਼ੀ ਨਾਲ ਟੂਆਇਲਟਾਂ ਨੂੰ ਸਮੇਂ ਤੋਂ ਪਹਿਲਾਂ ਹੀ ਬੰਦ ਕਰ ਦਿੰਦਾ ਸੀ, ਜਿਸ ਕਾਰਨ ਆਮ ਪਬਲਿਕ ਨੂੰ ਬੜੀ ਮੁਸ਼ਕਿਲ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਇਸ ਸਬੰਧੀ ਸ਼ਿਕਾਇਤਾਂ ਵੀ ਕਾਫੀ ਆ ਰਹੀਆਂ ਹਨ। ਇਸ ਨਾਲ ਨਗਰਾਂ ਨਗਮ ਬਠਿੰਡਾ ਦਾ ਅਕਸ ਖਰਾਬ ਹੋ ਰਿਹਾ ਹੈ। ਇਸ ਚੀਜ਼ ਨੂੰ ਮੱਦੇ ਨਜ਼ਰ ਰੱਖਦੇ ਹੋਏ ਠੇਕੇਦਾਰੀ ਸਿਸਟਮ ਖਤਮ ਕਰਨ ਲਈ CT/PT ਦੇ ਕੰਮ ਨੂੰ ਹੋਰ ਸਵੱਛਤਾ ਅਤੇ ਪ੍ਰਾਦਰਸ਼ਤਾ ਨਾਲ ਚਲਾਉਣ ਵਾਸਤੇ SBM-NULM Convergence Mission Guidelines of Mohua, New Delhi ਅਧੀਨ ਇਹਨਾਂ ਟੂਆਇਲਟਾਂ ਤੇ ਪਹਿਲਾਂ ਹੀ ਕੰਮ ਕਰ ਰਹੇ ਕਰਮਚਾਰੀਆਂ ਦੀ Self Help Group ਫਾਰਮੇਸ਼ਨ ਕੀਤੀ ਜਾਣੀ ਹੈ ਅਤੇ ਇਹਨਾਂ ਗਰੁੱਪਾਂ ਰਾਹੀਂ ਹੀ ਸ਼ਹਿਰ ਦੀਆਂ ਉਕਤ ਜਨ ਸੁਵਿਧਾਵਾਂ ਨੂੰ ਜਾਰੀ ਰੱਖਣਾ ਯੋਗ ਹੋਵੇਗਾ। ਇਸ ਤਰ੍ਹਾਂ ਕਰਨ ਨਾਲ ਨਗਰ ਨਿਗਮ ਬਠਿੰਡਾ ਤੇ ਕੋਈ ਵਿੱਤੀ ਬੋਝ ਨਹੀਂ ਪਵੇਗਾ ਅਤੇ ਕਾਮਿਆਂ ਦਾ ਸ਼ੋਸ਼ਣ ਵੀ ਬੰਦ ਹੋ ਸਕੇਗਾ। ਇਸ ਸਬੰਧੀ ਲੋੜੀਂਦੀ ਮੰਨਜ਼ੂਰੀ ਲਈ ਮਾਨਯੋਗ ਹਾਊਸ ਦੀ ਪ੍ਰਵਾਨਗੀ ਵਾਸਤੇ ਰਿਪੋਰਟ ਕੀਤੀ ਗਈ ਹੈ।

ਉਕਤ ਸਬੰਧੀ ਨਿਗਰਾਨ ਇੰਜੀਨੀਅਰ ਨੇ ਰਿਪੋਰਟ ਕੀਤੀ ਹੈ ਕਿ CT/PTs ਦੀ ਮਾਨੀਟਰਿੰਗ ਲਈ/ ਸੁਪਰਵੀਜ਼ਨ ਲਈ NULM ਅਧੀਨ DC Rate (Skilled) ਉਪਰ 2 Community Resource Person (CRP) ਰੱਖਣੇ ਉਚਿਤ ਹੋਣਗੇ।

ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਰਿਪੋਰਟ ਕੀਤੀ ਹੈ ਕਿ "In addition to the above, it is stated the multiple extension have been given to the existing contractor for O&M of Public Toilets and any further extension would not be appropriate. Also, the upkeep & O&M of the toilets is an important parameter for Swachhta Ranking which is due to start within few days.

In view of the urgency & requirement, the above agenda is presented for approval in anticipation of approval of the House".

ਕੰਮ ਦੀ ਮਹਤੱਤਾ ਅਤੇ ਠੇਕੇਦਾਰ ਵੱਲੋਂ ਕਰਮਚਾਰੀਆਂ ਦੇ ਕੀਤੇ ਜਾ ਰਹੇ ਸ਼ੋਸ਼ਣ ਨੂੰ ਦੇਖਦੇ ਹੋਏ ਮੇਅਰ, ਨਗਰ ਨਿਗਮ ਬਠਿੰਡਾ ਜੀ ਵੱਲੋਂ ਮਿਤੀ 21.06.2023 ਨੂੰ ਇਸਦੀ ਹਾਊਸ ਤੋਂ ਪ੍ਰਵਾਨਗੀ ਦੀ ਆਸ ਵਿੱਚ ਮੰਨਜ਼ੂਰੀ ਦਿੱਤੀ ਗਈ ਹੈ।

ਕੇਸ ਹਾਊਸ ਦੇ ਵਿਚਾਰ ਹਿੱਤ।

ਸ੍ਰ: ਹਰਪਾਲ ਸਿੰਘ ਢਿੱਲੋਂ, ਕੌਂਸਲਰ ਨੇ ਕਿਹਾ ਕਿ ਕੁੱਝ ਟਾਇਲਟਾਂ ਤੇ ਕਰਮਚਾਰੀ ਠੀਕ ਢੰਗ ਨਾਲ ਕੰਮ ਨਹੀਂ ਕਰਦੇ। ਇਸ ਲਈ ਉਹਨਾਂ ਦੀ ਥਾਂ ਤੇ ਨਵੇਂ ਕਰਮਚਾਰੀ ਲਗਾਏ ਜਾਣ। ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਦਸਿਆ ਕਿ ਪਹਿਲਾਂ ਇਹ ਵਰਕਰ ਇੱਕੋ ਹੀ ਟਾਇਲਟ ਤੇ ਕੰਮ ਕਰਦੇ ਸਨ। ਪਰੰਤੂ ਹੁਣ ਇੰਨ੍ਹਾਂ ਦਾ ਰੋਸਟਰ ਤਿਆਰ ਕੀਤਾ ਜਾਵੇਗਾ ਅਤੇ ਹਰ 15 ਦਿਨਾਂ ਬਾਅਦ ਇੰਨ੍ਹਾਂ ਦੀ ਬਦਲੀ ਕਿਸੇ ਹੋਰ ਟਾਇਲਟ ਤੇ ਕੀਤੀ ਜਾਵੇਗੀ।

ਸ਼੍ਰੀ ਸੁਰੇਸ਼ ਕੁਮਾਰ, ਕੌਂਸਲਰ ਨੇ ਉਹਨਾਂ ਦੇ ਵਾਰਡ ਵਿੱਚ ਸੰਜੇ ਟੋਭੇ ਵਿੱਚ ਤਕਰੀਬਨ 4.50 ਕਰੋੜ ਰੁਪਏ ਦੀ ਲਾਗਤ ਨਾਲ ਨਗਰ ਨਿਗਮ ਵੱਲੋਂ ਕਰਵਾਏ ਜਾਣ ਵਾਲੇ ਕੰਮਾਂ ਖਾਤਰ ਸਮੁੱਚੇ ਹਾਊਸ ਦਾ ਧੰਨਵਾਦ ਕੀਤਾ। ਉਹਨਾਂ ਮੰਗ ਕੀਤੀ ਕਿ ਬਰਸਾਤਾਂ ਕਾਰਨ ਇਸ ਟੋਭੇ ਵਿੱਚ ਪਾਣੀ ਇੱਕਠਾ ਹੋ ਰਿਹਾ ਹੈ। ਇਸ ਲਈ ਜਲਦ ਤੋਂ ਜਲਦ ਮੋਟਰਾਂ ਲਗਾ ਕੇ ਪਾਣੀ ਦੀ ਨਿਕਾਸੀ ਕੀਤੀ ਜਾਵੇ।

| | |
|---|---|
| **ਮਤਾ ਨੰਬਰ 232:** | **ਪ੍ਰਵਾਨ ਹੈ।** |

**ਏਜੰਡਾ ਨੰ: 36:**

ਰਿਪੋਰਟ ਵਾਟਰ ਸਪਲਾਈ ਅਤੇ ਸੀਵਰੇਜ਼ ਸ਼ਾਖਾ ਕਿ ਕਾਰਜਕਾਰੀ ਇੰਜੀਨੀਅਰ, ਪੰਜਾਬ ਵ/ਸ ਅਤੇ ਸੀਵਰੇਜ਼ ਮੰਡਲ ਨੰਬਰ 1, ਬਠਿੰਡਾ ਵੱਲੋਂ ਉਹਨਾਂ ਦੇ ਪੱਤਰ ਨੰਬਰ 2394 ਮਿਤੀ 20.06.2023 ਰਾਹੀਂ Estimate for Construction of New Manhole on existing branch Sewer line in various area at Bathinda ਦਾ 6.21 ਲੱਖ ਰੁਪਏ ਦਾ ਤਖਮੀਨਾ ਭੇਜਿਆ ਗਿਆ ਹੈ।ਮਾਨਯੋਗ ਹਾਊਸ ਤੋਂ ਬਿਨ੍ਹਾਂ ਕੋਈ ਵੀ ਅਦਾਇਗੀ ਨਹੀਂ ਕੀਤੀ ਜਾ ਸਕਦੀ।

ਉਕਤ ਅਨੁਸਾਰ ਤਖਮੀਨੇ ਦੀ ਮਾਨਯੋਗ ਹਾਊਸ ਤੋਂ ਪ੍ਰਵਾਨਗੀ ਹਿੱਤ।

| | |
|---|---|
| **ਮਤਾ ਨੰਬਰ 233:** | **ਪ੍ਰਵਾਨ ਹੈ।** |

**ਏਜੰਡਾ ਨੰ: 37:**

ਰਿਪੋਰਟ ਵਾਟਰ ਸਪਲਾਈ ਅਤੇ ਸੀਵਰੇਜ਼ ਸ਼ਾਖਾ ਕਿ ਕਾਰਜਕਾਰੀ ਇੰਜੀਨੀਅਰ, ਪੰਜਾਬ ਵ/ਸ ਅਤੇ ਸੀਵਰੇਜ਼ ਮੰਡਲ ਨੰਬਰ 1, ਬਠਿੰਡਾ ਵੱਲੋਂ ਉਹਨਾਂ ਦੇ ਪੱਤਰ ਨੰਬਰ 2368 ਮਿਤੀ 15.06.2023 ਰਾਹੀਂ Estimate for Replacement of old Pumping Machinery at Amrik Singh Road Installation at Bathinda ਦਾ 26.75 ਲੱਖ ਰੁਪਏ ਦਾ ਤਖਮੀਨਾ ਭੇਜਿਆ ਗਿਆ ਹੈ। ਮਾਨਯੋਗ ਹਾਊਸ ਤੋਂ ਬਿਨ੍ਹਾਂ ਕੋਈ ਵੀ ਅਦਾਇਗੀ ਨਹੀਂ ਕੀਤੀ ਜਾ ਸਕਦੀ।

ਉਕਤ ਅਨੁਸਾਰ ਤਖਮੀਨੇ ਦੀ ਮਾਨਯੋਗ ਹਾਊਸ ਤੋਂ ਪ੍ਰਵਾਨਗੀ ਹਿੱਤ।

| | |
|---|---|
| **ਮਤਾ ਨੰਬਰ 234:** | **ਪ੍ਰਵਾਨ ਹੈ।** |

**ਇਸ ਉਪਰੰਤ ਹੇਠ ਲਿਖੇ ਅਨੁਸਾਰ ਮੀਟਿੰਗ ਵਿੱਚ ਪੇਸ਼ ਟੇਬਲ ਆਇਟਮਾਂ ਅਤੇ ਸਪਲੀਮੈਂਟਰੀ ਏਜੰਡੇ ਤੇ ਵਿਚਾਰ ਕੀਤਾ ਗਿਆ:**

**ਏਜੰਡਾ ਨੰਬਰ 1 :**

ਰਿਪੋਰਟ ਬਾਗਬਾਨੀ ਸ਼ਾਖਾ ਕਿ ਅੱਜ ਦੇ ਦੋਰ ਦੇ ਮਨੁੱਖੀ ਜੀਵਨ ਵਿੱਚ ਸਪੋਰਟਸ ਦਾ ਬਹੁਤ ਮਹੱਤਵ ਹੈ। ਇੰਨ੍ਹਾਂ ਖੇਡਾਂ ਵਿੱਚੋਂ ਇੱਕ ਖੇਡ ਸਵੀਮਿੰਗ ਹੈ, ਜਿਸ ਵਿੱਚ ਬੱਚਿਆ ਦਾ ਬਹੁਤ ਰੁਝਾਨ ਹੈ। ਇਸ ਲਈ ਬੱਚਿਆਂ ਦੇ ਰੁਝਾਨ ਨੂੰ ਮੁੱਖ ਰੱਖਦੇ ਹੋਏ ਨਗਰ ਨਿਗਮ ਦਾ ਸਵੀਮਿੰਗ ਪੂਲ ਲੀਜ਼ ਤੇ ਦਿੱਤਾ ਜਾਣਾ ਬਣਦਾ ਹੈ। ਜਿੱਥੇ ਬੱਚੇ ਟ੍ਰੇਨਿੰਗ/ ਪ੍ਰੈਕਟਿਸ ਕਰ ਸਕਣਗੇ, ਉੱਥੇ ਉਨ੍ਹਾਂ ਦਾ ਸ਼ਰੀਰਿਕ ਲਾਭ ਵੀ ਹੋਵੇਗਾ। ਨਗਰ ਨਿਗਮ ਬਠਿੰਡਾ ਪਾਸ ਇੱਕ ਸਵੀਮਿੰਗ ਪੂਲ ਹੈ, ਪਰੰਤੂ ਇਸਨੂੰ ਚਲਾਉਣ ਲਈ ਕੋਈ ਤਜ਼ਰਬੇਕਾਰ ਸਟਾਫ ਨਹੀਂ ਹੈ। ਇਸ ਲਈ ਯੋਗ ਹੋਵੇਗਾ ਕਿ ਕਿਸੇ ਤਜ਼ਰਬੇਕਾਰ ਫਰਮ/ਠੇਕੇਦਾਰ ਨੂੰ ਇਹ ਪੂਲ ਦੇ ਦਿੱਤਾ ਜਾਵੇ। ਕਿਉਂਕਿ ਇਹ ਪੂਲ ਹਰ ਸਾਲ NDRF ਵੱਲੋਂ ਟ੍ਰੇਨਿੰਗ ਪਰਪਜ਼ ਲਈ ਵਰਤਿਆ ਜਾਂਦਾ ਹੈ। ਇਸ ਲਈ NDRF ਦੀ ਟ੍ਰੇਨਿੰਗ ਵਾਸਤੇ ਇੱਕ ਟਾਇਲ ਸਲੋਟ ਦੇ ਦਿੱਤਾ ਜਾਵੇ। ਇਸਤੋਂ ਇਲਾਵਾ ਇਸ ਪੂਲ ਨੂੰ ਲੀਜ਼ ਤੇ ਦੇਣ ਨਾਲ ਜਿੱਥੇ ਲਗਭਗ 2.00 ਲੱਖ ਰੁਪਏ ਸਲਾਨਾ ਆਮਦਨ ਹੋਣ ਦੀ ਸੰਭਾਵਨਾਂ ਹੈ, ਉੱਥੇ ਨਾਲ-ਨਾਲ ਪਬਲਿਕ/ ਬੱਚਿਆਂ ਨੂੰ ਇਸ ਦੀ ਸਹੂਲਤ ਵੀ ਮਿਲੇਗੀ। ਇਸ ਲਈ ਜੇਕਰ ਪ੍ਰਵਾਨ ਹੋਵੇ ਤਾਂ ਸਵੀਮਿੰਗ ਪੂਲ ਨੂੰ ਕਿਸੇ ਤਜ਼ਰਬੇਕਾਰ ਫਰਮ/ ਠੇਕੇਦਾਰ ਨੂੰ ਸ਼ਰਤਾਂ ਨਿਰਧਾਰਤ ਕਰਕੇ ਪੰਜ ਸਾਲ ਲਈ ਲੀਜ਼ ਤੇ ਦੇ ਦਿੱਤਾ ਜਾਵੇ।

ਇਸ ਸਬੰਧੀ ਨਿਗਰਾਨ ਇੰਜੀਨੀਅਰ, ਨਗਰ ਨਿਗਮ ਬਠਿੰਡਾ ਨੇ ਰਿਪੋਰਟ ਕੀਤੀ ਹੈ ਕਿ "Swimming Pool ਦੀ Maintenance ਨਗਰ ਨਿਗਮ ਬਠਿੰਡਾ ਵੱਲੋਂ ਕੀਤੀ ਜਾ ਰਹੀ ਹੈ। ਪਰੰਤੂ ਨਗਰ ਨਿਗਮ ਪਾਸ ਇਸਦੀ Operation ਅਤੇ Maintenance ਲਈ ਤਜ਼ਰਬੇਕਾਰ ਸਟਾਫ ਨਾ ਹੋਣ ਕਾਰਨ ਇਸਦਾ ਰੱਖ ਰਖਾਵ ਸੁਚੱਜੇ ਢੰਗ ਨਾਲ ਨਹੀਂ ਕੀਤਾ ਜਾ ਰਿਹਾ ਅਤੇ ਇਸਦੀ Maintenance ਨਗਰ ਨਿਗਮ ਲਈ ਇੱਕ ਖਰਚੇ ਦਾ ਸਾਧਨ ਬਣੀ ਹੋਈ ਹੈ। ਇਸ ਲਈ ਬੇਹਤਰ ਹੋਵੇਗਾ ਕਿ ਇਸ Swimming Pool ਦਾ ਕੰਮ ਕਿਸੇ ਤਜ਼ਰਬੇਕਾਰ Agency ਰਾਹੀਂ Lease ਤੇ ਕਰਵਾ ਲਿਆ ਜਾਵੇ।

ਰਿਪੋਰਟ ਹਾਊਸ ਦੀ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।

| | |
|---|---|
| **ਮਤਾ ਨੰਬਰ 235:** | **ਪ੍ਰਵਾਨ ਹੈ।** |

**ਏਜੰਡਾ ਨੰਬਰ 2 :**

ਰਿਪੋਰਟ ਬਿਲਡਿੰਗ ਸ਼ਾਖਾ ਕਿ ਜੀ.ਟੀ. ਰੋਡ, ਗਣੇਸ਼ ਨਗਰ, ਚੰਡੀਗੜ੍ਹ ਹਸਪਤਾਲ ਦੇ ਨਾਲ ਲਗਦੀ ਇਹ ਸਾਈਟ ਟਾਉਨ ਪਲੈਨਿੰਗ ਸਕੀਮ 2 ਪਾਰਟ 1 ਖਸਰਾ ਨੰਬਰ 2041 ਵਿੱਚ ਪੈਂਦੀ ਹੈ। ਸਰਕਾਰ ਵੱਲੋਂ ਪੱਤਰ ਨੰਬਰ PB/GOVT Vide Letter No. 4/2/67-LG-UNIT II/890 dated 20.09.1988 (ਕਾਪੀ ਨੱਥੀ ਹੈ) ਸਕੀਮ ਨੂੰ ਪ੍ਰਵਾਨ ਕੀਤਾ ਗਿਆ ਸੀ। ਇਸ ਟੀ.ਪੀ ਸਕੀਮ ਏਰੀਏ ਵਿੱਚ ਇਹ ਖਸਰਾ ਨੰਬਰ 2041 ਰਕਬਾ 14101 ਵਰਗ ਗਜ ਸ਼੍ਰੀਮਤੀ ਕੌੜੀ ਵਿਧਵਾ ਸ਼੍ਰੀ ਦੇਸ ਰਾਜ ਪੁੱਤਰ ਸ਼੍ਰੀ ਰਾਮ ਜੀ ਦਾਸ ਦੇ ਨਾ ਤੇ ਦਰਜ ਹੈ। ਪੀ.ਐਮ.ਸੀ ਐਕਟ 1976 ਦੀ ਧਾਰਾ 275 ਤਹਿਤ ਟਾਉਨ ਪਲੈਨਿੰਗ ਸਕੀਮ ਬਣਾਉਣ ਸਮੇਂ ਮਾਲਕਾਂ ਪਾਸੋਂ ਸੜਕਾਂ ਪਾਰਕਾਂ ਦਾ ਰਕਬਾ 25% ਤੱਕ ਬਿਨ੍ਹਾਂ ਮੁਆਵਜੇ ਤੋਂ ਲਿਆ ਜਾਂਦਾ ਹੈ, ਕਿਉ ਜੋ ਮਾਲਕ ਵੱਲੋਂ ਸਰਕਾਰ ਵੱਲੋਂ ਪ੍ਰਵਾਨਤ ਮੰਨਜੂਰਸ਼ੁਦਾ ਪਲੈਨਡ ਕਲੋਨੀ ਦੇ ਪਲਾਟ ਵੇਚੇ ਜਾਂਦੇ ਹਨ। ਰਿਕਾਰਡ ਮੁਤਾਬਿਕ 20.52% ਪਬਲਿਕ ਸੜਕਾਂ ਅਤੇ 1.81% ਸੜਕਾਂ ਵਾਸਤੇ ਪ੍ਰਵਾਨਿਤ ਸਕੀਮ ਵਿੱਚ ਲਿਆ ਗਿਆ ਸੀ ਜੋ ਕਿ ਕੁੱਲ 22.33% ਜਾਂ 3148 ਵਰਗ ਗਜ ਬਣਦਾ ਹੈ।

ਮੌਕੇ ਤੇ ਵਿਜਟ ਕੀਤਾ ਗਿਆ ਅਤੇ Observation ਹੇਠ ਲਿਖੇ ਅਨੁਸਾਰ ਹੈ:-

ਟੀ.ਪੀ ਸਕੀਮ ਅਨੁਸਾਰ A'-B' ਦੀ ਲੰਬਾਈ 135 ਫੁੱਟ ਅਤੇ ਚੌੜਾਈ 20 ਫੁੱਟ ਹੈ ਰਕਬਾ ਪ੍ਰੰਤੂ ਮੌਕੇ ਉੱਪਰ ਸੜਕ 91 ਫੁੱਟ + 85 ਫੁੱਟ = 176/2= 88 ਫੁੱਟ ਲੰਬਾਈ ਅਤੇ ਚੌੜਾਈ 20 ਫੁੱਟ ਲੱਗੀ ਹੋਈ ਹੈ ਅਤੇ ਚੱਲ ਰਹੀ ਹੈ।

ਟੀ.ਪੀ. ਸਕੀਮ C'-D- ਦੀ ਲੰਬਾਈ 290 ਫੁੱਟ ਅਤੇ ਚੌੜਾਈ 20 ਫੁੱਟ ਹੈ ਰਕਬਾ ਪ੍ਰੰਤੂ ਮੌਕੇ ਉੱਪਰ ਇਹ ਗਲੀ 144 ਫੁੱਟ ਲੰਬਾਈ ਅਤੇ 20 ਫੁੱਟ ਚੌੜਾਈ ਲੱਗੀ ਹੈ ਅਤੇ ਚੱਲ ਰਹੀ ਹੈ।

ਇਸ ਤੋਂ ਇਲਾਵਾ E'-F' ਸੜਕ ਜੋ ਕਿ ਟੀ.ਪੀ ਸਕੀਮ ਤੋਂ Extra ਲੱਗੀ ਹੈ ਦੀ ਲੰਬਾਈ ਮੌਕੇ ਅਨੁਸਾਰ 261 ਫੁੱਟ ਅਤੇ ਚੌੜਾਈ 20 ਫੁੱਟ ਹੈ।ਇਨ੍ਹਾਂ ਤੋਂ ਇਲਾਵਾ ਜੋ ਲੰਬਾਈ ਨਹੀਂ ਲੱਗੀ ਦਾ ਵੇਰਵਾ:
ਲੰਬਾਈ ਟੀ.ਪੀ ਸਕੀਮ ਮੁਤਾਬਿਕ 135 ਫੁੱਟ ਲੱਗਣੀ ਸੀ ਪ੍ਰੰਤੂ 88 ਫੁੱਟ ਲੱਗੀ ਹੈ। (135-88=47 ਫੁੱਟ)

ਲੰਬਾਈ ਟੀ.ਪੀ ਸਕੀਮ ਮੁਤਾਬਿਕ 290 ਫੁੱਟ ਲੱਗਣੀ ਸੀ ਪ੍ਰੰਤੂ 144 ਫੁੱਟ ਲੱਗੀ ਹੈ। (290-144=146 ਫੁੱਟ) = (47+146= 193 ਫੁੱਟ)
ਵਾਧੂ ਲੱਗੀ ਗਲੀ 261 ਫੁੱਟ ਲੰਬਾਈ

ਜੇਕਰ (261-193= 68 ਫੁੱਟ) ਮੌਕੇ ਦੀ ਸਥਿਤੀ ਮੁਤਾਬਿਕ ਵੇਖਿਆ ਜਾਂਦਾ ਹੈ ਤਾਂ 68 ਫੁੱਟ ×20 ਫੁੱਟ ਜਾਂ ਗਲੀ 152 ਵਰਗ ਗਜ ਸਕੀਮ ਨਾਲੋਂ ਵੱਧ ਲੱਗੀ ਹੋਈ ਹੈ। ਇਸ ਗਲੀ ਦੇ ਵਿੱਚ ਵਾਟਰ, ਸੀਵਰੇਜ਼, ਸਟਰੀਟ ਲਾਈਟ, ਬਿਜਲੀ ਮੀਟਰ, ਪੀ.ਸੀ ਪੱਕੀ ਸੜਕ ਲੁੱਕ ਵਾਲੀ ਲੱਗੀ ਹੋਈ ਹੈ।

ਨ) ਮੌਕੇ ਉੱਪਰ ਇਸ ਜਗ੍ਹਾਂ ਬਣੀਆਂ ਬਿਲਡਿੰਗਾਂ ਲੱਗਭਗ 30-40 ਸਾਲ ਪੁਰਾਣੀਆਂ ਬਣੀਆਂ ਹੋਈਆਂ ਹਨ। ਇਸ ਖਸਸਰੇ ਦੇ ਸਾਈਡਾ ਵਾਲੀਆਂ ਗਲੀਆਂ I'-J-, K'-L', ਅਤੇ M'-N' ਗਲੀਆਂ/ਸੜਕਾਂ ਟੀ.ਪੀ ਸਕੀਮ ਵਿੱਚ Existing Road/Street ਹਨ ਅਤੇ ਮੌਕੇ ਨਾਲ ਵੀ ਮੇਲ ਖਾਦੀਆਂ ਹਨ। ਜੇਕਰ ਇਸ A'-B-+C'-D' ਗਲੀ ਦੀ Amendment ਕੀਤੀ ਜਾਂਦੀ ਹੈ ਤਾਂ ਕੋਈ ਵੀ ਭੰਨ ਤੋੜ ਨਹੀਂ ਹੋਵੇਗੀ ਅਤੇ ਪਬਲਿਕ ਦੇ ਹਿੱਤ ਵਿੱਚ ਹੋਵੇਗੀ। ਇਸ ਜਗ੍ਹਾਂ ਆਉਦੀ ਬਿਲਡਿੰਗ/ਪ੍ਰਾਪਰਟੀਆਂ ਦੇ ਨਕਸ਼ੇ ਪਾਸ ਹੋਣ ਨਾਲ ਨਿਗਮ ਦਫਤਰ ਦੇ ਰੈਵਨਿਉ ਵਿੱਚ ਵੀ ਵਾਧਾ ਹੋਵੇਗਾ।

ਙ) ਉਕਤ ਗਲੀ ਦੀ Amnedment ਕਰਨ ਨਾਲ ਕਿਸੇ ਹੋਰ ਮਾਲਕ ਜਾਂ ਸੜਕ ਦੀ ਜਗ੍ਹਾ ਪ੍ਰਭਾਵਿਤ ਨਹੀਂ ਹੋਵੇਗੀ। ਇਹ ਪਬਲਿਕ ਦੀ ਹਿੱਤ ਵਿੱਚ ਰਹੇਗੀ।

ਞ) ਮੌਕੇ ਤੇ ਇਹ ਸਾਰਾ ਰਕਬਾ ਬਿੱਲਟ-ਅੱਪ ਰਕਬਾ ਹੈ।ਜੇਕਰ ਇਸ ਨੂੰ Consider ਕੀਤਾ ਜਾਂਦਾ ਹੈ ਤਾਂ ਕਿਸੇ ਵੀ ਤਰ੍ਹਾਂ ਦਾ ਕੋਈ ਨੁਕਸਾਨ ਜਾਂ ਕੋਈ ਭੱਨ ਤੋੜ ਪਬਲਿਕ ਹਿੱਤ ਵਿੱਚ ਨਹੀਂ ਹੋਵੇਗੀ।

ਉਕਤ ਏਰੀਆ ਬਿੱਲਟ-ਅੱਪ ਹੋਣ ਕਰਕੇ ਇਸ ਜਗ੍ਹਾਂ ਵਿੱਚ ਵਾਟਰ, ਸੀਵਰੇਜ਼, ਸਟਰੀਟ ਲਾਈਟਾਂ, ਲੁੱਕ ਵਾਲੀ ਸੜਕ, ਬਿਜਲੀ ਸਪਲਾਈ ਆਦਿ ਦੀਆਂ ਸਹੂਲਤਾ ਮੌਕੇ ਤੇ ਹਨ। ਮੌਕੇ ਤੇ ਹੋਈਆਂ ਉਸਾਰੀਆਂ ਨੂੰ ਪ੍ਰਵਾਨਿਤ ਸਕੀਮ ਮੁਤਾਬਿਕ ਤਬਦੀਲ ਕਰਨਾ ਆਮ ਪਬਲਿਕ ਹਿੱਤ ਵਿੱਚ ਨਹੀਂ ਹੋਵੇਗਾ ਅਤੇ ਨਾ ਹੀ ਸੰਭਵ ਹੈ।
ਉਪਰੋਕਤ ਅਨੁਸਾਰ ਸਕੀਮ ਦੀ Amnedment ਕਰਨ ਨਾਲ ਨਿਗਮ ਦਫਤਰ ਦਾ ਰੈਵੀਨਿਊ ਵਧੇਗਾ ਅਤੇ ਇਸ ਸਕੀਮ ਦੀ Amnedment ਪਬਲਿਕ ਦੇ ਹਿੱਤਾਂ ਲਈ ਉੱਚਿਤ ਹੋਵੇਗੀ।

ਉਚਿੱਤ ਹੋਵੇਗਾ ਕਿ ਕੇਸ ਜਨਰਲ ਹਾਊਸ ਵਿੱਚ ਰੱਖਣ ਤੋਂ ਪਹਿਲਾ ਆਮ ਜਨਤਾ ਦੇ ਇਤਰਾਜ ਅਤੇ ਸੁਝਾਅ ਪ੍ਰਾਪਤ ਕਰ ਲਏ ਜਾਣ, ਉਪਰੰਤ ਸਰਕਾਰ ਤੋਂ ਇਸ ਸੜਕ ਦੀ ਅਮੈਡਮੈਂਟ ਦੀ ਪ੍ਰਵਾਨਗੀ ਪ੍ਰਾਪਤ ਕਰ ਲਈ ਜਾਵੇ ਕਿਉ ਜੋ ਇਸ ਵਿੱਚ ਸੋਧ ਕਰਨ ਦਾ ਅਧਿਕਾਰ ਖੇਤਰ ਕੇਵਲ ਸਰਕਾਰ ਪਾਸ ਹੈ।

ਉਕਤ ਅਨੁਸਾਰ ਟੀ.ਪੀ. ਸਕੀਮ ਵਿੱਚ ਸੋਧ ਕਰਨ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

ਸ੍ਰ: ਹਰਮੰਦਰ ਸਿੰਘ, ਡਿਪਟੀ ਮੇਅਰ ਨੇ ਕਿਹਾ ਕਿ ਇਸੇ ਤਰ੍ਹਾਂ ਟੀ.ਪੀ. ਸਕੀਮ 3 ਪਾਰਟ 1 ਵਿੱਚ ਦਫਤਰ ਵਲੋਂ ਸਰਵੇ ਕਰਕੇ ਮੌਕੇ ਤੇ ਨਕਸ਼ਾ ਤਿਆਰ ਕੀਤਾ ਗਿਆ ਹੈ। ਉਹਨਾਂ ਇਸ ਸਕੀਮ ਵਿੱਚ ਮੌਕੇ ਅਨੁਸਾਰ ਸੋਧ ਕਰਕੇ ਕੇਸ ਸਰਕਾਰ ਪਾਸ ਭੇਜਣ ਦੀ ਮੰਗ ਕੀਤੀ।

| | |
|---|---|
| ਮਤਾ ਨੰਬਰ 236: | **ਪ੍ਰਵਾਨ ਹੈ। ਮਜ਼ੀਦ ਪਾਸ ਕੀਤਾ ਗਿਆ ਕਿ ਟੀ.ਪੀ. ਸਕੀਮ 3 ਪਾਰਟ 1 ਦਾ ਕੇਸ ਅਲਗ ਤੋਂ ਏਜੰਡਾ ਪੇਸ਼ ਕਰਕੇ ਹਾਊਸ ਦੇ ਵਿਚਾਰ ਲਈ ਭੇਜਿਆ ਜਾਵੇ।** |

**ਏਜੰਡਾ ਨੰਬਰ 3 :**

ਰਿਪੋਰਟ ਸਿਹਤ ਸ਼ਾਖਾ ਕਿ ਇੱਕ ਟਰੱਕ ਮਾਊਂਟਡ ਸਵੀਪਿੰਗ ਮਸ਼ੀਨ ਪਿਆਰਾ ਸਿੰਘ ਐਂਡ ਸੰਜ਼ ਪਿੰਡ ਅਟਾਲਨ ਜਿਲ੍ਹਾ ਲੁਧਿਆਣਾ ਵੱਲਾਂ ਪ੍ਰੋਵਾਇਡ ਕਰਵਾਈ ਗਈ ਹੈ। ਇਸ ਮਸ਼ੀਨ ਨੂੰ ਚਲਾਉਣ ਲਈ ਟੈਕਨੀਕਲ ਸਟਾਫ ਦੀ ਜਰੂਰਤ ਹੁੰਦੀ ਹੈ। ਉਕਤ ਕੰਪਨੀ ਵੱਲੋਂ ਇਸ ਮਸ਼ੀਨ ਦੀ ਆਪਰੇਸ਼ਨ ਐਂਡ ਮੈਨਟੀਨੈਂਸ ਦੀ ਪ੍ਰਪੋਜ਼ਲ ਪੇਸ਼ ਕੀਤੀ ਹੈ। ਇਸ ਪ੍ਰਪੋਜ਼ਲ ਵਿੱਚ ਕੰਪਨੀ ਵੱਲੋਂ One Driver, One Helper, All consumables, all brushes, rubber parts, lubricants, break down repairs and spares and excluding Diesel ਦੀ ਤਜਵੀਜ ਪੇਸ਼ ਕੀਤੀ ਹੈ। ਇਹ ਤਜਵੀਜ ਲਗਭਗ 77,516/- ਰੁਪਏ ਪ੍ਰਤੀ ਸਾਲ GST Extra ਅਤੇ ਹਰ ਸਾਲ 10 ਪ੍ਰਤੀਸ਼ਤ ਵਾਧੇ ਦੇ ਹਿਸਾਬ ਨਾਲ ਪੇਸ਼ ਕੀਤੀ ਗਈ ਹੈ। ਇਸ ਮਸ਼ੀਨ ਨੂੰ ਚਲਾਉਣ ਲਈ ਖਪਤ ਹੋਣ ਵਾਲਾ ਡੀਜ਼ਲ ਨਗਰ ਨਿਗਮ ਦੁਆਰਾ ਉਪਲਬੱਧ ਕਰਵਾਇਆ ਜਾਵੇਗਾ। ਜੇਕਰ ਉਕਤ ਅਨੁਸਾਰ ਪ੍ਰਵਾਨ ਹੋਵੇ ਤਾਂ ਉਕਤ ਕੰਪਨੀ ਨੂੰ ਇਸ ਮਸ਼ੀਨ ਦੀ 5 ਸਾਲਾਂ ਲਈ ਆਪਰੇਸ਼ਨ ਐਂਡ ਮੈਨਟੀਨੈਂਸ ਦੇਣ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

| | |
|---|---|
| ਮਤਾ ਨੰਬਰ 237: | **ਪਾਸ ਕੀਤਾ ਜਾਂਦਾ ਹੈ ਕਿ ਇਸ ਮਸ਼ੀਨਰੀ ਨੂੰ ਚਲਾਉਣ ਖਾਤਰ ਡਰਾਈਵਰ ਅਤੇ ਹੈਲਪਰ ਨਗਰ ਨਿਗਮ ਵੱਲੋਂ ਆਪਣੇ ਪੱਧਰ ਤੇ ਡੀ.ਸੀ. ਰੇਟਾਂ ਤੇ ਲਏ ਜਾਣ ਅਤੇ ਉਹਨਾਂ ਦੀ ਅਦਾਇਗੀ ਨਗਰ ਨਿਗਮ ਵੱਲੋਂ ਆਪਣੇ ਪੱਧਰ ਤੇ ਕੀਤੀ ਜਾਵੇ। ਇਸ ਅਨੁਸਾਰ ਤਖਮੀਨੇ ਵਿੱਚ ਦਰਜ਼ ਡਰਾਈਵਰ ਅਤੇ ਹੈਲਪਰ ਦੀ ਤਨਖਾਹ ਨੂੰ ਛੱਡ ਕੇ ਮਸ਼ੀਨਰੀ ਨੂੰ ਮੈਨਟੇਨ ਕਰਨ ਖਾਤਰ 5 ਸਾਲਾਂ ਲਈ ਆਪਰੇਸ਼ਨ ਐਂਡ ਮੈਨਟੀਨੈਂਸ ਪਿਆਰਾ ਸਿੰਘ ਐਂਡ ਸੰਜ਼ ਪਿੰਡ ਅਟਾਲਨ ਜਿਲ੍ਹਾ ਲੁਧਿਆਣਾ ਨੂੰ ਦੇਣਾ ਪ੍ਰਵਾਨ ਹੈ।** |

**ਸਹੀ/-**
**ਮੇਅਰ**
**ਨਗਰ ਨਿਗਮ,ਬਠਿੰਡਾ।**